ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 93
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 5 April, 2026) ਐਤਵਾਰ, 5 ਅਪ੍ਰੈਲ, 2026, 23 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਉੱਤਰੀ ਭਾਰਤ 'ਚ ਲੱਗੇ ਭੂਚਾਲ ਦੇ ਝਟਕੇ

ਚੰਡੀਗੜ੍ਹ , 4 ਅਪ੍ਰੈਲ (ਚ.ਨ.ਸ.):ਦਿੱਲੀ-ਐਨ.ਸੀ.ਆਰ ਸਮੇਤ ਉੱਤਰ ਭਾਰਤ ਦੇ ਕਈ ਇਲਾਕਿਆਂ ਵਿੱਚ ਅੱਜ ਰਾਤ ਵੇਲੇ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 5.9 ਮਾਪੀ ਗਈ। ਇਹ ਝਟਕੇ ਚੰਡੀਗੜ੍ਹ ਤੇ ਪੰਜਾਬ ਵਿਚ ਵੀ ਮਹਿਸੂਸ ਕੀਤੇ ਗਏ।ਦਿੱਲੀ, ਨੋਇਡਾ, ਗੁਰੂਗ੍ਰਾਮ ਅਤੇ ਨੇੜਲੇ ਇਲਾਕਿਆਂ ਵਿੱਚ ਲੋਕਾਂ ਨੇ ਕੁਝ ਸਕਿੰਟਾਂ ਲਈ ਜ਼ਮੀਨ ਅਤੇ ਘਰਾਂ ਦਾ ਸਾਮਾਨ ਹਿੱਲਦਾ ਮਹਿਸੂਸ ਕੀਤਾ। ਕਈ ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲੇ ਲੋਕ ਦਹਿਸ਼ਤ ਕਾਰਨ ਤੁਰੰਤ ਆਪਣੇ ਘਰਾਂ ਤੋਂ ਬਾਹਰ ਖੁੱਲ੍ਹੀਆਂ ਥਾਵਾਂ 'ਤੇ ਆ ਗਏ। ਸੋਸ਼ਲ ਮੀਡੀਆ 'ਤੇ ਵੀ ਲੋਕਾਂ ਨੇ ਭੂਚਾਲ ਦੇ ਆਪਣੇ ਤਜਰਬੇ ਸਾਂਝੇ ਕੀਤੇ ਹਨ। (ਬਾਕੀ ਸਫਾ 2 'ਤੇ)

ਅਮਰੀਕਾ-ਇਜ਼ਰਾਈਲ-ਈਰਾਨ ਜੰਗ

# ਤਹਿਰਾਨ ਵੱਲੋਂ ਅਮਰੀਕੀ ਟਿਕਾਣਿਆਂ ਅਤੇ ਮੇਜ਼ਬਾਨ ਦੇਸ਼ਾਂ 'ਤੇ ਹਮਲਿਆਂ ਦੀ ਚਿਤਾਵਨੀ



**ਚੜ੍ਹਦੀਕਲਾ ਬਿਊਰੋ**

ਤਹਿਰਾਨ,4 ਅਪ੍ਰੈਲ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਾਜ਼ਾ ਧਮਕੀਆਂ ਤੋਂ ਬਾਅਦ ਈਰਾਨੀ ਹਥਿਆਰਬੰਦ ਬਲਾਂ ਦੇ ਕੇਂਦਰੀ ਹੈੱਡਕੁਆਰਟਰ ਨੇ ਸੰਯੁਕਤ ਰਾਜ ਅਤੇ ਉਸ ਦੇ ਖੇਤਰੀ ਭਾਈਵਾਲਾਂ ਨੂੰ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ। ਖ਼ਾਤਮ ਅਲ-ਅੰਬੀਆ ਸੈਂਟਰਲ ਹੈੱਡਕੁਆਰਟਰ ਦੇ ਬੁਲਾਰੇ ਇਬਰਾਹਿਮ ਜ਼ੋਲਫਾਘਾਰੀ ਨੇ ਸ਼ਨਿਚਰਵਾਰ ਸਵੇਰੇ ਇੱਕ ਬਿਆਨ ਜਾਰੀ ਕਰਦਿਆਂ ਅਮਰੀਕੀ ਅਤੇ ਇਜ਼ਰਾਈਲੀ ਸੰਪਤੀਆਂ ਵਿਰੁੱਧ ਵਿਨਾਸ਼ਕਾਰੀ ਹਮਲਿਆਂ ਦੀ ਧਮਕੀ ਦਿੱਤੀ ਹੈ। ਇਹ ਚਿਤਾਵਨੀ ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ ਲਈ ਹੈ ਜੋ ਅਮਰੀਕੀ ਫੌਜੀ ਅੱਡਿਆਂ ਦੀ (ਬਾਕੀ ਸਫਾ 2 'ਤੇ)

## ਈਰਾਨ ਦੇ ਪ੍ਰਮਾਣੂ ਪਾਵਰ ਪਲਾਂਟ ਨੇੜੇ ਮਿਜ਼ਾਈਲ ਡਿੱਗਣ ਕਾਰਨ 1 ਦੀ ਮੌਤ

ਬੁਸ਼ਹਿਰ, 4 ਅਪ੍ਰੈਲ (ਚ.ਨ.ਸ.):: ਈਰਾਨ ਤੇ ਇਜ਼ਰਾਈਲ-ਅਮਰੀਕਾ ਵਿਚਾਲੇ ਜੰਗ ਦੌਰਾਨ ਸ਼ਨੀਵਾਰ ਸਵੇਰੇ ਈਰਾਨ ਦੇ ਦੱਖਣੀ ਹਿੱਸੇ ਵਿੱਚ ਸਥਿਤ ਬੁਸ਼ਹਿਰ ਪ੍ਰਮਾਣੂ ਪਾਵਰ ਪਲਾਂਟ ਦੇ ਨੇੜੇ ਇੱਕ ਮਿਜ਼ਾਈਲ ਆ ਕੇ ਡਿੱਗੀ। ਈਰਾਨੀ ਮੀਡੀਆ ਰਿਪੋਰਟਾਂ ਮੁਤਾਬਕ ਅਨੁਸਾਰ ਇਸ ਹਮਲੇ ਵਿੱਚ ਇੱਕ ਸੁਰੱਖਿਆ ਕਰਮੀ ਦੀ ਮੌਤ ਹੋ ਗਈ ਹੈ। ਹਾਲਾਂਕਿ ਹਮਲੇ ਨਾਲ ਪਲਾਂਟ ਦੇ ਮੁੱਖ ਹਿੱਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ, ਪਰ ਨੇੜੇ ਸਥਿਤ ਇੱਕ ਸਹਾਇਕ ਇਮਾਰਤ ਜ਼ਰੂਰ ਨੁਕਸਾਨੀ ਗਈ ਹੈ। ਇਸ ਹਮਲੇ ਕਾਰਨ ਪਾਵਰ ਪਲਾਂਟ (ਬਾਕੀ ਸਫਾ 2 'ਤੇ)

ਮੋਗਾ 'ਚ ਮੁੱਖ ਮੰਤਰੀ ਵੱਲੋਂ ਬਹੁ-ਕਰੋੜੀ ਪ੍ਰਾਜੈਕਟਾਂ ਦਾ ਉਦਘਾਟਨ

# ਪੰਜਾਬ ਹੁਣ ਜਲਦ ਹੀ ਬਣ ਜਾਵੇਗਾ ਦੇਸ਼ ਦਾ ਮੋਹਰੀ ਸੂਬਾ: ਮਾਨ

**ਨਿਸ਼ੀ ਮਨਚੰਦਾ**

ਮੋਗਾ, 4 ਅਪ੍ਰੈਲ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਵਿਕਾਸ ਏਜੰਡੇ ਦੀ ਪੁਸ਼ਟੀ ਕਰਦਿਆਂ ਮੋਗਾ ਵਿੱਚ ਬਹੁ- ਕਰੋੜੀ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਵਿਸਥਾਰ, ਕਿਸਾਨ ਸੁਰੱਖਿਆ ਅਤੇ ਪ੍ਰਸ਼ਾਸਕੀ ਸੁਧਾਰਾਂ 'ਤੇ ਕੇਂਦ੍ਰਿਤ ਇੱਕ ਸ਼ਾਸਨ ਮਾਡਲ ਦੀ ਰੂਪ-ਰੇਖਾ ਵੀ ਪੇਸ਼ ਕੀਤੀ।

ਇੱਥੇ ਸੂਬਾ ਪੱਧਰੀ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ ਅਤੇ ਭਾਰੀ ਜਨਤਕ ਭਾਗੀਦਾਰੀ ਸਰਕਾਰ ਦੇ ਇਮਾਨਦਾਰ ਅਤੇ ਸਾਫ਼-ਸੁਥਰੀ ਰਾਜਨੀਤੀ ਵਿੱਚ ਵਧ ਰਹੇ ਲੋਕਾਂ ਦੇ ਭਰੋਸਾ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 47 ਕਿਲੋਮੀਟਰ ਤੋਂ ਵੱਧ ਮੁੱਖ ਸੜਕੀ ਨੈੱਟਵਰਕਾਂ ਨੂੰ ਅਪਗ੍ਰੇਡ ਕਰਨ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਲੈ ਕੇ 18.80 ਕਰੋੜ ਰੁਪਏ ਦੇ ਬਿਜਲੀ ਪ੍ਰਾਜੈਕਟ ਸ਼ੁਰੂ ਕਰਨ ਅਤੇ 13 ਅਪ੍ਰੈਲ ਤੋਂ ਤਕਸੀਮ ਮੁਹਿੰਮ ਸ਼ੁਰੂ ਕਰਨ ਤੱਕ ਸਰਕਾਰ ਜ਼ਮੀਨੀ ਪੱਧਰ 'ਤੇ ਠੋਸ ਤਬਦੀਲੀ ਲਿਆ ਰਹੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਕਿਸਾਨਾਂ ਦੀ ਕਣਕ ਦੇ ਦਾਣੇ-ਦਾਣੇ ਨੂੰ ਖਰੀਦਣ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਕਾਸ਼ਤਕਾਰ ਆੜ੍ਹਤੀਆਂ ਦੇ ਰਹਿਮੋ-ਕਰਮ 'ਤੇ ਨਾ ਰਹੇ।



ਇਸ ਤਰ੍ਹਾਂ ਸੂਬਾ ਸਰਕਾਰ ਹਰ ਪਿੰਡ ਅਤੇ ਸ਼ਹਿਰ ਨੂੰ ਜੋੜਨ ਵਾਲੇ ਵਿਕਾਸ ਮਾਡਲ ਰਾਹੀਂ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਵੱਲ ਲਗਾਤਾਰ ਅੱਗੇ ਵਧ ਰਹੀ ਹੈ।

ਮੋਗਾ ਵਿੱਚ ਕਈ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਨਾਲ ਵਾਰ-ਵਾਰ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ, "ਪੰਜਾਬ ਦੇ ਲੋਕ ਅਕਾਲੀਆਂ ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ ਕਿਉਂਕਿ ਉਨ੍ਹਾਂ ਨੇ ਨਾ ਸਿਰਫ਼ ਪੰਜਾਬ ਅਤੇ ਇਥੋਂ ਦੇ ਲੋਕਾਂ ਨੂੰ ਬਰਬਾਦ ਕੀਤਾ ਹੈ, ਸਗੋਂ ਗੁਰੂਆਂ ਅਤੇ ਗੁਰਬਾਣੀ ਦਾ ਵੀ (ਬਾਕੀ ਸਫਾ 2 'ਤੇ)

ਮੁੱਖ ਮੰਤਰੀ ਵੱਲੋਂ ਬਠਿੰਡਾ ਦੇ ਐਡਵਾਂਸਡ ਕੈਂਸਰ ਇੰਸਟੀਚਿਊਟ ਦਾ ਅਚਨਚੇਤ ਦੌਰਾ

## ਸੰਸਥਾ ਨੂੰ ਵਿਸ਼ਵ ਪੱਧਰੀ ਸਿਹਤ ਸੰਭਾਲ ਕੇਂਦਰ ਵਜੋਂ ਵਿਕਸਤ ਕਰਾਂਗੇ: ਮੁੱਖ ਮੰਤਰੀ

**ਅੰਮ੍ਰਿਤਪਾਲ ਸਿੰਘ**

ਬਠਿੰਡਾ, 4 ਅਪ੍ਰੈਲ : ਪੰਜਾਬ ਵਿੱਚ ਕੈਂਸਰ ਦੇਖ ਭਾਲ ਨੂੰ ਅਪਗ੍ਰੇਡ ਕਰਨ ਲਈ ਫੈਸਲਾਕੁੰਨ ਯਤਨ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ.ਐਫ.ਯੂ.ਐਚ.ਐਸ.) ਵਿਖੇ ਐਡਵਾਂਸਡ ਕੈਂਸਰ ਇੰਸਟੀਚਿਊਟ ਦਾ ਅਚਾਨਕ ਨਿਰੀਖਣ ਕੀਤਾ ਅਤੇ ਉਨ੍ਹਾਂ ਬੁਨਿਆਦੀ ਢਾਂਚੇ, ਤਕਨਾਲੋਜੀ ਤੇ ਮਨੁੱਖੀ ਸ਼ਕਤੀ ਦੇ ਵਿਆਪਕ ਸੁਧਾਰ ਦੇ ਆਦੇਸ਼ ਦਿੱਤੇ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਲਾਜ ਦੇ ਮਿਆਰਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਤਬਦੀਲੀ ਲਈ ਸਪੱਸ਼ਟ ਦਿਸ਼ਾ ਨਿਰਧਾਰਤ ਕਰਦੇ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੰਸਥਾ ਨੂੰ ਵਿਸ਼ਵ ਪੱਧਰੀ ਸਿਹਤ ਸੰਭਾਲ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ, ਜਿਸ ਵਿੱਚ ਰੋਬੋਟਿਕ ਸਰਜਰੀ ਸਮੇਤ ਉੱਨਤ ਸਹੂਲਤਾਂ ਦੀ ਸ਼ੁਰੂਆਤ ਕੀਤੀ ਜਾਵੇਗੀ ਅਤੇ ਸਟਾਫ ਦੀ ਭਰਤੀ ਨੂੰ ਮਜ਼ਬੂਤ ਕਰਨ ਲਈ ਤੁਰੰਤ ਕਦਮ ਚੁੱਕੇ ਜਾਣਗੇ, ਜਿਸ ਦਾ ਮੰਤਵ ਮਾਲਵਾ ਖੇਤਰ ਵਿੱਚ ਮਰੀਜ਼ਾਂ ਦੀ ਦੇਖ ਭਾਲ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣਾ ਹੈ। ਹਸਪਤਾਲ ਦੇ ਅਚਾਨਕ ਦੌਰੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਸਥਾ ਦੇ ਕੰਮਕਾਜ ਦਾ (ਬਾਕੀ ਸਫਾ 2 'ਤੇ)

ਪਾਰਟੀ ਦੇ ਦੋਸ਼ਾਂ 'ਤੇ ਬੋਲੇ ਚੱਢਾ

## 'ਮੈਂ ਜ਼ਖ਼ਮੀ ਹਾਂ, ਇਸ ਲਈ ਘਾਤਕ ਹਾਂ'

ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ.): ਆਮ ਆਦਮੀ ਪਾਰਟੀ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਵਿਚਾਲੇ ਚੱਲ ਰਹੀ ਜੰਗ ਸ਼ਨੀਵਾਰ ਨੂੰ ਉਸ ਵੇਲੇ ਹੋਰ ਭਖ ਗਈ ਜਦੋਂ ਚੱਢਾ ਨੇ ਫ਼ਿਲਮ 'ਧੁਰੰਦਰ' ਦਾ ਮਸ਼ਹੂਰ ਡਾਇਲੌਗ ਮੈਂ ਘਾਇਲ ਹਾਂ ਇਸ ਲਈ ਘਾਤਕ ਹਾਂ ਵਰਤ ਕੇ ਆਪਣੀ ਹੀ ਪਾਰਟੀ 'ਤੇ ਨਿਸ਼ਾਨਾ ਸੇਧਿਆ। ਇੱਕ ਵੀਡੀਓ ਬਿਆਨ ਜਾਰੀ ਕਰਦਿਆਂ ਉਨ੍ਹਾਂ ਨੇ ਪਾਰਟੀ ਵੱਲੋਂ ਲਾਏ ਗਏ ਤਿੰਨ ਮੁੱਖ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਰਾਜ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਚੱਢਾ ਨੇ ਚੁਣੌਤੀ ਦਿੰਦਿਆਂ ਕਿਹਾ ਕਿ ਪਾਰਟੀ (ਬਾਕੀ ਸਫਾ 2 'ਤੇ)



## ਪੰਜਾਬ ਵਿੱਚ ਪ੍ਰਮਾਣੂ ਪਾਵਰ ਪ੍ਰੋਜੈਕਟ ਲਗਾਉਣ ਦੀ ਕੋਈ ਯੋਜਨਾ ਨਹੀਂ : ਕੇਂਦਰ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 4 ਅਪ੍ਰੈਲ : ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਵਿੱਚ ਪਟਿਆਲਾ ਸਮੇਤ ਕਿਸੇ ਵੀ ਹੋਰ ਥਾਂ 'ਤੇ ਪ੍ਰਮਾਣੂ ਪਾਵਰ ਪਲਾਂਟ ਲਗਾਉਣ ਦੀ ਫਿਲਹਾਲ ਕੋਈ ਯੋਜਨਾ ਨਹੀਂ ਹੈ। ਇਹ ਜਾਣਕਾਰੀ ਰਾਜ ਸਭਾ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਦਿੱਤੀ ਗਈ।

ਸਵਾਲ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਪ੍ਰਮਾਣੂ ਊਰਜਾ ਵਿਭਾਗ ਦੇਖਣ ਵਾਲੇ ਕੇਂਦਰੀ ਰਾਜ ਮੰਤਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਵਿੱਚ ਪ੍ਰਮਾਣੂ ਪਾਵਰ ਪਲਾਂਟ ਲਗਾਉਣ ਬਾਰੇ ਫਿਲਹਾਲ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸਰਕਾਰ ਕੋਲ ਇਸ ਸਮੇਂ ਅਜਿਹਾ ਕੋਈ ਪ੍ਰਸਤਾਵ ਨਹੀਂ ਹੈ।ਉਨ੍ਹਾਂ ਦੱਸਿਆ ਕਿ ਸਾਲ 2000 ਦੇ ਸ਼ੁਰੂ ਵਿੱਚ ਪਟਿਆਲਾ ਦੇ ਪਾਤੜਾਂ ਨੂੰ ਪ੍ਰਮਾਣੂ ਪਲਾਂਟ ਲਈ ਢੁਕਵਾਂ ਪਾਇਆ ਗਿਆ ਸੀ ਪਰ 2007 ਵਿੱਚ ਉਸ ਵੇਲੇ ਦੀ ਸਰਕਾਰ ਵੱਲੋਂ ਕੋਈ ਫੈਸਲਾ ਨਾ ਲੈਣ ਕਾਰਨ ਇਹ ਪ੍ਰੋਜੈਕਟ ਅੱਗੇ ਨਹੀਂ ਵਧ ਸਕਿਆ।

ਕੇਂਦਰ ਨੇ ਸਾਫ਼ ਕੀਤਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਕਿਤੇ ਵੀ ਪ੍ਰਮਾਣੂ ਊਰਜਾ ਲਈ ਕਿਸੇ ਹੋਰ ਥਾਂ ਦਾ ਮੁਲਾਂਕਣ ਨਹੀਂ ਕੀਤਾ (ਬਾਕੀ ਸਫਾ 2 'ਤੇ)

ਤਿਰੂਵੱਲਾ 'ਚ ਬੋਲੇ ਪ੍ਰਧਾਨ ਮੰਤਰੀ

# ਖਾੜੀ ਦੇਸ਼ਾਂ ਨੂੰ ਭਾਰਤ ਖ਼ਿਲਾਫ਼ ਭੜਕਾ ਰਹੀ ਹੈ ਕਾਂਗਰਸ: ਮੋਦੀ

**ਚੜ੍ਹਦੀਕਲਾ ਬਿਊਰੋ**

ਤਿਰੂਵੱਲਾ, (ਕੇਰਲਾ),4 ਅਪ੍ਰੈਲ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਕੇਰਲਾ ਦੇ ਤਿਰੂਵੱਲਾ ਵਿੱਚ ਇੱਕ ਚੋਣ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਾਂਗਰਸ ਅਤੇ ਸੂਬੇ ਦੀ ਮੌਜੂਦਾ ਐਲ. ਡੀ. ਐਫ. ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਪੀ. ਐੱਮ. ਮੋਦੀ ਨੇ ਭਵਿੱਖਬਾਣੀ ਕੀਤੀ ਕਿ ਕੇਰਲਾ ਵਿੱਚ ਦਹਾਕਿਆਂ ਤੋਂ ਚੱਲ ਰਹੇ ਕੁਸ਼ਾਸਨ ਦਾ ਹੁਣ ਅੰਤ ਹੋਣ ਵਾਲਾ ਹੈ ਅਤੇ ਸੂਬੇ ਵਿੱਚ ਪਹਿਲੀ ਵਾਰ ਭਾਜਪਾ-ਐੱਨ.ਡੀ.ਏ. ਦੀ ਸਰਕਾਰ ਬਣਨ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਚਾਹੁੰਦੀ ਹੈ ਕਿ ਪੱਛਮੀ ਏਸ਼ੀਆ (ਗਲਫ ਦੇਸ਼) ਭਾਰਤ ਨੂੰ ਆਪਣਾ ਦੁਸ਼ਮਣ ਸਮਝ ਲੈਣ। ਉਨ੍ਹਾਂ ਕਿਹਾ, 'ਕਾਂਗਰਸ ਚਾਹੁੰਦੀ ਹੈ ਕਿ ਅਸੀਂ ਇੱਥੇ ਕੋਈ ਅਜਿਹਾ ਬਿਆਨ ਦੇਈਏ ਜਿਸ ਨਾਲ ਖਾੜੀ ਦੇਸ਼



ਨਾਰਾਜ਼ ਹੋ ਜਾਣ ਅਤੇ ਉੱਥੋਂ ਭਾਰਤੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ'। ਮੋਦੀ ਅਨੁਸਾਰ ਕਾਂਗਰਸ ਅਜਿਹਾ ਇਸ ਲਈ ਕਰ ਰਹੀ ਹੈ ਤਾਂ ਜੋ ਦੇਸ਼ ਵਿੱਚ ਦਹਿਸ਼ਤ ਫੈਲੇ ਅਤੇ ਉਨ੍ਹਾਂ ਨੂੰ ਮੋਦੀ ਨੂੰ ਗਾਲ੍ਹਾਂ ਕੱਢਣ ਦਾ ਮੌਕਾ ਮਿਲੇ। ਉਨ੍ਹਾਂ ਸਪੱਸ਼ਟ ਕੀਤਾ ਕਿ ਰਾਜਨੀਤੀ ਆਪਣੀ ਜਗ੍ਹਾ ਹੈ, ਪਰ ਉਨ੍ਹਾਂ ਲਈ ਕੇਰਲਾ ਦੇ ਲੋਕਾਂ ਦੀ ਸੁਰੱਖਿਆ ਸਭ ਤੋਂ ਵੱਡੀ ਵਚਨਬੱਧਤਾ ਹੈ।

ਪੀ. ਐੱਮ. ਮੋਦੀ ਨੇ ਕਿਹਾ ਕਿ ਕੇਰਲ ਦੀ ਜਨਤਾ ਹੁਣ ਬਦਲਾਅ ਚਾਹੁੰਦੀ ਹੈ ਅਤੇ ਇਸ ਵਾਰ ਐਲ. ਡੀ. ਐਫ. ਤੇ ਯੂ. ਡੀ. ਐਫ. ਦੋਵਾਂ ਨੂੰ ਹੀ ਸੂਬੇ 'ਚੋਂ ਬਾਹਰ ਦਾ ਰਸਤਾ ਦਿਖਾਇਆ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ 9 ਅਪ੍ਰੈਲ ਨੂੰ ਵੋਟਿੰਗ ਹੋਵੇਗੀ ਅਤੇ 4 ਮਈ ਨੂੰ ਕੁਸ਼ਾਸਨ ਦੇ ਅੰਤ ਦੀ ਘੋਸ਼ਣਾ ਹੋਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਭਗਵਾਨ ਨੇ ਕੇਰਲਾ ਨੂੰ ਅਪਾਰ (ਬਾਕੀ ਸਫਾ 2 'ਤੇ)

ਆੜ੍ਹਤੀਆਂ ਦੀ ਹੜਤਾਲ ਵਿਚਾਲੇ ਮਾਨ ਦਾ ਵੱਡਾ ਪੈਂਤੜਾ

## ਹੁਣ ਸਹਿਕਾਰੀ ਸਭਾਵਾਂ ਕਰਨਗੀਆਂ ਆੜ੍ਹਤ !

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 4 ਅਪ੍ਰੈਲ : ਮੁੱਖ ਮੰਤਰੀ ਭਗਵੰਤ ਮਾਨ ਨੇ ਆੜ੍ਹਤੀਆਂ ਦੀ ਹੜਤਾਲ ਦੌਰਾਨ ਹੁਣ ਪੰਜਾਬ 'ਚ ਪੇਂਡੂ ਸਹਿਕਾਰੀ ਸਭਾਵਾਂ ਨੂੰ ਵੀ ਆੜ੍ਹਤ ਦੇ ਕਾਰੋਬਾਰ 'ਚ ਉਤਾਰਨ ਦਾ ਪੈਂਤੜਾ ਲਿਆ ਹੈ ਜਿਸ ਨੂੰ ਆੜ੍ਹਤ ਦੇ ਬਦਲਵੇਂ ਪ੍ਰਬੰਧ ਵਜੋਂ ਵੀ ਦੇਖਿਆ ਜਾ ਰਿਹਾ ਹੈ।

**ਪੰਜਾਬ ਹਿਤ 'ਚ ਕੰਮ ਕਰਨ ਵਾਲੇ ਆੜ੍ਹਤੀਆਂ ਲਈ 'ਪ੍ਰੋਤਸਾਹਨ ਨੀਤੀ'**

ਅਹਿਮ ਸੂਤਰਾਂ ਅਨੁਸਾਰ ਮੁੱਖ ਮੰਤਰੀ ਮਾਨ ਜਿਨ੍ਹਾਂ ਕੋਲ ਸਹਿਕਾਰਤਾ ਵਿਭਾਗ ਵੀ ਹੈ, ਨੇ ਅੱਜ ਮਹਿਕਮੇ ਨੂੰ ਨਿਰਦੇਸ਼ ਦਿੱਤੇ ਹਨ ਕਿ ਉਨ੍ਹਾਂ ਪੇਂਡੂ ਸਹਿਕਾਰੀ ਸਭਾਵਾਂ ਦੀ ਸੂਚੀ ਤਿਆਰ ਕੀਤੀ ਜਾਵੇ ਜਿਨ੍ਹਾਂ ਨੂੰ ਸਹਿਕਾਰੀ ਸਭਾਵਾਂ ਦੀ ਵਿੱਤੀ ਸਥਿਤੀ ਮਜ਼ਬੂਤ ਕਰਨ ਦੇ ਹਿਤ ਆੜ੍ਹਤ ਦੇ ਕਾਰੋਬਾਰ ਦੀ ਜ਼ਿੰਮੇਵਾਰੀ ਵੀ ਦਿੱਤੀ ਜਾ ਸਕਦੀ ਹੈ। ਚੇਤੇ ਰਹੇ ਕਿ ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਆਫ਼ ਪੰਜਾਬ ਦੀ ਅਗਵਾਈ 'ਚ ਆੜ੍ਹਤੀਆਂ ਨੇ ਪਹਿਲੀ ਅਪ੍ਰੈਲ ਤੋਂ ਹੜਤਾਲ ਕੀਤੀ ਹੋਈ ਹੈ ਅਤੇ ਉਹ ਢਾਈ ਫ਼ੀਸਦੀ ਆੜ੍ਹਤ ਦੀ ਮੰਗ ਕਰ ਰਹੇ ਹਨ। ਪੰਜਾਬ ਦੇ ਆੜ੍ਹਤੀਆਂ ਦਾ ਵਫ਼ਦ ਦੋ ਦਿਨ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਵੀ ਮਿਲਿਆ ਸੀ ਜਿਸ ਮਗਰੋਂ ਭਗਵੰਤ ਮਾਨ ਨੇ ਆੜ੍ਹਤੀਆਂ ਨੂੰ ਹਰਿਆਣਾ 'ਚ ਆੜ੍ਹਤ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ। ਮਾਮਲਾ ਹੁਣ ਭਖਣਾ ਸ਼ੁਰੂ ਹੋ ਗਿਆ ਹੈ ਅਤੇ ਇੱਧਰ ਮੁੱਖ ਮੰਤਰੀ ਮਾਨ ਸਖ਼ਤ ਰੌਂਅ 'ਚ ਨਜ਼ਰ ਆ ਰਹੇ ਹਨ। 'ਆਪ' ਸਰਕਾਰ ਦੇ (ਬਾਕੀ ਸਫਾ 2 'ਤੇ)

ਚੰਡੀਗੜ੍ਹ ਗ੍ਰਨੇਡ ਹਮਲਾ

## ਪੰਜਾਬ ਪੁਲਿਸ ਵੱਲੋਂ ਹੈਂਡ ਗ੍ਰਨੇਡ ਤੇ ਜ਼ਿਗਾਨਾ ਪਿਸਤੌਲ ਸਮੇਤ ਪੰਜ ਗ੍ਰਿਫ਼ਤਾਰ



**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 4 ਅਪ੍ਰੈਲ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਚੰਡੀਗੜ੍ਹ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਤਹਿਤ ਚੰਡੀਗੜ੍ਹ ਗ੍ਰਨੇਡ ਹਮਲੇ ਵਿੱਚ ਸ਼ਾਮਲ ਪੰਜ ਮੁਲਜ਼ਮਾਂ ਨੂੰ ਇੱਕ ਹੈਂਡ ਗ੍ਰਨੇਡ ਅਤੇ ਇੱਕ .30 ਬੋਰ ਜ਼ਿਗਾਨਾ ਪਿਸਤੌਲ ਸਮੇਤ ਗੋਲੀ-ਸਿੱਕੇ ਨਾਲ ਗ੍ਰਿਫ਼ਤਾਰ ਕਰਕੇ ਇਸ ਵਾਰਦਾਤ ਦੀ ਗੁੱਥੀ ਨੂੰ ਸਫਲਤਾਪੂਰਵਕ ਸੁਲਝਾ ਲਿਆ ਹੈ। ਇਹ (ਬਾਕੀ ਸਫਾ 2 'ਤੇ)

## ਈਰਾਨੀ ਤੇਲ ਟੈਂਕਰ ਦੇ ਚੀਨ ਵੱਲ ਮੁੜਨ ਪਿੱਛੇ ਭੁਗਤਾਨ ਸਬੰਧੀ ਦਾਅਵੇ ਗ਼ਲਤ: ਕੇਂਦਰ

ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ.): ਕੇਂਦਰ ਸਰਕਾਰ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ ਲਈ ਭੁਗਤਾਨ ਦੀ ਕੋਈ ਸਮੱਸਿਆ ਨਹੀਂ ਹੈ ਅਤੇ ਰਿਫਾਇਨਰੀਆਂ ਈਰਾਨ ਦੇ ਨਾਲ-ਨਾਲ ਦੁਨੀਆਂ ਭਰ ਦੇ ਹੋਰ ਸਪਲਾਇਰਾਂ ਤੋਂ ਤੇਲ ਮੰਗਵਾਉਣਾ ਜਾਰੀ ਰੱਖ ਰਹੀਆਂ ਹਨ।

ਸਰਕਾਰ ਨੇ ਦੱਸਿਆ ਕਿ ਭਾਰਤ 40 ਤੋਂ ਵੱਧ ਦੇਸ਼ਾਂ ਤੋਂ ਕੱਚਾ ਤੇਲ ਮੰਗਵਾਉਂਦਾ ਹੈ। ਤੇਲ ਕੰਪਨੀਆਂ ਕੋਲ ਪੂਰੀ ਖੁੱਲ੍ਹ ਹੈ ਕਿ ਉਹ ਆਪਣੀਆਂ ਵਪਾਰਕ ਲੋੜਾਂ ਅਨੁਸਾਰ ਕਿਸੇ ਵੀ ਦੇਸ਼ ਜਾਂ ਖੇਤਰ ਤੋਂ ਤੇਲ ਦੀ ਖਰੀਦ ਕਰ ਸਕਦੀਆਂ ਹਨ।ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਜਿਨ੍ਹਾਂ ਵਿੱਚ ਕਿਹਾ ਗਿਆ ਸੀ (ਬਾਕੀ ਸਫਾ 2 'ਤੇ)

ਪਾਕਿ ਦੀ ਭਾਰਤ ਨੂੰ ਗਿੱਦੜ ਭਬਕੀ

## 'ਘਰ 'ਚ ਵੜ ਕੇ ਮਾਰਾਂਗੇ, ਜੰਗ ਹੁਣ 250 ਕਿਲੋਮੀਟਰ ਤੱਕ ਸੀਮਤ ਨਹੀਂ"

**ਚੜ੍ਹਦੀਕਲਾ ਬਿਊਰੋ**

ਇਸਲਾਮਾਬਾਦ/ਨਵੀਂ ਦਿੱਲੀ, 4 ਅਪ੍ਰੈਲ : ਈਰਾਨ-ਇਜ਼ਰਾਈਲ ਜੰਗ ਦਰਮਿਆਨ ਪਾਕਿਸਤਾਨ ਦੇ ਤੇਵਰ ਬਦਲੇ ਹੋਏ ਨਜ਼ਰ ਆ ਰਹੇ ਹਨ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਭਾਰਤ ਨੂੰ ਸਿੱਧੀ ਧਮਕੀ ਦਿੰਦਿਆਂ ਕਿਹਾ ਹੈ ਕਿ ਜੇਕਰ ਇਸ ਵਾਰ ਦੋਵਾਂ ਦੇਸ਼ਾਂ ਵਿਚਾਲੇ ਕੋਈ ਸੰਘਰਸ਼ ਹੁੰਦਾ ਹੈ, ਤਾਂ ਉਹ ਸਿਰਫ 200-250 ਕਿਲੋਮੀਟਰ ਦੇ ਦਾਇਰੇ ਤੱਕ ਸੀਮਤ ਨਹੀਂ ਰਹੇਗਾ। ਆਸਿਫ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨੀ ਫੌਜਾਂ ਭਾਰਤੀ ਖੇਤਰ ਦੇ ਅੰਦਰ ਵੜ ਕੇ ਵਾਰ ਕਰਨਗੀਆਂ ਅਤੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਮਾਰਨਗੀਆਂ। ਪਾਕਿਸਤਾਨੀ ਰੱਖਿਆ ਮੰਤਰੀ ਦਾ ਇਹ ਹਮਲਾਵਰ ਬਿਆਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਉਸ ਚਿਤਾਵਨੀ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਪਾਕਿਸਤਾਨ ਨੂੰ



ਕਿਸੇ ਵੀ ਗਲਤੀ ਦਾ 'ਨਿਰਣਾਇਕ' ਜਵਾਬ ਦੇਣ ਦੀ ਗੱਲ ਕਹੀ ਸੀ। ਰਾਜਨਾਥ ਸਿੰਘ ਨੇ ਹਾਲ ਹੀ ਵਿੱਚ ਕੇਰਲ ਵਿੱਚ ਇੱਕ ਸਮਾਗਮ ਦੌਰਾਨ ਪਾਕਿਸਤਾਨ ਨੂੰ ਸਖ਼ਤ ਸਬਕ ਸਿਖਾਉਣ ਦੀ ਚਿਤਾਵਨੀ ਦਿੱਤੀ ਸੀ। ਇਹ ਤਣਾਅ ਪਿਛਲੇ ਸਾਲ ਅਪ੍ਰੈਲ, 2025 ਵਿੱਚ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ 26 ਬੇਗੁਨਾਹ ਲੋਕਾਂ ਦੀ ਜਾਨ ਗਈ ਸੀ। ਇਸ ਦੇ ਜਵਾਬ ਵਿੱਚ ਭਾਰਤੀ ਫੌਜ ਨੇ 'ਅਪ੍ਰੇਸ਼ਨ ਸਿੰਦੂਰ' (ਬਾਕੀ ਸਫਾ 2 'ਤੇ)

## ਪੋਪ ਲਿਓ ਵੱਲੋਂ ਜੰਗ ਛੇੜਨ ਵਾਲਿਆਂ ਨੂੰ ਚਿਤਾਵਨੀ: ਸਭ ਨੂੰ ਦੇਣਾ ਪਵੇਗਾ ਰੱਬ ਨੂੰ ਜਵਾਬ..!

ਰੋਮ, 4 ਅਪ੍ਰੈਲ (ਚ.ਨ.ਸ.): ਧਾਰਮਿਕ ਗੁਰੂ ਪੋਪ ਲਿਓ ਆਪਣੇ ਕਾਰਜਕਾਲ ਦੇ ਪਹਿਲੇ ਈਸਟਰ ਦੀਆਂ ਤਿਆਰੀਆਂ ਕਰ ਰਹੇ ਹਨ ਪਰ ਉਨ੍ਹਾਂ ਦੇ ਸਾਹਮਣੇ ਇਸ ਵੇਲੇ ਸਭ ਤੋਂ ਵੱਡੀ ਚੁਣੌਤੀ ਅਮਰੀਕਾ ਦਾ ਉਹ 'ਧਾਰਮਿਕ ਰਾਸ਼ਟਰਵਾਦ' ਹੈ ਜੋ ਜੰਗ ਨੂੰ ਰੱਬ ਦੀ ਮਰਜ਼ੀ ਦੱਸ ਰਿਹਾ ਹੈ। ਵੈਟੀਕਨ ਅਤੇ ਟਰੰਪ ਪ੍ਰਸ਼ਾਸਨ ਵਿਚਾਲੇ 'ਪਰਮਾਤਮਾ ਦੇ ਸਰੂਪ' ਨੂੰ ਲੈ ਕੇ ਇੱਕ ਅਜਿਹੀ ਬਹਿਸ ਛਿੜ ਗਈ ਹੈ, ਜੋ ਦੁਨੀਆਂ ਭਰ ਦੇ ਈਸਾਈਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਸਕਦੀ ਹੈ। ਟਰੰਪ ਦੇ ਕਰੀਬੀ ਅਤੇ ਪ੍ਰਮੁੱਖ ਪ੍ਰਚਾਰਕ ਫਰੈਂਕਲਿਨ ਗ੍ਰਾਹਮ ਨੇ ਹਾਲ ਹੀ ਵਿੱਚ ਪੈਂਟਾਗਨ ਵਿੱਚ ਇੱਕ ਪ੍ਰਾਰਥਨਾ ਸਭਾ ਦੌਰਾਨ ਕਿਹਾ ਸੀ ਕਿ ਰੱਬ ਸਿਰਫ਼ ਪਿਆਰ ਦਾ ਹੀ ਨਹੀਂ, ਸਗੋਂ 'ਨਫ਼ਰਤ ਅਤੇ ਜੰਗ' ਦਾ ਵੀ ਦੇਵਤਾ ਹੈ। ਉਨ੍ਹਾਂ ਅਮਰੀਕੀ ਫੌਜੀ ਕਾਰਵਾਈਆਂ ਨੂੰ ਰੱਬੀ ਇਨਸਾਫ਼ (ਬਾਕੀ ਸਫਾ 2 'ਤੇ)




## ਭਾਰਤੀ ਸੋਸ਼ਲ ਮੀਡੀਆ ਯੂਜ਼ਰ ਫੇਕ ਕੰਟੈਂਟ ਤੋਂ ਬਚਣ ਅਤੇ ਤੱਥਾਂ 'ਤੇ ਆਧਾਰਿਤ ਬਹਿਸ ਸੁਣਨ

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

### ਪ੍ਰੈਸ ਕਲੱਬ ਆਫ਼ ਇੰਡੀਆ ਨੇ ਇਸ ਨੂੰ 'ਆਨਲਾਈਨ ਸੈਂਸਰਸ਼ਿਪ' ਕਿਹਾ ਅਤੇ ਇਸਨੂੰ ਆਜ਼ਾਦੀ ਆਵਾਜ਼ ਲਈ ਗੰਭੀਰ ਖ਼ਤਰਾ ਦੱਸਿਆ

ਅੱਜ ਇਸ ਤੇਜ਼ ਸਮੇਂ ਵਿੱਚ ਭਾਰਤੀ ਸੋਸ਼ਲ ਮੀਡੀਆ ਯੂਜ਼ਰ ਹੁਣ ਫੇਕ ਕੰਟੈਂਟ ਤੋਂ ਬਚਣ ਅਤੇ ਤੱਥਾਂ 'ਤੇ ਆਧਾਰਿਤ ਬਹਿਸ ਹੀ ਸੁਣਨ।ਇਸ ਤਰ੍ਹਾਂ ਹੀ ਭਾਰਤ ਇੱਕ ਮਜ਼ਬੂਤ ਲੋਕਤੰਤਰ ਵਜੋਂ ਆਪਣੀ ਡਿਜੀਟਲ ਤਾਕਤ ਨੂੰ ਬਣਾਈ ਰੱਖ ਸਕਦਾ ਹੈ।

ਭਾਰਤ ਵਿੱਚ ਡਿਜੀਟਲ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ 'ਤੇ ਹਾਲ ਹੀ ਵਿੱਚ ਹੋਈਆਂ ਕਾਰਵਾਈਆਂ ਨੇ ਅੰਤਰਰਾਸ਼ਟਰੀ ਮੀਡੀਆ ਦਾ ਧਿਆਨ ਖਿੱਚਿਆ ਹੈ। ਇਸ ਵਿੱਚ ਦਿ ਡਿਪਲੋਮੈਟ ਵਰਗੀ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਇੱਕ ਵੀਡੀਓ ਰੀਲ (ਕਾਮੇਡੀਅਨ ਪੁਲਕਿਤ ਮਾਨੀ ਵੱਲੋਂ ਬਣਾਈ ਗਈ) ਨੂੰ ਹਟਾ ਦਿੱਤਾ ਗਿਆ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ੀ ਨੇਤਾਵਾਂ ਨਾਲ ਮੀਟਿੰਗਾਂ ਦੌਰਾਨ ਵਿਵਹਾਰ (ਜਿਵੇਂ ਭਰਪੂਰ ਆਲਿੰਗਨ, ਹਾਸੀ ਆਦਿ) ਦਾ ਮਜ਼ਾਕ ਉਡਾਇਆ ਗਿਆ ਸੀ। ਇਸ ਤੋਂ ਇਲਾਵਾ ਡੀਡਬਲਯੂ (ਡੀਡਬਲਯੂ ਹਿੰਦੀ) ਅਤੇ ਹੋਰ ਸਰੋਤਾਂ ਅਨੁਸਾਰ ਕਈ ਨਿਊਜ਼ ਪਲੇਟਫਾਰਮਾਂ (ਜਿਵੇਂ ਨੈਸ਼ਨਲ ਦਸਤਕ, ਮੋਲਿਟਿਕਸ), ਫੈਕਟ-ਚੈਕਰ ਮੁਹੰਮਦ ਜ਼ੁਬੈਰ ਅਤੇ ਵਿਅੰਗਾਤਮਕ ਖਾਤਿਆਂ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ।

ਉਧਰ ਪ੍ਰੈਸ ਕਲੱਬ ਆਫ਼ ਇੰਡੀਆ ਨੇ ਇਸਨੂੰ 'ਆਨਲਾਈਨ ਸੈਂਸਰਸ਼ਿਪ' ਕਿਹਾ ਅਤੇ ਇਸਨੂੰ ਆਜ਼ਾਦੀ ਆਪਣੀ ਆਵਾਜ਼ ਲਈ ਗੰਭੀਰ ਖ਼ਤਰਾ ਦੱਸਿਆ ਹੈ।




ਮੇਰੀ ਰਾਏ ਵਿੱਚ ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਭਾਰਤ ਇੱਕ ਵੱਡਾ ਲੋਕਤੰਤਰੀ ਰਾਸ਼ਟਰ ਹੈ, ਜਿੱਥੇ ਸੰਵਿਧਾਨ ਦੀ ਧਾਰਾ 19(1)(a) ਤਹਿਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਇੱਕ ਮੁੱਢਲਾ ਅਧਿਕਾਰ ਹੈ। ਵਿਅੰਗ, ਟਿੱਪਣੀ ਜਾਂ ਰਾਜਨੀਤਕ ਵਿਵਹਾਰ 'ਤੇ ਹਾਸੇ-ਮਜ਼ਾਕ ਨੂੰ ਆਮ ਤੌਰ 'ਤੇ ਲੋਕਤੰਤਰੀ ਵਿਵਸਥਾ ਦਾ ਹਿੱਸਾ ਮੰਨਿਆ ਜਾਂਦਾ ਹੈ। ਜੇਕਰ ਇੱਕ ਵੀਡੀਓ 16 ਮਿਲੀਅਨ ਵਿਊਜ਼ ਤੱਕ ਪਹੁੰਚ ਜਾਵੇ ਅਤੇ ਫਿਰ ਇਸਨੂੰ 'ਕਾਨੂੰਨੀ ਮੰਗ' ਤਹਿਤ ਹਟਾ ਦਿੱਤਾ ਜਾਵੇ ਤਾਂ ਇਸ ਨਾਲ ਲੋਕਾਂ ਵਿੱਚ ਇੱਕ 'ਚਿਲਿੰਗ ਇਫੈਕਟ' ਪੈਦਾ ਹੁੰਦਾ ਹੈ — ਯਾਨੀ ਲੋਕ ਡਰ ਕੇ ਆਪਣੀ ਰਾਏ ਪ੍ਰਗਟ ਕਰਨ ਤੋਂ ਗੁਰੇਜ਼ ਕਰਨ ਲੱਗਦੇ ਹਨ। ਇਸ ਤਰ੍ਹਾਂ ਦੀਆਂ ਕਾਰਵਾਈਆਂ ਨਾਲ ਆਲੋਚਨਾ ਨੂੰ ਦਬਾਉਣ ਵਾਲਾ ਮਾਹੌਲ ਬਣਦਾ ਹੈ, ਜੋ ਲੋਕਤੰਤਰ ਲਈ ਸਿਹਤਮੰਦ ਨਹੀਂ ਹੈ। (ਬਾਕੀ ਸਫਾ 2 'ਤੇ)

## ਖੂਹ 'ਚ ਕਾਰ ਡਿੱਗਣ ਕਾਰਨ 6 ਬੱਚਿਆਂ ਸਣੇ ਇੱਕੋ ਪਰਿਵਾਰ ਦੇ 9 ਜੀਆਂ ਦੀ ਮੌਤ

ਨਾਸਿਕ, 4 ਅਪ੍ਰੈਲ (ਚ.ਨ.ਸ.): ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਇੱਕ ਕਾਰ ਖੂਹ ਵਿੱਚ ਡਿੱਗਣ ਕਾਰਨ ਛੇ ਬੱਚਿਆਂ ਸਮੇਤ ਨੌਂ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਸ਼ੁੱਕਰਵਾਰ ਰਾਤ 10 ਵਜੇ ਦੇ ਕਰੀਬ ਡਿੰਡੋਰੀ ਕਸਬੇ ਦੇ ਸ਼ਿਵਾਜੀ ਨਗਰ ਇਲਾਕੇ ਵਿੱਚ ਵਾਪਰਿਆ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਰਿਵਾਰ ਇੱਕ ਬੈਂਕੁਇਟ ਹਾਲ ਵਿੱਚ ਇੱਕ ਫੰਕਸ਼ਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਘਰ ਵਾਪਸ ਆ ਰਹੇ ਸਨ ਜਦੋਂ ਉਨ੍ਹਾਂ ਦੀ ਕਾਰ ਘਟਨਾ ਵਾਲੀ ਥਾਂ ਦੇ ਨੇੜੇ ਇੱਕ ਖੂਹ ਵਿੱਚ ਡਿੱਗ ਗਈ। ਲੋਕ ਮੌਕੇ 'ਤੇ ਪਹੁੰਚੇ ਅਤੇ ਦੋ ਕ੍ਰੇਨਾਂ ਅਤੇ ਤੈਰਾਕਾਂ ਦੀ ਮਦਦ ਨਾਲ ਅੱਧੀ ਰਾਤ ਦੇ ਕਰੀਬ ਕਾਰ ਅਤੇ ਉਸ ਵਿੱਚ ਸਵਾਰ ਲੋਕਾਂ ਨੂੰ ਬਾਹਰ ਕੱਢਿਆ। ਮ੍ਰਿਤਕ ਦੇਹਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਿਸ ਮੁਤਾਬਕ ਮ੍ਰਿਤਕਾਂ ਦੀ ਪਛਾਣ ਸੁਨੀਲ ਦੱਤੂ ਦਰਗੁੜੇ (32), ਉਸ (ਬਾਕੀ ਸਫਾ 2 'ਤੇ)



## ਉੱਤਰੀ ਭਾਰਤ 'ਚ ਲੱਗੇ ਭੂਚਾਲ ਦੇ ਝਟਕੇ

ਸ਼ੁਰੂਆਤੀ ਜਾਣਕਾਰੀ ਅਨੁਸਾਰ ਇਸ ਭੂਚਾਲ ਦਾ ਕੇਂਦਰ ਹਿੰਦੂ ਕੁਸ਼ ਖੇਤਰ (ਅਫ਼ਗਾਨਿਸਤਾਨ-ਤਾਜਿਕਸਤਾਨ ਸਰਹੱਦ ਦੇ ਨੇੜੇ) ਦੱਸਿਆ ਜਾ ਰਿਹਾ ਹੈ। ਇਸ ਦੀ ਡੂੰਘਾਈ ਜ਼ਮੀਨ ਤੋਂ ਲਗਪਗ 175 ਕਿਲੋਮੀਟਰ ਹੇਠਾਂ ਸੀ। ਜ਼ਿਆਦਾ ਡੂੰਘਾਈ ਹੋਣ ਕਾਰਨ ਇਸ ਦੇ ਝਟਕੇ ਦੂਰ-ਦੂਰ ਤੱਕ ਮਹਿਸੂਸ ਕੀਤੇ ਗਏ ਹਨ।

ਫਿਲਹਾਲ ਦਿੱਲੀ ਜਾਂ ਉੱਤਰ ਭਾਰਤ ਦੇ ਕਿਸੇ ਵੀ ਹਿੱਸੇ ਤੋਂ ਕਿਸੇ ਵੱਡੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ। ਪ੍ਰਸ਼ਾਸਨ ਸਥਿਤੀ ਦੀ ਜਾਂਚ ਕਰ ਰਿਹਾ ਹੈ ਅਤੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਗਈ ਹੈ। ਭੂਚਾਲ ਤੋਂ ਬਾਅਦ ਅਕਸਰ ਆਉਣ ਵਾਲੇ ਹਲਕੇ ਝਟਕਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ।

ਜੰਮੂ-ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਸ਼ੁੱਕਰਵਾਰ ਨੂੰ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਘਾਟੀ ਵਿੱਚ 5.9 ਤੀਬਰਤਾ ਦੇ ਇਸ ਭੂਚਾਲ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਕਈ ਇਲਾਕਿਆਂ ਵਿੱਚ ਲੋਕ ਘਰਾਂ ਤੋਂ ਬਾਹਰ ਆ ਗਏ।

ਸ਼ੁੱਕਰਵਾਰ ਰਾਤ ਨੂੰ ਆਏ ਇਸ ਭੂਚਾਲ ਕਾਰਨ ਕਸ਼ਮੀਰ ਦੇ ਕਈ ਇਲਾਕਿਆਂ ਦੇ ਨਿਵਾਸੀਆਂ ਨੇ ਜ਼ਮੀਨ ਹਿੱਲਣ ਦੀ ਰਿਪੋਰਟ ਕੀਤੀ। ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਗਈਆਂ ਪੋਸਟਾਂ ਅਨੁਸਾਰ, ਲੋਕਾਂ ਨੇ ਬਹੁਤ ਤੇਜ਼ ਝਟਕੇ ਮਹਿਸੂਸ ਕੀਤੇ, ਜਿਸ ਕਾਰਨ ਕੁਝ ਸਮੇਂ ਲਈ ਭਾਜੜ ਪੈ ਗਈ।

ਮੌਸਮ ਵਿਭਾਗ ਅਤੇ ਹੋਰ ਏਜੰਸੀਆਂ ਵੱਲੋਂ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਫਿਲਹਾਲ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਤੁਰੰਤ ਰਿਪੋਰਟ ਸਾਹਮਣੇ ਨਹੀਂ ਆਈ ਹੈ, ਪਰ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ।

## ਪੰਜਾਬ ਹੁਣ ਜਲਦ ਹੀ ਬਣ ਜਾਵੇਗਾ

ਘੋਰ ਨਿਰਾਦਰ ਕੀਤਾ ਹੈ।

ਉਨ੍ਹਾਂ ਅੱਗੇ ਕਿਹਾ, "ਅਕਾਲੀਆਂ ਨੇ ਨਸ਼ਿਆਂ ਦੇ ਵਪਾਰ ਦੀ ਪੁਸ਼ਤਪਨਾਹੀ ਕਰਕੇ ਪੰਜਾਬ ਦੀਆਂ ਪੀੜ੍ਹੀਆਂ ਦਾ ਕਤਲੇਆਮ ਕੀਤਾ ਹੈ। ਇਨ੍ਹਾਂ ਆਗੂਆਂ ਨੇ ਨਾ ਸਿਰਫ਼ ਨਸ਼ਿਆਂ ਦੇ ਵਪਾਰ ਨੂੰ ਸ਼ਹਿ ਦਿੱਤੀ, ਬਲਕਿ ਨਸ਼ਿਆਂ ਨੂੰ ਵੇਚਣ ਜਾਂ ਸਪਲਾਈ ਕਰਨ ਲਈ ਸਰਕਾਰੀ ਵਾਹਨਾਂ ਦੀ ਵੀ ਵਰਤੋਂ ਕੀਤੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਆਗੂ ਸੁਖਬੀਰ ਬਾਦਲ ਦਾਅਵਾ ਕਰਦੇ ਹਨ ਕਿ ਸੂਬੇ ਦਾ ਸਾਰਾ ਵਿਕਾਸ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਹੋਇਆ ਹੈ, ਪਰ ਉਹ ਬਰਗਾੜੀ ਅਤੇ ਬਹਿਬਲ ਕਲਾਂ ਦੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਅੱਖੋਂ-ਪਰੋਖੇ ਕਰੀ ਬੈਠੇ ਹਨ। ਉਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਧਰਮ ਨੂੰ ਵਰਤਿਆ ਅਤੇ ਹਰ ਆਮ ਆਦਮੀ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਹੈ, ਜੋ ਕਿ ਇੱਕ ਨਾ-ਮੁਆਫੀਯੋਗ ਗੁਨਾਹ ਹੈ। ਉਹ ਪੰਥ ਅਤੇ ਪੰਜਾਬ ਦੇ ਵਿਰੋਧੀ ਤਾਕਤਾਂ ਦੇ ਹਮਾਇਤੀ ਹਨ।"

ਅਕਾਲੀ ਦਲ ਦੀ ਅਖੌਤੀ 'ਪੰਜਾਬ ਬਚਾਓ ਯਾਤਰਾ' 'ਤੇ ਤਨਜ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਦਲ ਦੀ ਇਸ ਚਾਲ ਦਾ ਅਸਲੀ ਨਾਮ 'ਪਰਿਵਾਰ ਬਚਾਓ ਯਾਤਰਾ' ਹੈ। 15 ਸਾਲ ਸੂਬੇ ਨੂੰ ਲੁੱਟਣ ਤੋਂ ਬਾਅਦ ਇਹ ਪੰਜਾਬ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ? ਉਨ੍ਹਾਂ ਅੱਗੇ ਕਿਹਾ, ਲੋਕਾਂ ਨੇ ਅਕਾਲੀਆਂ ਨੂੰ ਚੁਣਿਆ, ਪਰ ਉਹ ਗੱਦਾਰ ਸਾਬਤ ਹੋਏ ਅਤੇ ਹਮੇਸ਼ਾ ਸੂਬੇ ਅਤੇ ਇਥੋਂ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ। ਜਦੋਂ ਕਿਸਾਨ ਭਾਈਚਾਰਾ ਆਪਣੇ ਹੱਕਾਂ ਲਈ ਲੜ ਰਿਹਾ ਸੀ ਤਾਂ ਅਕਾਲੀਆਂ ਨੇ ਕੇਂਦਰੀ ਮੰਤਰੀ ਮੰਡਲ ਵਿੱਚ ਆਪਣੀ ਥਾਂ ਬਚਾਉਣ ਲਈ ਕਾਲੇ ਖੇਤੀ ਕਾਨੂੰਨਾਂ 'ਤੇ ਮੋਦੀ ਸਰਕਾਰ ਦਾ ਸਮਰਥਨ ਕੀਤਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਸੂਬੇ ਦੀਆਂ ਕਈ ਪੀੜ੍ਹੀਆਂ ਨੂੰ ਤਬਾਹ ਕਰ ਦਿੱਤਾ ਹੈ। ਇਹ ਪੰਜਾਬ ਵਿਰੋਧੀ ਤਾਕਤਾਂ ਇੱਕ ਦੂਜੇ ਨਾਲ ਹੱਥ ਮਿਲਾ ਕੇ ਚੱਲ ਰਹੀਆਂ ਹਨ ਅਤੇ ਸੂਬੇ ਦੇ ਹਿੱਤਾਂ ਨੂੰ ਢਾਹ ਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਤਨਜ ਕੱਸਦਿਆਂ ਕਿਹਾ ਕਿ ਇਹ ਆਗੂ ਕੇਂਦਰ ਅਤੇ ਨਰਿੰਦਰ ਮੋਦੀ, ਜੋ ਪੰਜਾਬ ਨੂੰ ਬਰਬਾਦ ਕਰ ਰਹੇ ਹਨ, ਦੇ ਖਿਲਾਫ ਚੁੱਪ ਹਨ।

ਉਨ੍ਹਾਂ ਅੱਗੇ ਕਿਹਾ, "ਇਹ ਆਗੂ ਮੇਰੇ ਖਿਲਾਫ਼ ਬੋਲਣ ਵਿੱਚ ਕੋਈ ਕਸਰ ਨਹੀਂ ਛੱਡਦੇ ਕਿਉਂਕਿ ਉਹ ਪੰਜਾਬ ਦੀ ਤਰੱਕੀ ਤੋਂ ਨਾ-ਖੁਸ਼ ਹਨ। ਲੋਕਾਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸੂਬੇ ਤੋਂ ਬਾਹਰ ਕੱਢ ਕੇ ਸਬਕ ਸਿਖਾਉਣਾ ਚਾਹੀਦਾ ਹੈ। ਸੁਖਬੀਰ ਬਾਦਲ, ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਪੰਜਾਬ ਲਈ ਬੇਗਾਨੇ ਹਨ ਕਿਉਂਕਿ ਉਨ੍ਹਾਂ ਦਾ ਲੋਕਾਂ ਨਾਲ ਕੋਈ ਮੇਲ ਨਹੀਂ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪਣੀ ਸਕੂਲੀ ਪੜ੍ਹਾਈ ਤੋਂ ਲੈ ਕੇ ਕੱਪੜਿਆਂ ਅਤੇ ਆਦਤਾਂ ਤੱਕ ਉਨ੍ਹਾਂ ਲੋਕਾਂ ਦਾ ਆਮ ਪੰਜਾਬੀਆਂ ਨਾਲ ਕੁਝ ਵੀ ਮੇਲ ਨਹੀਂ ਖਾਂਦਾ। ਇਹ ਆਗੂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਅਣਜਾਣ ਹਨ, ਕਿਉਂਕਿ ਉਹ ਪੰਜਾਬ ਦੇ ਅਸਲ ਹਾਲਾਤ ਤੋਂ ਕੋਹਾਂ ਦੂਰ ਹਨ। ਉਨ੍ਹਾਂ ਨੇ ਕਦੇ ਖੇਤਾਂ ਦਾ ਗੇੜਾ ਤੱਕ ਨਹੀਂ ਮਾਰਿਆ ਤਾਂ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਕੀ ਜਾਣ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ, "ਲੋਕਾਂ ਨੇ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਵੱਡੇ ਪੱਧਰ 'ਤੇ ਵੋਟ ਦਿੱਤੀ, ਪਰ ਉਨ੍ਹਾਂ ਨੇ ਪੰਜਾਬ ਨੂੰ ਲੁੱਟਿਆ। ਇਨ੍ਹਾਂ ਆਗੂਆਂ ਨੇ ਪਰਜੀਵੀਆਂ ਵਾਂਗ ਪੰਜਾਬ ਦੇ ਸਰੋਤਾਂ ਦਾ ਲਹੂ ਚੂਸਿਆ ਅਤੇ ਅੱਜ ਵੀ ਉਨ੍ਹਾਂ ਕੋਲ ਸੱਤਾ ਦੀ ਭੁੱਖ ਤੋਂ ਇਲਾਵਾ ਕੋਈ ਏਜੰਡਾ ਨਹੀਂ ਹੈ। ਉਹ ਮੈਨੂੰ ਗਾਲ੍ਹਾਂ ਕੱਢਣ ਅਤੇ ਆਪਣੀ ਹਾਈ ਕਮਾਂਡ ਨੂੰ ਵੀਡੀਓ ਭੇਜਣ ਵਿੱਚ ਇੱਕ ਦੂਜੇ ਤੋਂ ਮੂਹਰੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਆਗੂਆਂ ਦਾ ਪੰਜਾਬ ਲਈ ਕੋਈ ਟੀਚਾ ਜਾਂ ਉਦੇਸ਼ ਨਹੀਂ ਹੈ ਅਤੇ ਉਹ ਨਿੱਜੀ ਮੁਫਾਦਾਂ ਵਿੱਚ ਗੜੁੱਚ ਹਨ। ਜਦੋਂ ਕਿ ਸਾਡੀ ਸਰਕਾਰ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਲਈ ਹਰ ਯਤਨ ਕਰ ਰਹੀ ਹੈ। ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਚੋਂ ਮੋਹਰੀ ਸੂਬਾ ਬਣੇਗਾ।

ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਨਿਵੇਕਲੀਆਂ ਪਹਿਲਕਦਮੀਆਂ ਕੀਤੀਆਂ ਹਨ। ਅਸੀਂ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ। ਸਰਕਾਰ ਬਿਨਾਂ ਕਿਸੇ ਪੱਖਪਾਤ ਤੋਂ ਹਰ ਘਰ ਨੂੰ 600 ਯੂਨਿਟ ਮੁਫ਼ਤ ਬਿਜਲੀ ਦੇ ਰਹੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਹੈ, 90 ਫੀਸਦ ਪਰਿਵਾਰਾਂ ਨੂੰ ਬਿਜਲੀ ਦਾ ਬਿੱਲ ਨਹੀਂ ਆ ਰਿਹਾ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸਾਨਾਂ ਨੂੰ ਸਿੰਚਾਈ ਲਈ ਦਿਨ ਵੇਲੇ ਅੱਠ ਘੰਟੇ ਨਿਰਵਿਘਨ ਬਿਜਲੀ ਮਿਲ ਰਹੀ ਹੈ। ਸਰਕਾਰ ਨੇ ਨਹਿਰੀ ਪ੍ਰਣਾਲੀਆਂ ਨੂੰ ਸੁਰਜੀਤ ਕਰਨ 'ਤੇ 6500 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਪਹਿਲੀ ਵਾਰ 1365 ਪਿੰਡਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਮਿਲਣ ਲੱਗਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਸਿੰਚਾਈ ਲਈ ਸਿਰਫ 21 ਫੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਹੁਣ ਵਧ ਕੇ 68 ਫੀਸਦ ਹੋ ਗਈ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜਨ ਤੱਕ ਇਹ 85 ਫੀਸਦ ਤੱਕ ਪਹੁੰਚ ਜਾਵੇਗੀ। 6900 ਕਿਲੋਮੀਟਰ ਲੰਬੇ 18349 ਜਲ ਮਾਰਗਾਂ ਨੂੰ ਸੁਰਜੀਤ ਕਰਕੇ ਪਾਣੀ ਟੇਲਾਂ ਤੱਕ ਪੁੱਜਦਾ ਕੀਤਾ ਗਿਆ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਫਾਇਦਾ ਹੋ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਿਨ੍ਹਾਂ ਆਗੂਆਂ ਦੇ ਖੇਤਾਂ ਤੱਕ ਜਾ ਕੇ ਨਹਿਰਾਂ ਬੰਦ ਹੋ ਜਾਂਦੀਆਂ ਸਨ, ਉਨ੍ਹਾਂ ਨੇ ਕਦੇ ਆਮ ਲੋਕਾਂ ਦੇ ਇਸ ਮੁੱਦੇ ਬਾਰੇ ਕੋਈ ਚਿੰਤਾ ਨਹੀਂ ਕੀਤੀ। ਅਜਿਹੇ ਫੈਸਲੇ ਸਿਰਫ ਉਨ੍ਹਾਂ ਆਗੂਆਂ ਦੁਆਰਾ ਲਏ ਜਾ ਸਕਦੇ ਹਨ, ਜੋ ਜ਼ਮੀਨੀ ਹਕੀਕਤਾਂ ਨੂੰ ਸਮਝਦੇ ਹਨ, ਨਾ ਕਿ ਉਹ ਜਿਹੜੇ ਪਹਾੜੀਆਂ ਦੇ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਸਨ।

ਰੋਜ਼ਗਾਰ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਬਿਨਾਂ ਕਿਸੇ ਸਿਫਾਰਸ ਜਾਂ ਰਿਸ਼ਵਤ ਦੇ ਸਿਰਫ ਯੋਗਤਾ ਦੇ ਆਧਾਰ 'ਤੇ 65,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਰੋਜ਼ਗਾਰ ਕ੍ਰਾਂਤੀ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਰਿਕਾਰਡ ਨਿੱਜੀ ਨਿਵੇਸ਼ ਕਰਕੇ ਪਿਛਲੇ ਚਾਰ ਸਾਲਾਂ ਵਿੱਚ ਸੱਤ ਲੱਖ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ 43,000 ਕਿਲੋਮੀਟਰ ਲਿੰਕ ਸੜਕਾਂ ਹਨ ਅਤੇ ਅਸੀਂ ਅਗਲੇ ਪੰਜ ਸਾਲਾਂ ਲਈ ਰੱਖ-ਰਖਾਅ ਦੇ ਨਾਲ-ਨਾਲ ਉਨ੍ਹਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਹੈ। ਸਰਕਾਰ ਕਿਸਾਨਾਂ ਦੀ ਸਹੂਲਤ ਲਈ ਹਾਈ ਟੈਂਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਦੀਆਂ ਸੰਭਾਵਨਾਵਾਂ ਵੀ ਪੜਚੋਲ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਿਸਾਨਾਂ ਨੂੰ ਵੱਡੀ ਰਾਹਤ ਪ੍ਰਦਾਨ ਕਰੇਗਾ ਕਿਉਂਕਿ ਹਾਈ ਟੈਂਸ਼ਨ ਤਾਰਾਂ ਉਨ੍ਹਾਂ ਅਤੇ ਉਨ੍ਹਾਂ ਦੀਆਂ ਫਸਲਾਂ ਲਈ ਵੱਡਾ ਖਤਰਾ ਪੈਦਾ ਕਰਦੀਆਂ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਯੋਜਨਾ ਮੇਰੇ ਜੱਦੀ ਪਿੰਡ ਤੋਂ ਸ਼ੁਰੂ ਹੋਵੇਗੀ, ਜਿੱਥੇ ਕੰਮ ਜਲਦੀ ਹੀ ਸ਼ੁਰੂ ਹੋਵੇਗਾ।

ਭਲਾਈ ਪਹਿਲਕਦਮੀਆਂ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵੀਂ ਤਕਸੀਮ ਯੋਜਨਾ 30 ਦਿਨਾਂ ਦੇ ਅੰਦਰ ਜ਼ਮੀਨ ਦੀ ਵੰਡ ਨੂੰ ਯਕੀਨੀ ਬਣਾਏਗੀ, ਜਿਸਨੂੰ 13 ਅਪ੍ਰੈਲ, 2026 ਤੋਂ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਲੋਕਾਂ ਨੂੰ ਜਿੰਨਾ ਹੋ ਸਕੇ ਆਪਸੀ ਸਮਝ ਰਾਹੀਂ ਵਿਵਾਦਾਂ ਦਾ ਹੱਲ ਕਰਨਾ ਚਾਹੀਦਾ ਹੈ।

ਉਨ੍ਹਾਂ ਅਪੀਲ ਕੀਤੀ ਕਿ ਲੋਕ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ 10 ਲੱਖ ਰੁਪਏ ਦਾ ਨਕਦੀ ਰਹਿਤ ਇਲਾਜ ਲੈਣ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਮੁਫਤ ਇਲਾਜ ਪ੍ਰਦਾਨ ਕਰਦੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਅਨੁਸੂਚਿਤ ਜਾਤੀ ਸ਼੍ਰੇਣੀਆਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਦਿੱਤੇ ਜਾ ਰਹੇ ਹਨ, ਜਦੋਂ ਕਿ ਹੋਰ ਸਾਰੀਆਂ ਸ਼੍ਰੇਣੀਆਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਔਰਤਾਂ ਦੇ ਸਨਮਾਨ ਨੂੰ ਯਕੀਨੀ ਬਣਾਏਗਾ।

ਉਨ੍ਹਾਂ ਕਿਹਾ ਕਿ ਕਰਦਾਤਾਵਾਂ ਦਾ ਪੈਸਾ ਲੋਕਾਂ ਦਾ ਹੈ, ਜਿਸਨੂੰ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ 'ਤੇ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਇਹੀ ਪੈਸਾ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਜਾਂਦਾ ਸੀ, ਪਰ ਹੁਣ ਸਾਰੀਆਂ ਚੋਰ ਮੋਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ।

ਸਿੱਖਿਆ 'ਤੇ ਜੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਆਰੀ ਸਿੱਖਿਆ ਗਰੀਬੀ ਦਾ ਇਲਾਜ ਹੈ। ਕੋਈ ਵੀ ਮੁਫਤ ਦੀ ਚੀਜ ਗਰੀਬੀ ਨੂੰ ਖਤਮ ਨਹੀਂ ਕਰ ਸਕਦੀ, ਇਹ ਸਿੱਖਿਆ ਹੀ ਹੈ ਜੋ ਤਰੱਕੀ ਅਤੇ ਖੁਸ਼ਹਾਲੀ ਦੇ ਦਰਵਾਜੇ ਖੋਲ੍ਹ ਸਕਦੀ ਹੈ। ਅਸੀਂ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਨਹੀਂ ਛੱਡ ਰਹੇ।

ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਅਸੀਂ ਸਿੱਖਿਆ, ਸਿਹਤ, ਬਿਜਲੀ ਅਤੇ ਖੇਤੀਬਾੜੀ ਬਾਰੇ ਗੱਲ ਕਰਦੇ ਹਾਂ ਤਾਂ ਦੂਜੀਆਂ ਪਾਰਟੀਆਂ ਸਿਰਫ ਸੱਤਾ ਹਥਿਆਉਣ ਦੀ ਗੱਲ ਕਰਦੀਆਂ ਹਨ। ਲੋਕਾਂ ਨੇ ਇਨ੍ਹਾਂ ਮੌਕਾਪ੍ਰਸਤ ਆਗੂਆਂ ਨੂੰ ਨਕਾਰ ਦਿੱਤਾ ਹੈ, ਜੋ ਸਿਰਫ ਆਪਣੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰਦੇ ਰਹੇ ਹਨ।

ਕਣਕ ਦੀ ਖਰੀਦ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆੜ੍ਹਤੀਏ ਸਰਕਾਰ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਸੀਂ ਨਹੀਂ ਝੁਕਾਂਗੇ। ਉਨ੍ਹਾਂ ਕਿਹਾ ਕਿ ਸਰਕਾਰ ਸੁਚਾਰੂ ਖਰੀਦ ਯਕੀਨੀ ਬਣਾਉਣ ਲਈ ਸਹਿਕਾਰੀ ਸਭਾਵਾਂ ਦਾ ਖਰੀਦ ਕੋਟਾ ਵਧਾਏਗੀ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਗਾ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ, ਜਿਸ ਵਿੱਚ ਬਿਜਲੀ ਪ੍ਰੋਜੈਕਟ, ਨਗਰ ਨਿਗਮ ਸੜਕਾਂ ਦੀ ਮੁਰੰਮਤ ਅਤੇ ਪ੍ਰਮੁੱਖ ਸੜਕਾਂ ਦਾ ਅਪਗ੍ਰੇਡੇਸਨ ਸਾਮਲ ਹੈ। ਉਨ੍ਹਾਂ ਨੇ ਰੰਗਲਾ ਅਤੇ ਜੀਵੰਤ ਪੰਜਾਬ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ।

ਇਸ ਤੋਂ ਪਹਿਲਾਂ 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੇਸ ਦੇ ਸਭ ਤੋਂ ਪ੍ਰਸਿੱਧ ਮੁੱਖ ਮੰਤਰੀ ਹਨ। ਆਪ ਸਰਕਾਰ ਨੇ ਸਮਾਜ ਦੇ ਹਰ ਵਰਗ ਲਈ ਮਾਰਗਦਰਸਕ ਪਹਿਲਕਦਮੀਆਂ ਕੀਤੀਆਂ ਹਨ। ਜੇ ਕੋਈ ਹੋਰ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਦਿੱਲੀ 'ਚ ਭਾਜਪਾ ਵਾਂਗ ਇਨ੍ਹਾਂ ਭਲਾਈ ਯੋਜਨਾਵਾਂ ਨੂੰ ਬੰਦ ਕਰ ਦੇਣਗੇ।

*ਭਗਵੰਤ ਮਾਨ ਸਰਕਾਰ ਦੀ ਵਿਕਾਸਮੁਖੀ ਸੋਚ ਨਾਲ ਰੰਗਲਾ ਪੰਜਾਬ ਵੱਲ ਵਧ ਰਿਹੈ ਸੂਬਾ*

ਮੋਗਾ ਵਿੱਚ ਚੱਲ ਰਹੇ ਬੁਨਿਆਦੀ ਢਾਂਚਾ ਕਾਰਜ ਇੱਕ ਨਿਰਣਾਇਕ ਅਤੇ ਕੰਮ-ਅਧਾਰਤ ਸਾਸਨ ਮਾਡਲ ਨੂੰ ਦਰਸਾਉਂਦੇ ਹਨ, ਜਿੱਥੇ ਸੜਕਾਂ, ਸਹਿਰੀ ਬੁਨਿਆਦੀ ਢਾਂਚੇ ਅਤੇ ਬਿਜਲੀ ਪ੍ਰਣਾਲੀਆਂ ਵਿੱਚ ਵੱਡੇ ਨਿਵੇਸ ਕੀਤੇ ਜਾ ਰਹੇ ਹਨ। 47.70 ਕਿਲੋਮੀਟਰ ਲੰਬਾਈ ਵਾਲੀ ਮੋਗਾ-ਬਾਘਾਪੁਰਾਣਾ-ਕੋਟਕਪੂਰਾ ਸੜਕ ਨੂੰ 46.98 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਵਿੱਚ 43.79 ਕਰੋੜ ਰੁਪਏ ਨਿਰਮਾਣ ਕਾਰਜਾਂ ਅਤੇ 3.18 ਕਰੋੜ ਰੁਪਏ ਰੱਖ-ਰਖਾਅ ਲਈ ਸਾਮਲ ਹਨ, ਜਦੋਂ ਕਿ 22.72 ਕਿਲੋਮੀਟਰ ਮੋਗਾ-ਧਰਮਕੋਟ ਸੜਕ ਦਾ 9.98 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਮੁੱਖ ਕਸਬਿਆਂ ਅਤੇ ਪਿੰਡਾਂ ਵਿੱਚ ਸੰਪਰਕ ਮਜਬੂਤ ਹੋਵੇਗਾ।

ਨਗਰ ਨਿਗਮ ਵੱਲੋਂ 88.62 ਕਰੋੜ ਰੁਪਏ ਦੇ ਸਹਿਰੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਜਿਸ ਵਿੱਚ 11.60 ਕਰੋੜ ਰੁਪਏ ਦੇ ਵਾਧੂ ਟੈਂਡਰ ਪ੍ਰਗਤੀ ਅਧੀਨ ਵਿੱਚ ਹਨ। ਇਨ੍ਹਾਂ ਵਿੱਚ ਮੁੱਖ ਸੜਕਾਂ ਦੇ ਨਵੀਨੀਕਰਨ ਲਈ 7.58 ਕਰੋੜ ਰੁਪਏ, ਹੋਰ ਸੜਕਾਂ ਲਈ 7.66 ਕਰੋੜ ਰੁਪਏ, ਬਹੁ-ਮੰਜ਼ ?ਲਾ ਕਮਿਊਨਿਟੀ ਹਾਲ ਲਈ 4.16 ਕਰੋੜ ਰੁਪਏ, ਪੁਰਾਣੀ ਦਾਣਾ ਮੰਡੀ ਵਿਖੇ ਸਟ੍ਰੀਟ ਵੈਂਡਿੰਗ ਜੋਨ ਲਈ 2.19 ਕਰੋੜ ਰੁਪਏ ਅਤੇ ਗੁਰੂ ਨਾਨਕ ਕਾਲਜ ਚੌਕ ਵਿਖੇ ਇੱਕ ਕਲਾਕ ਟਾਵਰ ਦੇ ਨਿਰਮਾਣ ਦੇ ਨਾਲ-ਨਾਲ ਗੀਤਾ ਭਵਨ, ਰੇਲਵੇ ਅੰਡਰਬ੍ਰਿਜ, ਜੁੱਤੀ ਮਾਰਕੀਟ, ਪ੍ਰਤਾਪ ਰੋਡ ਅਤੇ ਮੁੱਖ ਬਾਜ਼ਾਰ ਸਮੇਤ ਸਹਿਰ ਦੀਆਂ ਪ੍ਰਮੁੱਖ ਥਾਵਾਂ ਦੇ ਸੁੰਦਰੀਕਰਨ ਲਈ 97 ਲੱਖ ਰੁਪਏ ਸਾਮਲ ਹਨ।

ਬਿਜਲੀ ਖੇਤਰ ਵਿੱਚ ਬਹੁ ਕਰੋੜੀ ਪ੍ਰੋਜੈਕਟ ਬਿਜਲੀ ਬੁਨਿਆਦੀ ਢਾਂਚੇ ਨੂੰ ਮਜਬੂਤ ਕਰ ਰਹੇ ਹਨ, ਜਿਸ ਵਿੱਚ ਰਸੂਲਗਾਵਾਲਾ ਵਿਖੇ 9.82 ਕਰੋੜ ਰੁਪਏ ਦੀ ਲਾਗਤ ਵਾਲਾ 220 ਕੇਵੀ ਟ੍ਰਾਂਸਫਾਰਮਰ, 2.62 ਕਰੋੜ ਰੁਪਏ ਦੀ ਲਾਗਤ ਵਾਲਾ 20 ਐਮਵੀਏ ਟ੍ਰਾਂਸਫਾਰਮਰ, ਅਤੇ 4.22 ਕਰੋੜ ਰੁਪਏ ਦੀ ਲਾਗਤ ਵਾਲਾ ਸੋਸਣ ਵਿਖੇ 132 ਕੇਵੀ ਟ੍ਰਾਂਸਫਾਰਮਰ ਸਾਮਲ ਹਨ। ਇਸ ਦੇ ਨਾਲ ਹੀ ਮੋਗਾ ਸਹਿਰ ਬਿਜਲੀ ਵੰਡ ਪ੍ਰਣਾਲੀ ਨੂੰ ਅਪਗ੍ਰੇਡ ਕਰਨ 'ਤੇ 3.74 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਪਹਿਲਕਦਮੀਆਂ ਸਹਿਰ ਭਰ ਵਿੱਚ ਸਪਲਾਈ ਵਿੱਚ ਸੁਧਾਰ ਕਰ ਰਹੀਆਂ ਹਨ ਅਤੇ ਆਲੇ ਦੁਆਲੇ ਦੇ ਲਗਭਗ ਨੌਂ ਪਿੰਡਾਂ ਨੂੰ ਲਾਭ ਪਹੁੰਚਾ ਰਹੀਆਂ ਹਨ। ਇਸਦੇ ਨਾਲ ਹੀ 1 ਕਰੋੜ ਰੁਪਏ ਦੀ ਲਾਗਤ ਨਾਲ ਡਗਰੂ ਵਿਖੇ ਇੱਕ ਨਵਾਂ ਸਬ-ਡਿਵੀਜਨ ਦਫਤਰ ਤਿਆਰ ਕੀਤਾ ਜਾ ਰਿਹਾ ਹੈ।

ਇਕੱਠਿਆਂ ਇਹ ਨਿਵੇਸ ਇੱਕ ਬਿਹਤਰ ਸਾਸਨ ਮਾਡਲ ਨੂੰ ਦਰਸਾਉਂਦੇ ਹਨ ਜੋ ਲਾਗੂਕਰਨ, ਪੈਮਾਨੇ ਅਤੇ ਲੰਬੇ ਸਮੇਂ ਦੇ ਪ੍ਰਭਾਵ 'ਤੇ ਕੇਂਦ੍ਰਿਤ ਹੈ ਅਤੇ ਮਜਬੂਤ ਸੰਪਰਕ, ਬਿਹਤਰ ਸਹਿਰੀ ਬੁਨਿਆਦੀ ਢਾਂਚੇ ਅਤੇ ਭਰੋਸੇਯੋਗ ਬਿਜਲੀ ਸਪਲਾਈ ਦੀ ਨੀਂਹ ਰੱਖਦਾ ਹੈ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐੱਸ.ਐੱਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

## ਸੰਸਥਾ ਨੂੰ ਵਿਸ਼ਵ ਪੱਧਰੀ ਸਿਹਤ ਸੰਭਾਲ

ਜਾਇਜ਼ਾ ਲਿਆ ਅਤੇ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨ ਅਤੇ ਤੁਰੰਤ ਧਿਆਨ ਦੇਣ ਦੀ ਲੋੜ ਵਾਲੇ ਖੇਤਰਾਂ ਦੀ ਪਛਾਣ ਕਰਨ ਲਈ ਮੁੱਖ ਭਾਈਵਾਲਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਜੋਰ ਦੇ ਕੇ ਕਿਹਾ, "ਇਸ ਦੌਰੇ ਦਾ ਉਦੇਸ਼ ਸੰਸਥਾ ਨੂੰ ਸਮਰਥਨ ਦੇਣਾ ਅਤੇ ਮਜ਼ਬੂਤ ਕਰਨਾ ਹੈ, ਨਾ ਕਿ ਕਮੀਆਂ ਲੱਭਣਾ। ਦੌਰੇ ਦਾ ਵਿਆਪਕ ਉਦੇਸ਼ ਇਸ ਨੂੰ ਪੂਰੇ ਸੂਬੇ ਲਈ ਪ੍ਰਮੁੱਖ ਸਿਹਤ ਸੰਭਾਲ ਕੇਂਦਰ ਵਿੱਚ ਬਦਲਣਾ ਹੈ।"

ਮੁੱਖ ਮੰਤਰੀ ਨੇ ਪੁਸ਼ਟੀ ਕੀਤੀ, "ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ (ਬੀ.ਐਫ.ਯੂ.ਐਚ.ਐਸ.) ਵਿਖੇ ਐਡਵਾਂਸਡ ਕੈਂਸਰ ਇੰਸਟੀਚਿਊਟ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਹੋਵੇਗਾ। ਇਹ ਹਸਪਤਾਲ ਪਹਿਲਾਂ ਹੀ ਮਾਲਵਾ ਖੇਤਰ ਦੇ ਮਰੀਜ਼ਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰ ਰਿਹਾ ਹੈ ਅਤੇ ਸਾਡੀ ਕੋਸ਼ਿਸ਼ ਹੈ ਕਿ ਇਸ ਨੂੰ ਪੰਜਾਬ ਭਰ ਵਿੱਚ ਮੋਹਰੀ ਸਿਹਤ ਸੰਭਾਲ ਕੇਂਦਰ ਵਜੋਂ ਹੋਰ ਮਜ਼ਬੂਤ ਕੀਤਾ ਜਾਵੇ।"

ਲਗਾਤਾਰ ਅਪਗ੍ਰੇਡੇਸ਼ਨ ਦੀ ਲੋੜ 'ਤੇ ਜੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਦਾ ਉਦੇਸ਼ ਨੁਕਸ ਲੱਭਣਾ ਨਹੀਂ ਹੈ, ਸਗੋਂ ਇਸ ਸੰਸਥਾ ਨੂੰ ਸੂਬੇ ਭਰ ਵਿੱਚ ਪ੍ਰਮੁੱਖ ਸਿਹਤ ਸੰਭਾਲ ਕੇਂਦਰ ਵਜੋਂ ਵਿਕਸਤ ਕਰਨਾ ਹੈ। ਦੌਰੇ ਦੌਰਾਨ ਮੈਂ ਇਸ ਅਹਿਮ ਸੰਸਥਾ ਦੀਆਂ ਜ਼ਮੀਨੀ ਹਕੀਕਤਾਂ ਅਤੇ ਜਰੂਰਤਾਂ ਤੋਂ ਜਾਣੂ ਕਰਵਾਉਣ ਲਈ ਸਾਰੇ ਮੁੱਖ ਭਾਈਵਾਲਾਂ ਨਾਲ ਗੱਲਬਾਤ ਕੀਤੀ।"

ਮਰੀਜ਼ਾਂ ਦੇ ਇਲਾਜ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੰਸਥਾ ਵਿੱਚ ਕਈ ਲੋੜੀਂਦੀਆਂ ਸਹੂਲਤਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ, "ਕਈ ਸਹੂਲਤਾਂ ਸ਼ੁਰੂ ਕਰਕੇ ਮਰੀਜ਼ਾਂ ਦੀ ਤੰਦਰੁਸਤੀ ਯਕੀਨੀ ਬਣਾਉਣ ਲਈ ਠੋਸ ਯਤਨ ਕੀਤੇ ਜਾਣਗੇ। ਇਸ ਹਸਪਤਾਲ ਵਿੱਚ ਰੋਬੋਟਿਕ ਸਰਜਰੀ ਵੀ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਮਰੀਜ਼ਾਂ ਨੂੰ ਵੱਡੇ ਪੱਧਰ 'ਤੇ ਲਾਭ ਪਹੁੰਚ ਸਕੇ।

ਇਲਾਜ ਦੇ ਤਰੀਕਿਆਂ ਨੂੰ ਆਧੁਨਿਕ ਬਣਾਉਣ ਦੀ ਜ਼ਰੂਰਤ 'ਤੇ ਜੋਰ ਦਿੰਦੇ ਹੋਏ ਉਨ੍ਹਾਂ ਅੱਗੇ ਕਿਹਾ, "ਇਸ ਹਸਪਤਾਲ ਵਿੱਚ ਰੋਬੋਟਿਕ ਸਰਜਰੀ ਸ਼ੁਰੂ ਕਰਨ ਲਈ ਜਲਦੀ ਤੋਂ ਜਲਦੀ ਜਰੂਰੀ ਕਦਮ ਚੁੱਕੇ ਜਾਣਗੇ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਸਟਾਫ ਦੀਆਂ ਚਿੰਤਾਵਾਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਸਪਤਾਲ ਇਸ ਸਮੇਂ ਸਟਾਫ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ, "ਮੈਨੂੰ ਪਤਾ ਲੱਗਾ ਹੈ ਕਿ ਹਸਪਤਾਲ ਵਿੱਚ ਸਟਾਫ ਦੀ ਘਾਟ ਹੈ, ਇਸ ਲਈ ਵੱਡੇ ਜਨਤਕ ਹਿੱਤ ਵਿੱਚ ਹੋਰ ਸਟਾਫ ਦੀ ਭਰਤੀ ਲਈ ਜਰੂਰੀ ਕਦਮ ਚੁੱਕੇ ਜਾਣਗੇ।

ਪੰਜਾਬ ਸਰਕਾਰ ਦੀ ਪਹੁੰਚਯੋਗ ਸਿਹਤ ਸੰਭਾਲ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਯੁਸ਼ਮਾਨ ਕਾਰਡ ਧਾਰਕ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਪਾਤਰੀ ਇਸ ਸਰਵੋਤਮ ਕੈਂਸਰ ਕੇਅਰ ਹਸਪਤਾਲ ਵਿੱਚ ਇਲਾਜ ਦੇ ਹੱਕਦਾਰ ਹਨ। ਪੰਜਾਬ ਸਰਕਾਰ ਸੂਬੇ ਦੇ ਸਾਰੇ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।"

## ਤਹਿਰਾਨ ਵੱਲੋਂ ਅਮਰੀਕੀ ਟਿਕਾਣਿਆਂ

ਮੇਜ਼ਬਾਨੀ ਕਰ ਰਹੇ ਹਨ, ਜੋ ਖੇਤਰੀ ਤਣਾਅ ਵਿੱਚ ਇੱਕ ਤੇਜ਼ ਵਾਧੇ ਦਾ ਸੰਕੇਤ ਹੈ। ਇਹ ਫੌਜੀ ਰੁਖ ਰਾਸ਼ਟਰਪਤੀ ਟਰੰਪ ਦੇ ਉਨ੍ਹਾਂ ਦਾਅਵਿਆਂ ਦੇ ਸਿੱਧੇ ਜਵਾਬ ਵਜੋਂ ਸਾਹਮਣੇ ਆਇਆ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਈਰਾਨ ਦੇ ਨਾਗਰਿਕ ਬੁਨਿਆਦੀ ਢਾਂਚੇ, ਜਿਵੇਂ ਕਿ ਪੁਲ, ਬਿਜਲੀ ਘਰ ਅਤੇ ਊਰਜਾ ਸਹੂਲਤਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖੇਗਾ। ਈਰਾਨੀ ਫੌਜੀ ਕਮਾਂਡ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਧਮਕੀਆਂ ਦੇ ਕਿਸੇ ਵੀ ਅਮਲ ਦਾ ਜ਼ਬਰਦਸਤ ਤਾਕਤ ਨਾਲ ਜਵਾਬ ਦਿੱਤਾ ਜਾਵੇਗਾ। ਬੁਲਾਰੇ ਨੇ ਜ਼ੋਰ ਦੇ ਕੇ ਕਿਹਾ ਕਿ ਜਵਾਬੀ ਕਾਰਵਾਈਆਂ ਸਿਰਫ ਫੌਜੀ ਸੰਪਤੀਆਂ ਤੱਕ ਸੀਮਤ ਨਹੀਂ ਰਹਿਣਗੀਆਂ ਬਲਕਿ ਅਮਰੀਕਾ ਅਤੇ ਇਜ਼ਰਾਈਲ ਦੇ ਸਹਿਯੋਗੀ ਦੇਸ਼ਾਂ ਦੇ ਰਾਜਧਾਨੀ ਸ਼ਹਿਰਾਂ, ਈਂਧਨ, ਊਰਜਾ ਅਤੇ ਆਰਥਿਕ ਕੇਂਦਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਅਮਰੀਕੀ ਫੌਜਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਲੇ ਖੇਤਰੀ ਦੇਸ਼ਾਂ ਨੂੰ ਅਲਟੀਮੇਟਮ ਦਿੰਦੇ ਹੋਏ ਈਰਾਨ ਨੇ ਕਿਹਾ ਕਿ ਜੇ ਉਹ ਨੁਕਸਾਨ ਤੋਂ ਬਚਣਾ ਚਾਹੁੰਦੇ ਹਨ ਤਾਂ ਉਹ ਅਮਰੀਕੀਆਂ ਨੂੰ ਆਪਣੀ ਧਰਤੀ ਤੋਂ ਵਾਪਸ ਜਾਣ ਲਈ ਮਜਬੂਰ ਕਰਨ। ਇਹ ਟਕਰਾਅ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਗੱਠਜੋੜ ਦੁਆਰਾ ਸ਼ੁਰੂ ਕੀਤੀ ਗਈ ਜੰਗ ਤੋਂ ਬਾਅਦ ਪੈਦਾ ਹੋਇਆ ਹੈ, ਜਿਸ ਵਿੱਚ ਇਸਲਾਮਿਕ ਇਨਕਲਾਬ ਦੇ ਸਾਬਕਾ ਨੇਤਾ ਅਯਾਤੁੱਲਾ ਸਈਅਦ ਅਲੀ ਖਮੇਨੇਈ ਦੀ ਮੌਤ ਹੋ ਗਈ ਸੀ।

ਈਰਾਨ ਜੰਗ ਨੇ ਲਿਆ ਨਵਾਂ ਮੋੜ: ਅਮਰੀਕਾ ਦੇ 2 ਜਹਾਜ਼ ਡਿੱਗੇ, 1 ਫੌਜੀ ਲਾਪਤਾ: ਈਰਾਨ ਅਤੇ ਅਮਰੀਕਾ ਵਿਚਾਲੇ ਜਾਰੀ ਜੰਗ ਨੇ ਉਸ ਵੇਲੇ ਨਾਟਕੀ ਮੋੜ ਲੈ ਲਿਆ ਜਦੋਂ ਅਮਰੀਕਾ ਦੇ ਦੋ ਫੌਜੀ ਜਹਾਜ਼ ਵੱਖ-ਵੱਖ ਘਟਨਾਵਾਂ ਵਿੱਚ ਹਾਦਸਾਗ੍ਰਸਤ ਹੋ ਗਏ। ਪੰਜ ਹਫ਼ਤੇ ਪਹਿਲਾਂ ਸ਼ੁਰੂ ਹੋਈ ਇਸ ਜੰਗ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਅਮਰੀਕੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ, ਇੱਕ ਲੜਾਕੂ ਜਹਾਜ਼ ਈਰਾਨ ਦੇ ਅੰਦਰ ਡਿੱਗਿਆ, ਜਿਸ ਵਿੱਚੋਂ ਇੱਕ ਫੌਜੀ ਨੂੰ ਬਚਾ ਲਿਆ ਗਿਆ ਹੈ ਜਦੋਂਕਿ ਦੂਜਾ ਅਜੇ ਵੀ ਲਾਪਤਾ ਹੈ। ਇਸ ਤੋਂ ਇਲਾਵਾ, ਇੱਕ ਅਮਰੀਕੀ ਏ-10 ਹਮਲਾਵਰ ਜਹਾਜ਼ ਫਾਰਸ ਦੀ ਖਾੜੀ ਵਿੱਚ ਡਿੱਗਣ ਦੀ ਖ਼ਬਰ ਹੈ। ਇਹ ਘਟਨਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਦਾਅਵੇ ਦੇ ਮਹਿਜ਼ ਦੋ ਦਿਨ ਬਾਅਦ ਵਾਪਰੀ ਹੈ ਜਿਸ ਵਿੱਚ ਉਨ੍ਹਾਂ ਨੇ ਈਰਾਨ ਨੂੰ ਪੂਰੀ ਤਰ੍ਹਾਂ ਹਰਾਉਣ ਦੀ ਗੱਲ ਕਹੀ ਸੀ।

ਈਰਾਨ ਨੇ ਪਾਕਿਸਤਾਨ ਦੀ ਵਿਚੋਲਗੀ ਨੂੰ ਕੀਤਾ ਰੱਦ; ਅਮਰੀਕਾ-ਇਜ਼ਰਾਈਲ 'ਤੇ ਹਮਲੇ ਜਾਰੀ: ਪੱਛਮੀ ਏਸ਼ੀਆ ਵਿੱਚ ਜਾਰੀ ਭਿਆਨਕ ਟਕਰਾਅ ਦਰਮਿਆਨ ਈਰਾਨ ਨੇ ਪਾਕਿਸਤਾਨ ਵੱਲੋਂ ਕੀਤੀ ਗਈ ਵਿਚੋਲਗੀ ਦੀ ਪੇਸ਼ਕਸ਼ ਨੂੰ ਸਾਫ਼ ਤੌਰ 'ਤੇ ਠੁਕਰਾ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਈਰਾਨ ਨੇ ਪਾਕਿਸਤਾਨ ਵਿੱਚ ਕਿਸੇ ਵੀ ਅਮਰੀਕੀ ਵਫ਼ਦ ਨਾਲ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਨਾਲ ਇਸਲਾਮਾਬਾਦ ਦੀਆਂ ਕੂਟਨੀਤਕ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗਾ ਹੈ। ਈਰਾਨ ਨੇ ਅਮਰੀਕਾ ਦੀਆਂ ਸ਼ਰਤਾਂ ਨੂੰ 'ਨਾ-ਮਨਜ਼ੂਰ' ਦੱਸਦਿਆਂ ਸੰਕਟ ਦੇ ਜਲਦੀ ਹੱਲ ਦੀ ਉਮੀਦ ਨੂੰ ਖ਼ਤਮ ਕਰ ਦਿੱਤਾ ਹੈ। ਦੂਜੇ ਪਾਸੇ, ਖੇਤਰ ਵਿੱਚ ਤਣਾਅ ਉਸ ਵੇਲੇ ਹੋਰ ਵਧ ਗਿਆ ਜਦੋਂ ਈਰਾਨ ਨੇ ਅਮਰੀਕਾ ਦੇ ਇੱਕ ਹੋਰ ਏ-10 ਜਹਾਜ਼ ਨੂੰ ਡੇਗਣ ਦਾ ਦਾਅਵਾ ਕੀਤਾ ਅਤੇ ਇੱਕ ਅਮਰੀਕੀ ਪਾਇਲਟ ਦੇ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ।

ਦੁਬਈ 'ਚ ਓਰੇਕਲ ਦੀ ਇਮਾਰਤ 'ਤੇ ਡਿੱਗਿਆ ਮਲਬਾ: ਜਾਨੀ ਨੁਕਸਾਨ ਤੋਂ ਬਚਾਅ: ਦੁਬਈ ਦੇ ਅਧਿਕਾਰੀਆਂ ਨੇ ਸ਼ਨੀਵਾਰ ਨੂੰ ਪੁਸ਼ਟੀ ਕੀਤੀ ਹੈ ਕਿ ਸ਼ਹਿਰ ਦੇ 'ਇੰਟਰਨੈੱਟ ਸਿਟੀ' ਇਲਾਕੇ ਵਿੱਚ ਸਥਿਤ ਅਮਰੀਕੀ ਕੰਪਨੀ ਓਰੇਕਲ ਦੀ ਇਮਾਰਤ 'ਤੇ ਅਸਮਾਨੀ ਮਲਬਾ ਡਿੱਗਣ ਕਾਰਨ ਕਿਸੇ ਦੇ ਜ਼ਖਮੀ ਹੋਣ ਦੀ ਖ਼ਬਰ ਨਹੀਂ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਮਲਬਾ ਇੱਕ ਹਵਾਈ ਹਮਲੇ ਨੂੰ ਰਸਤੇ ਵਿੱਚ ਹੀ ਸਫਲਤਾਪੂਰਵਕ ਰੋਕੇ ਜਾਣ ਤੋਂ ਬਾਅਦ ਇਮਾਰਤ ਦੇ ਸਾਹਮਣੇ ਵਾਲੇ ਹਿੱਸੇ 'ਤੇ ਆ ਕੇ ਡਿੱਗਿਆ। ਇਸ ਘਟਨਾ ਦੌਰਾਨ ਇਮਾਰਤ ਨੂੰ ਮਾਮੂਲੀ ਨੁਕਸਾਨ ਪਹੁੰਚਿਆ ਹੈ, ਪਰ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਸਾਰੇ ਲੋਕ ਸੁਰੱਖਿਅਤ ਹਨ। ਜ਼ਿਕਰਯੋਗ ਹੈ ਕਿ ਓਰੇਕਲ ਉਨ੍ਹਾਂ 18 ਅਮਰੀਕੀ ਕੰਪਨੀਆਂ ਦੀ ਸੂਚੀ ਵਿੱਚ ਸ਼ਾਮਲ ਹੈ ਜਿਨ੍ਹਾਂ ਨੂੰ ਈਰਾਨ ਦੀ 'ਇਸਲਾਮਿਕ ਰਿਵੋਲੂਸ਼ਨਰੀ ਗਾਰਡ ਕੋਰ' ਨੇ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਸੀ। ਈਰਾਨ ਨੇ ਆਪਣੇ ਦੇਸ਼ 'ਤੇ ਹੋਏ ਹਮਲਿਆਂ ਦਾ ਬਦਲਾ ਲੈਣ ਲਈ ਇਨ੍ਹਾਂ ਕੰਪਨੀਆਂ 'ਤੇ ਕਾਰਵਾਈ ਕਰਨ ਦਾ ਐਲਾਨ ਕੀਤਾ ਹੋਇਆ ਹੈ। ਦੁਬਈ ਅਧਿਕਾਰੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਪੁਖਤਾ ਕੀਤਾ ਜਾ ਰਿਹਾ ਹੈ।

ਬਹਿਰੀਨ ਵੱਲੋਂ ਹੋਰਮੁਜ਼ ਜਲਮਾਰਗ ਖੁਲ੍ਹਵਾਉਣ ਦੇ ਪ੍ਰਸਤਾਵ 'ਤੇ ਵੋਟਿੰਗ ਮੁਲਤਵੀ: ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਇਸ ਮਹੀਨੇ ਦੀ ਪ੍ਰਧਾਨਗੀ ਸੰਭਾਲ ਰਹੇ ਖਾੜੀ ਦੇਸ਼ ਬਹਿਰੀਨ ਨੇ ਉਸ ਪ੍ਰਸਤਾਵ 'ਤੇ ਵੋਟਿੰਗ ਟਾਲ ਦਿੱਤੀ ਹੈ, ਜਿਸ ਦਾ ਉਦੇਸ਼ ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹਣਾ ਅਤੇ ਉਸ 'ਤੇ ਈਰਾਨ ਦੇ ਦਬਦਬੇ ਨੂੰ ਖਤਮ ਕਰਨਾ ਸੀ। ਸੰਯੁਕਤ ਰਾਸ਼ਟਰ ਦੇ ਦੋ ਡਿਪਲੋਮੈਟਾਂ ਨੇ ਇਹ ਜਾਣਕਾਰੀ ਦਿੱਤੀ ਹੈ। ਹਾਲਾਂਕਿ, ਰੂਸ ਅਤੇ ਚੀਨ ਦੇ ਸਖ਼ਤ ਵਿਰੋਧ ਕਾਰਨ ਪਹਿਲਾਂ ਹੀ ਇਸ ਪ੍ਰਸਤਾਵ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਉੱਠਣ ਲੱਗੇ ਸਨ। ਪਰਿਸ਼ਦ ਦੀਆਂ ਬੈਠਕਾਂ ਗੁਪਤ ਹੋਣ ਕਾਰਨ ਨਾਮ ਨਾ ਛਾਪਣ ਦੀ ਸ਼ਰਤ 'ਤੇ ਡਿਪਲੋਮੈਟਾਂ ਨੇ ਦੱਸਿਆ ਕਿ ਹੁਣ ਇਸ ਪ੍ਰਸਤਾਵ 'ਤੇ ਵੋਟਿੰਗ ਅਗਲੇ ਹਫ਼ਤੇ ਕਰਵਾਈ ਜਾਵੇਗੀ। ਬਹਿਰੀਨ ਵੱਲੋਂ ਸਪਾਂਸਰ ਕੀਤੇ ਗਏ ਇਸ ਪ੍ਰਸਤਾਵ ਨੂੰ ਸ਼ਨਿਚਰਵਾਰ ਨੂੰ ਵੋਟਿੰਗ ਲਈ ਪੇਸ਼ ਕੀਤੇ ਜਾਣ ਦੀ ਉਮੀਦ ਸੀ, ਜਿਸ ਵਿੱਚ ਸਿਰਫ ਰੱਖਿਆਤਮਕ ਕਦਮਾਂ ਦੀ ਇਜਾਜ਼ਤ ਦੇਣ ਦਾ ਉਪਬੰਧ ਹੈ, ਜਦਕਿ ਸ਼ੁਰੂਆਤ ਵਿੱਚ ਖਾੜੀ ਦੇਸ਼ ਅਤੇ ਅਮਰੀਕਾ ਹਮਲਾਵਰ ਕਾਰਵਾਈ ਦੇ ਪੱਖ ਵਿੱਚ ਸਨ। ਪ੍ਰਸਤਾਵ ਦਾ ਮਕਸਦ ਇਸ ਅਹਿਮ ਜਲਮਾਰਗ ਵਿੱਚ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ। ਬਹਿਰੀਨ ਨੇ ਸੁਰੱਖਿਆ ਪਰਿਸ਼ਦ ਦੇ ਸਾਰੇ 15 ਮੈਂਬਰ ਦੇਸ਼ਾਂ ਤੋਂ ਸਮਰਥਨ ਜੁਟਾਉਣ ਦੀ ਕੋਸ਼ਿਸ਼ ਕੀਤੀ ਪਰ ਵੋਟਿੰਗ ਟਲਣ ਤੋਂ ਸਪੱਸ਼ਟ ਹੈ ਕਿ ਇਹ ਮਸੌਦਾ ਅਜੇ ਵੀ ਰੂਸ ਅਤੇ ਚੀਨ ਨੂੰ ਪ੍ਰਵਾਨ ਨਹੀਂ ਹੈ।

## ਈਰਾਨ ਦੇ ਪ੍ਰਮਾਣੂ ਪਾਵਰ

ਵਿੱਚ ਬਿਜਲੀ ਦਾ ਉਤਪਾਦਨ ਪ੍ਰਭਾਵਿਤ ਨਹੀਂ ਹੋਇਆ ਹੈ ਅਤੇ ਸਥਿਤੀ ਕਾਬੂ ਹੇਠ ਦੱਸੀ ਜਾ ਰਹੀ ਹੈ। ਬੁਸ਼ਹਿਰ ਈਰਾਨ ਦਾ ਪਹਿਲਾ ਵਪਾਰਕ ਪਰਮਾਣੂ ਪਾਵਰ ਸਟੇਸ਼ਨ ਹੈ, ਜੋ ਫਾਰਸ ਦੀ ਖਾੜੀ ਦੇ ਕੰਢੇ ਸਥਿਤ ਹੈ।

## 'ਮੈਂ ਜ਼ਖਮੀ ਹਾਂ, ਇਸ ਲਈ ਘਾਤਕ ਹਾਂ'

ਇੱਕ ਵੀ ਦੋਸ਼ ਸਾਬਤ ਕਰਕੇ ਦਿਖਾਵੇ।ਰਾਘਵ ਚੱਢਾ ਨੇ ਪਾਰਟੀ ਦੇ ਦੋਸ਼ਾਂ ਦਾ ਦਿੱਤਾ ਜਵਾਬ ਦਿੰਦਿਆਂ ਕਿਹਾ ਕਿ ਉਹ ਵਿਰੋਧੀ ਧਿਰ ਦੇ ਵਾਕਆਊਟ ਦਾ ਸਮਰਥਨ ਨਹੀਂ ਕਰਦੇ, ਚੱਢਾ ਨੇ ਕਿਹਾ ਕਿ ਰਾਜ ਸਭਾ ਦੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਜਾ ਸਕਦੇ ਹਨ ਜੋ ਸੱਚਾਈ ਬਿਆਨ ਕਰ ਦੇਣਗੇ।

ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਵਿਰੁੱਧ ਮਹਾਂਦੋਸ਼ ਦੇ ਮਤੇ 'ਤੇ ਦਸਤਖ਼ਤ ਨਾ ਕਰਨ ਦੇ ਦੋਸ਼ 'ਤੇ ਉਨ੍ਹਾਂ ਕਿਹਾ ਕਿ 'ਆਪ' ਦੇ 10 ਵਿੱਚੋਂ 6 ਸੰਸਦ ਮੈਂਬਰਾਂ ਨੇ ਦਸਤਖ਼ਤ ਨਹੀਂ ਕੀਤੇ ਸਨ ਕਿਉਂਕਿ ਮਤੇ ਲਈ ਸਿਰਫ਼ 50 ਮੈਂਬਰਾਂ ਦੇ ਦਸਤਖ਼ਤ ਹੀ ਕਾਫ਼ੀ ਸਨ। ਉਨ੍ਹਾਂ ਕਿਹਾ ਕਿ ਕਿਸੇ ਵੀ ਆਗੂ ਨੇ ਉਨ੍ਹਾਂ ਕੋਲ ਇਸ ਲਈ ਪਹੁੰਚ ਨਹੀਂ ਕੀਤੀ ਸੀ।ਸਰਕਾਰ ਅਤੇ ਪ੍ਰਧਾਨ ਮੰਤਰੀ ਤੋਂ ਡਰਨ ਦੇ ਦੋਸ਼ 'ਤੇ ਚੱਢਾ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਪਾਣੀਆਂ, ਦਿੱਲੀ ਦੇ ਪ੍ਰਦੂਸ਼ਣ ਅਤੇ ਟੈਕਸਾਂ ਵਰਗੇ ਅਹਿਮ ਮੁੱਦੇ ਜ਼ੋਰ-ਸ਼ੋਰ ਨਾਲ ਚੁੱਕੇ ਹਨ।ਚੱਢਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਸੰਸਦ ਵਿੱਚ ਟੈਕਸ ਦਾਤਾਵਾਂ ਦੇ ਮੁੱਦੇ ਚੁੱਕਣ ਅਤੇ ਆਪਣਾ ਪ੍ਰਭਾਵ ਛੱਡਣ ਲਈ ਗਏ ਹਨ, ਨਾ ਕਿ 'ਮਾਇਕ ਤੋੜਨ ਅਤੇ ਸ਼ੋਰ ਮਚਾਉਣ' ਲਈ। ਉਨ੍ਹਾਂ 'ਆਪ' ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਖਿਲਾਫ ਫੈਲਾਏ ਜਾ ਰਹੇ ਝੂਠ ਦਾ ਪਰਦਾਫਾਸ਼ ਕਰਨਾ ਜਾਰੀ ਰੱਖਣਗੇ।ਇਸ ਬਿਆਨ ਨੇ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਹੁਣ ਜਨਤਕ ਤੌਰ 'ਤੇ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ।

## ਪੰਜਾਬ ਵਿੱਚ ਪ੍ਰਮਾਣੂ ਪਾਵਰ ਪ੍ਰੋਜੈਕਟ

ਜਾ ਰਿਹਾ। ਇਸ ਤੋਂ ਸਪਸ਼ਟ ਹੈ ਕਿ ਪੰਜਾਬ ਫਿਲਹਾਲ ਭਾਰਤ ਦੀਆਂ ਤਤਕਾਲ ਪਰਮਾਣੂ ਊਰਜਾ ਵਧਾਉਣ ਵਾਲੀਆਂ ਯੋਜਨਾਵਾਂ ਦਾ ਹਿੱਸਾ ਨਹੀਂ ਹੈ।

ਕੇਂਦਰ ਨੇ ਦੁਹਰਾਇਆ ਕਿ ਪੰਜਾਬ ਵਿੱਚ ਪਰਮਾਣੂ ਪਾਵਰ ਪ੍ਰੋਜੈਕਟਾਂ ਬਾਰੇ ਭਵਿੱਖ ਵਿੱਚ ਕੋਈ ਵੀ ਵਿਚਾਰ ਸੂਬਾ ਸਰਕਾਰ ਦੀਆਂ ਤਜਵੀਜ਼ਾਂ 'ਤੇ ਨਿਰਭਰ ਕਰੇਗਾ। ਅਜਿਹੀਆਂ ਤਜਵੀਜ਼ਾਂ ਪ੍ਰਾਪਤ ਹੋਣ ਤੋਂ ਬਾਅਦ ਹੀ ਕਿਸੇ ਥਾਂ ਦੀ ਚੋਣ ਅਤੇ ਉਸ ਦੀ ਜਾਂਚ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

## ਖਾੜੀ ਦੇਸ਼ਾਂ ਨੂੰ ਭਾਰਤ ਖ਼ਿਲਾਫ਼

ਸੰਭਾਵਨਾਵਾਂ ਅਤੇ 'ਬਲੂ ਇਕਾਨਮੀ' ਵਰਗੇ ਸਾਧਨ ਦਿੱਤੇ ਹਨ, ਪਰ ਮੌਜੂਦਾ ਸਰਕਾਰ ਕਾਰਨ ਸੂਬਾ ਵਿਕਾਸ ਦੀ ਦੌੜ ਵਿੱਚ ਪੱਛੜ ਗਿਆ ਹੈ।ਪ੍ਰਧਾਨ ਮੰਤਰੀ ਨੇ ਸਬਰੀਮਾਲਾ ਰੇਲਵੇ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਲਟਕਾ ਕੇ ਰੱਖਿਆ ਹੋਇਆ ਹੈ, ਜਿਸ ਨਾਲ ਸਥਾਨਕ ਵਪਾਰ ਅਤੇ ਨੌਜਵਾਨਾਂ ਦੇ ਰੁਜ਼ਗਾਰ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕੇਰਲ ਵਿੱਚ ਭਾਜਪਾ ਦੀ 'ਡਬਲ ਇੰਜਣ' ਸਰਕਾਰ ਆਵੇਗੀ, ਤਾਂ ਅਜਿਹੀਆਂ ਸਾਰੀਆਂ ਰੁਕਾਵਟਾਂ ਖ਼ਤਮ ਹੋ ਜਾਣਗੀਆਂ—ਇਹ ਮੋਦੀ ਦੀ ਗਾਰੰਟੀ ਹੈ।ਉਨ੍ਹਾਂ ਨੇ ਉੱਤਰ-ਪੂਰਬੀ ਰਾਜਾਂ ਅਤੇ ਗੋਆ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉੱਥੇ ਈਸਾਈ ਸਮਾਜ ਦੇ ਸਹਿਯੋਗ ਨਾਲ ਐੱਨ. ਡੀ. ਏ. ਸਰਕਾਰਾਂ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਰਹੀਆਂ ਹਨ ਅਤੇ ਕੇਰਲ ਵਿੱਚ ਵੀ ਅਜਿਹਾ ਹੀ ਸੁਨਹਿਰੀ ਯੁੱਗ ਸ਼ੁਰੂ ਹੋਵੇਗਾ।

## ਹੁਣ ਸਹਿਕਾਰੀ ਸਭਾਵਾਂ

ਕਾਰਜਕਾਲ ਦੀ ਇਹ ਕਣਕ ਦੀ ਆਖ਼ਰੀ ਖ਼ਰੀਦ ਹੈ ਅਤੇ ਸਰਕਾਰ ਖ਼ਰੀਦ ਪ੍ਰਬੰਧਾਂ ਨੂੰ ਲੈ ਕੇ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀ ਹੈ। ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਉੱਚ ਅਫ਼ਸਰਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਹਿਤ 'ਚ ਕੰਮ ਕਰਨ ਵਾਲੇ ਆੜ੍ਹਤੀਆਂ ਵਾਸਤੇ ਪ੍ਰੋਤਸਾਹਨ ਨੀਤੀ ਬਣਾਈ ਜਾਵੇ ਤਾਂ ਜੋ ਅਜਿਹੇ ਆੜ੍ਹਤੀਆਂ ਨੂੰ ਮਿਲਿੰਗ ਆਦਿ ਸਮੇਂ ਤਰਜ਼ੀਹ ਦਿੱਤੀ ਜਾਵੇ। ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਹੈ ਕਿ ਕਿਸਾਨ ਤਾਂ ਪਹਿਲਾਂ ਹੀ ਮੌਸਮ ਦੀ ਮਾਰ ਝੱਲ ਰਹੇ ਹਨ ਅਤੇ ਕਿਸਾਨਾਂ ਦਾ ਸਾਰਾ ਧਿਆਨ ਪੱਕੀ ਫ਼ਸਲ 'ਤੇ ਲੱਗਿਆ ਹੋਇਆ ਹੈ। ਆੜ੍ਹਤੀਆਂ ਤੋਂ ਇਲਾਵਾ ਪੰਜਾਬ ਸਰਕਾਰ ਸਹਿਕਾਰੀ ਸਭਾਵਾਂ ਨੂੰ ਆੜ੍ਹਤ ਦੇ ਕੰਮ ਲਈ ਪ੍ਰੇਰਨ ਦੇ ਰਾਹ ਪਈ ਹੈ। ਪੰਜਾਬ 'ਚ ਇਸ ਵੇਲੇ 3520 ਪੇਂਡੂ ਸਹਿਕਾਰੀ ਸਭਾਵਾਂ ਹਨ ਅਤੇ ਕਈ ਵੱਡੇ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਆੜ੍ਹਤ ਦਾ ਕੰਮ ਕਰ ਵੀ ਰਹੀਆਂ ਹਨ। ਪੇਂਡੂ ਸਹਿਕਾਰੀ ਸਭਾਵਾਂ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਬਹਾਦਰ ਸਿੰਘ ਦਾ ਕਹਿਣਾ ਸੀ ਕਿ ਅਗਰ ਮੁੱਖ ਮੰਤਰੀ ਸਹਿਕਾਰੀ ਸਭਾਵਾਂ ਦੇ ਹਵਾਲੇ ਆੜ੍ਹਤ ਦਾ ਕੰਮ ਕਰਨਾ ਚਾਹੁੰਦੇ ਹਨ ਤਾਂ ਇਹ ਇੱਕ ਚੰਗਾ ਫ਼ੈਸਲਾ ਹੈ ਕਿਉਂਕਿ ਇਸ ਨਾਲ ਸਹਿਕਾਰੀ ਸਭਾਵਾਂ ਨੂੰ ਵਿੱਤੀ ਸਥਿਰਤਾ ਵੀ ਮਿਲੇਗੀ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਵੀ ਕੀਤੀ ਕਿ ਆੜ੍ਹਤ ਦੇ ਕੰਮ 'ਚ ਪਾਉਣ ਤੋਂ ਪਹਿਲਾਂ ਸਹਿਕਾਰੀ ਸਭਾਵਾਂ ਨੂੰ ਸਾਰਾ ਬੁਨਿਆਦੀ ਢਾਂਚਾ ਵੀ ਦਿੱਤਾ ਜਾਵੇ ਤਾਂ ਜੋ ਹਕੀਕੀ ਮੁਸ਼ਕਲਾਂ ਨਾਲ ਨਜਿੱਠਿਆ ਵੀ ਜਾ ਸਕੇ।

## ਪੋਪ ਲਿਓ ਵੱਲੋਂ ਜੰਗ ਛੇੜਨ ਵਾਲਿਆਂ ਨੂੰ ਚਿਤਾਵਨੀ:

ਵਜੋਂ ਪੇਸ਼ ਕੀਤਾ, ਜਦਕਿ ਪੋਪ ਲਿਓ ਨੇ ਪਿਛਲੇ ਕੁਝ ਹਫ਼ਤਿਆਂ ਤੋਂ ਇਸ ਵਿਚਾਰਧਾਰਾ ਦਾ ਲਗਾਤਾਰ ਖੰਡਨ ਕੀਤਾ ਹੈ। ਪਾਮ ਸੰਡੇ ਦੇ ਮੌਕੇ 'ਤੇ ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ, 'ਪਰਮਾਤਮਾ ਉਨ੍ਹਾਂ ਲੋਕਾਂ ਦੀਆਂ ਪ੍ਰਾਰਥਨਾਵਾਂ ਨਹੀਂ ਸੁਣਦਾ ਜੋ ਜੰਗ ਛੇੜਦੇ ਹਨ। ਤੁਹਾਡੇ ਹੱਥ ਖੂਨ ਨਾਲ ਰੰਗੇ ਹੋਏ ਹਨ।" ਵੈਟੀਕਨ ਦੁਆਰਾ ਜਾਰੀ ਇੱਕ ਤਾਜ਼ਾ ਦਸਤਾਵੇਜ਼ ਵਿੱਚ ਪੋਪ ਨੇ ਦੁਨੀਆ ਦੇ ਸ਼ਕਤੀਸ਼ਾਲੀ ਨੇਤਾਵਾਂ ਨੂੰ ਸਿੱਧੀ ਚਿਤਾਵਨੀ ਦਿੱਤੀ ਹੈ, 'ਸੱਤਾ ਵਿੱਚ ਬੈਠੇ ਹਰ ਵਿਅਕਤੀ ਨੂੰ ਰੱਬ ਨੂੰ ਜਵਾਬ ਦੇਣਾ ਪਵੇਗਾ ਕਿ ਉਨ੍ਹਾਂ ਨੇ ਆਪਣੀ ਸ਼ਕਤੀ ਦੀ ਵਰਤੋਂ ਕਿਵੇਂ ਕੀਤੀ, ਕੀ ਉਨ੍ਹਾਂ ਨੇ ਜੰਗ ਸ਼ੁਰੂ ਕੀਤੀ ਜਾਂ ਖ਼ਤਮ ? ਕੀ ਉਨ੍ਹਾਂ ਨੇ ਹਿੰਸਾ ਫੈਲਾਈ ਜਾਂ ਸ਼ਾਂਤੀ ਸਥਾਪਿਤ ਕੀਤੀ ਵੈਟੀਕਨ ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ, ਪੋਪ ਦਾ ਇਹ ਨਿਸ਼ਾਨਾ ਸਿਰਫ਼ ਟਰੰਪ ਪ੍ਰਸ਼ਾਸਨ ਹੀ ਨਹੀਂ, ਸਗੋਂ ਹਰ ਉਸ ਤਾਕਤ 'ਤੇ ਹੈ ਜੋ ਜੰਗ ਨੂੰ ਜਾਇਜ਼ ਠਹਿਰਾਉਣ ਲਈ ਰੱਬ ਦੇ ਨਾਂ ਦੀ ਵਰਤੋਂ ਕਰਦੀ ਹੈ। ਪੋਪ ਲਿਓ ਦਾ ਮੰਨਣਾ ਹੈ ਕਿ ਧਰਮ ਨੂੰ ਹਿੰਸਾ ਲਈ ਵਰਤਣਾ ਇੱਕ 'ਵੱਡਾ ਪਾਪ' ਹੈ।

ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਹੈ ਕਿ ਕੋਈ ਅਮਰੀਕੀ ਮੂਲ ਦਾ ਪੋਪ (ਲਿਓ XIV ਸ਼ਿਕਾਗੋ ਤੋਂ ਹਨ) ਸਿੱਧੇ ਤੌਰ 'ਤੇ ਅਮਰੀਕੀ ਵਿਦੇਸ਼ ਨੀਤੀ ਦੇ ਧਾਰਮਿਕ ਪਹਿਲੂਆਂ ਨੂੰ ਚੁਣੌਤੀ ਦੇ ਰਿਹਾ ਹੈ। ਜਿੱਥੇ ਟਰੰਪ ਪ੍ਰਸ਼ਾਸਨ ਈਰਾਨ ਅਤੇ ਹੋਰ ਦੇਸ਼ਾਂ ਵਿਰੁੱਧ ਜੰਗ ਨੂੰ 'ਧਰਮ ਯੁੱਧ' ਵਜੋਂ ਪੇਸ਼ ਕਰ ਰਿਹਾ ਹੈ, ਉੱਥੇ ਪੋਪ ਦੀਆਂ ਗੱਲਾਂ ਨੇ ਕਈ ਕੈਥੋਲਿਕ ਦੇਸ਼ਾਂ ਅਤੇ ਅਮਰੀਕੀ ਨਾਗਰਿਕਾਂ ਨੂੰ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

## ਪੰਜਾਬ ਪੁਲਿਸ ਵੱਲੋਂ ਹੈਂਡ ਗ੍ਰਨੇਡ,

ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪਿੰਡ ਮਾਜਰੀ (ਐਸ.ਬੀ.ਐਸ. ਨਗਰ ) ਦੇ ਬਲਵਿੰਦਰ ਲਾਲ ਉਰਫ਼ ਸ਼ੰਮੀ, ਪਿੰਡ ਭਰਾਪੁਰ (ਐਸ.ਬੀ.ਐਸ. ਨਗਰ )ਦੇ ਜਸਵੀਰ ਸਿੰਘ ਉਰਫ਼ ਜੱਸੀ, ਪਿੰਡ ਸੁਜਾਵਲਪੁਰ (ਐਸਬੀਐਸ ਨਗਰ) ਦੇ ਚਰਨਜੀਤ ਸਿੰਘ ਉਰਫ਼ ਚੰਨੀ, ਪਿੰਡ ਠਾਣਾ (ਸ਼ਿਮਲਾ) ਦੇ ਰੂਬਲ ਚੌਹਾਨ ਅਤੇ ਧੂਰੀ (ਸੰਗਰੂਰ) ਦੇ ਮਨਦੀਪ ਉਰਫ਼ ਅਭਿਜੋਤ ਸ਼ਰਮਾ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਮਾਡਿਊਲ ਨੂੰ ਪਾਕਿਸਤਾਨ ਦੀ ਆਈ.ਐਸ.ਆਈ. ਦਾ ਸਮਰਥਨ ਪ੍ਰਾਪਤ ਸੀ ਅਤੇ ਇਹ ਪੁਰਤਗਾਲ ਅਤੇ ਜਰਮਨੀ ਵਿੱਚ ਸਥਿਤ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਹੇਠ ਕੰਮ ਕਰਦਾ ਸੀ। ਉਨ੍ਹਾਂ ਕਿਹਾ ਕਿ ਉਕਤ ਦੋਸ਼ੀ ਇੱਕ ਢਾਂਚਾਗਤ ਨੈੱਟਵਰਕ, ਜਿਸ ਵਿੱਚ ਹਮਲੇ ਨੂੰ ਅੰਜਾਮ ਦੇਣ ਲਈ ਕਈ ਕੱਟਆਊਟ ਅਤੇ ਸਬ-ਮਾਡਿਊਲ ਸ਼ਾਮਲ ਸਨ, ਦਾ ਹਿੱਸਾ ਸਨ।

ਡੀਜੀਪੀ ਨੇ ਕਿਹਾ ਕਿ ਹਮਲੇ ਵਿੱਚ ਸ਼ਾਮਲ ਦੋ ਮੁੱਖ ਦੋਸ਼ੀਆਂ ਦੀ ਵੀ ਪਛਾਣ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਚੰਡੀਗੜ੍ਹ ਦੇ ਸੈਕਟਰ 37 ਵਿਖੇ ਭਾਰਤੀ ਜਨਤਾ ਪਾਰਟੀ ਦੇ ਦਫਤਰ ਦੇ ਬਾਹਰ ਇੱਕ ਗ੍ਰਨੇਡ ਹਮਲਾ ਹੋਇਆ ਸੀ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦੇ ਹੋਏ ਏ.ਆਈ.ਜੀ. ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਐਸਏਐਸ ਨਗਰ ਦੀਪਕ ਪਾਰੀਕ ਨੇ ਦੱਸਿਆ ਕਿ ਜਾਂਚ ਵਿੱਚ ਹੋਰ ਖੁਲਾਸਾ ਹੋਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮਾਂ ਵੱਲੋਂ ਹੈਂਡ ਗ੍ਰਨੇਡ, ਹਥਿਆਰ ਅਤੇ ਜ਼ਿੰਦਾ ਕਾਰਤੂਸਾਂ ਵਾਲੀ ਇੱਕ ਖੇਪ ਟਰਾਂਸਪੋਰਟ ਕੀਤੀ ਗਈ ਸੀ, ਜੋ ਕਈ ਕਾਰਕੁੰਨਾਂ ਰਾਹੀਂ ਹੁੰਦੀ ਹੋਈ ਅੰਤਿਮ ਦੋਸ਼ੀਆਂ ਨੂੰ ਪ੍ਰਾਪਤ ਹੋਈ ਸੀ।

ਏ.ਆਈ.ਜੀ. ਨੇ ਕਿਹਾ ਕਿ ਪੁਰਤਗਾਲ-ਅਧਾਰਤ ਹੈਂਡਲਰ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਨੇ ਹਮਲੇ ਨੂੰ ਅੰਜਾਮ ਦੇਣ ਲਈ ਤਾਲਮੇਲ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਹਮਲੇ ਵਿੱਚ ਸ਼ਾਮਲ ਫਰਾਰ ਦੋਸ਼ੀਆਂ ਨੂੰ ਕਾਬੂ ਕਰਨ ਲਈ ਪੁਲਿਸ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ।

ਇਸ ਸਬੰਧ ਵਿੱਚ ਐਫਆਈਆਰ ਨੰਬਰ 4 ਮਿਤੀ 03/04/26 ਨੂੰ ਅਸਲਾ ਐਕਟ ਦੀ ਧਾਰਾ 25(1) (2) ਅਤੇ ਬੀਐਨਐਸ ਦੀ ਧਾਰਾ 61(2) ਦੇ ਤਹਿਤ ਪੁਲਿਸ ਸਟੇਸ਼ਨ ਐਸਐਸਓਸੀ ਐਸਬੀਐਸ ਨਗਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਈਰਾਨੀ ਤੇਲ ਟੈਂਕਰ ਦੇ ਚੀਨ ਵੱਲ ਮੁੜਨ ਪਿੱਛੇ ਭੁਗਤਾਨ

ਕਿ ਈਰਾਨੀ ਕੱਚੇ ਤੇਲ ਨਾਲ ਲੱਦਿਆ ਇੱਕ ਤੇਲ ਟੈਂਕਰ ਆਪਣੇ ਪਹਿਲੇ ਨਿਰਧਾਰਤ ਟਿਕਾਣੇ ਭਾਰਤ ਦੀ ਬਜਾਏ ਅੱਧ ਵਿਚਾਲੇ ਚੀਨ ਵੱਲ ਮੁੜ ਗਿਆ ਹੈ। ਜੇਕਰ ਇਹ ਤੇਲ ਭਾਰਤ ਆਉਂਦਾ ਤਾਂ ਇਹ ਲਗਪਗ ਸੱਤ ਸਾਲਾਂ ਵਿੱਚ ਭਾਰਤ ਆਉਣ ਵਾਲੀ ਅਜਿਹੀ ਪਹਿਲੀ ਖੇਪ ਹੋਣੀ ਸੀ। ਮੰਤਰਾਲੇ ਨੇ ਸਪਸ਼ਟ ਕੀਤਾ ਕਿ ਤੇਲ ਵਪਾਰ ਵਿੱਚ ਜਹਾਜ਼ਾਂ ਦਾ ਰਸਤਾ ਬਦਲਣਾ ਇੱਕ ਆਮ ਗੱਲ ਹੈ। ਵਪਾਰਕ ਲੋੜਾਂ ਅਤੇ ਸਹੂਲਤ ਅਨੁਸਾਰ ਸਫ਼ਰ ਦੌਰਾਨ ਲਿਆਂਦੇ ਜਾ ਰਹੇ ਮਾਲ ਦੀ ਮੰਜ਼ਿਲ ਬਦਲੀ ਜਾ ਸਕਦੀ ਹੈ, ਇਸ ਲਈ ਅਜਿਹੇ ਦਾਅਵਿਆਂ ਵਿੱਚ ਕੋਈ ਸੱਚਾਈ ਨਹੀਂ ਹੈ।

ਇਨ੍ਹਾਂ ਗੱਲਾਂ ਨੂੰ ਤੱਥਾਂ ਦੇ ਆਧਾਰ 'ਤੇ ਗਲਤ ਕਰਾਰ ਦਿੰਦਿਆਂ ਕਿ ਭੁਗਤਾਨ ਦੀਆਂ ਰੁਕਾਵਟਾਂ ਕਾਰਨ ਤੇਲ ਦੀ ਖੇਪ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਭੇਜ ਦਿੱਤੀ ਗਈ ਹੈ, ਮੰਤਰਾਲੇ ਨੇ ਸਪਸ਼ਟ ਕੀਤਾ, 'ਈਰਾਨੀ ਕੱਚੇ ਤੇਲ ਦੀ ਦਰਾਮਦ ਲਈ ਭੁਗਤਾਨ ਦੀ ਕੋਈ ਰੁਕਾਵਟ ਨਹੀਂ ਹੈ।' ਮੰਤਰਾਲੇ ਨੇ ਇਹ ਵੀ ਦੱਸਿਆ ਕਿ 'ਸੀ ਬਰਡ' ਨਾਮ ਦਾ ਇੱਕ ਐੱਲ ਪੀ ਜੀ ਜਹਾਜ਼, ਜਿਸ ਵਿੱਚ ਲਗਪਗ 44,000 ਟਨ ਈਰਾਨੀ ਐੱਲ ਪੀ ਜੀ ਸੀ, ਉਹ 2 ਅਪਰੈਲ ਨੂੰ ਮੰਗਲੌਰ ਪਹੁੰਚਿਆ ਹੈ ਅਤੇ ਇਸ ਵੇਲੇ ਮਾਲ ਉਤਾਰ ਰਿਹਾ ਹੈ।ਕਾਬਲੇਗੌਰ ਹੈ ਕਿ ਸ਼ਿਪ-ਟਰੈਕਿੰਗ ਫਰਮ 'ਕੇਪਲਰ' ਨੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਅਮਰੀਕੀ ਪਾਬੰਦੀਆਂ ਵਾਲਾ ਈਰਾਨੀ ਤੇਲ ਟੈਂਕਰ 'ਪਿੰਗ ਸ਼ੁਨ' ਹੁਣ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਦੇ ਡੋਂਗਯਿੰਗ ਵੱਲ ਜਾ ਰਿਹਾ ਹੈ। ਇਸ ਜਹਾਜ਼ 'ਤੇ ਅਮਰੀਕਾ ਨੇ ਸਾਲ 2025 ਵਿੱਚ ਪਾਬੰਦੀਆਂ ਲਗਾਈਆਂ ਸਨ। 'ਪਿੰਗ ਸ਼ੁਨ' 'ਤੇ ਮੌਜੂਦ ਤੇਲ ਉਹ ਪਹਿਲਾ ਈਰਾਨੀ ਕੱਚਾ ਤੇਲ ਹੋਣਾ ਸੀ ਜੋ ਭਾਰਤ 2019 ਤੋਂ ਬਾਅਦ ਖਰੀਦਦਾ।

## 'ਘਰ 'ਚ ਵੜ ਕੇ ਮਾਰਾਂਗੇ, ਜੰਗ ਹੁਣ

ਚਲਾਇਆ ਸੀ, ਜਿਸ ਤਹਿਤ ਮਹਿਜ਼ 22 ਮਿੰਟਾਂ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਗਿਆ ਸੀ। ਰਾਜਨਾਥ ਸਿੰਘ ਨੇ ਸਪੱਸ਼ਟ ਕੀਤਾ ਸੀ ਕਿ ਇਹ ਆਪਰੇਸ਼ਨ ਅਜੇ ਖਤਮ ਨਹੀਂ ਹੋਇਆ ਹੈ ਅਤੇ ਜੇਕਰ ਪਾਕਿਸਤਾਨ ਨੇ ਫਿਰ ਕੋਈ ਹਰਕਤ ਕੀਤੀ ਤਾਂ ਉਸ ਨੂੰ ਅਜਿਹਾ ਜਵਾਬ ਮਿਲੇਗਾ ਜੋ ਉਹ ਕਦੇ ਨਹੀਂ ਭੁੱਲੇਗਾ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਖਵਾਜਾ ਆਸਿਫ ਦਾ ਇਹ ਬਿਆਨ ਪਾਕਿਸਤਾਨ ਦੀ ਅੰਦਰੂਨੀ ਰਾਜਨੀਤੀ ਅਤੇ ਆਰਥਿਕ ਸੰਕਟ ਤੋਂ ਧਿਆਨ ਹਟਾਉਣ ਦੀ ਇੱਕ ਕੋਸ਼ਿਸ਼ ਹੈ। ਪਾਕਿਸਤਾਨ ਇਸ ਵੇਲੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਈਰਾਨ-ਇਜ਼ਰਾਈਲ ਸੰਘਰਸ਼ ਵਿੱਚ ਆਪਣੀ ਭੂਮਿਕਾ ਨੂੰ ਲੈ ਕੇ ਉਤਸ਼ਾਹਿਤ ਮਹਿਸੂਸ ਕਰ ਰਿਹਾ ਹੈ ਅਤੇ ਇਸ ਸਥਿਤੀ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਵਿੱਚ ਹੈ। ਦੂਜੇ ਪਾਸੇ, ਭਾਰਤ ਨੇ ਆਪਣੀ 'ਜ਼ੀਰੋ ਟੋਲਰੈਂਸ' ਨੀਤੀ ਨੂੰ ਦੁਹਰਾਉਂਦਿਆਂ ਸਾਫ ਕਰ ਦਿੱਤਾ ਹੈ ਕਿ ਅੱਤਵਾਦ ਦੇ ਖਿਲਾਫ ਕਾਰਵਾਈ ਜਾਰੀ ਰਹੇਗੀ।

## ਖੂਹ 'ਚ ਕਾਰ ਡਿੱਗਣ ਕਾਰਨ

ਦੀ ਪਤਨੀ ਰੇਸ਼ਮਾ, ਇੱਕ ਹੋਰ ਔਰਤ, ਆਸ਼ਾ ਅਨਿਲ ਦਰਗੁੜੇ (32) ਅਤੇ ਪਰਿਵਾਰ ਦੇ ਛੇ ਬੱਚੇ (ਪੰਜ ਕੁੜੀਆਂ ਅਤੇ ਇੱਕ ਮੁੰਡਾ) ਵਜੋਂ ਹੋਈ ਹੈ। ਅਧਿਕਾਰੀ ਨੇ ਕਿਹਾ ਕਿ ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਡਰਾਈਵਰ ਨੂੰ ਖੂਹ ਕਿਉਂ ਨਹੀਂ ਦਿਸਿਆ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਚਸ਼ਮਦੀਦਾਂ ਦੀ ਭਾਲ ਕਰ ਰਹੇ ਹਨ ਅਤੇ ਘਟਨਾ ਦੇ ਸੀਸੀਟੀਵੀ ਫੁਟੇਜ ਚੈੱਕ ਕਰ ਰਹੇ ਹਨ। ਪ੍ਰਸ਼ਾਸਨ ਨੇ ਕਿਹਾ ਕਿ ਪੂਰੀ ਜਾਂਚ ਹੋਣ ਤੋਂ ਬਾਅਦ ਹਾਦਸੇ ਦੇ ਸਹੀ ਕਾਰਨ ਸਾਹਮਣੇ ਆਉਣਗੇ।

## ਭਾਰਤੀ ਸੋਸ਼ਲ ਮੀਡੀਆ ਯੂਜ਼ਰ ਫੇਕ ਕੰਟੈਂਟ ਤੋਂ ਬਚਣ

ਦੂਜੇ ਪਾਸੇ, ਸਰਕਾਰ ਦਾ ਵਿਚਾਰ ਵੀ ਸਮਝਣਯੋਗ ਹੈ। ਡਿਜੀਟਲ ਯੁੱਗ ਵਿੱਚ ਫੇਕ ਨਿਊਜ਼, ਡੀਪਫੇਕ, ਮਿਸਇਨਫਰਮੇਸ਼ਨ ਅਤੇ ਰਾਸ਼ਟਰੀ ਸੁਰੱਖਿਆ ਨਾਲ ਜੁੜੀਆਂ ਚੀਜ਼ਾਂ ਤੇਜ਼ੀ ਨਾਲ ਫੈਲਦੀਆਂ ਹਨ। ਇਸ ਲਈ ਆਈਟੀ ਰੂਲਜ਼ 2021 ਵਿੱਚ ਸੋਧ (ਜਿਵੇਂ ਤਿੰਨ ਘੰਟਿਆਂ ਵਿੱਚ ਤਕਡਾਊਨ ਟਾਈਮਲਾਈਨ) ਅਤੇ ਸੈਕਸ਼ਨ 691 ਤਹਿਤ ਕਾਰਵਾਈਆਂ ਨੂੰ ਸਰਕਾਰ ਗਲਤ ਜਾਣਕਾਰੀ ਰੋਕਣ ਅਤੇ ਸਮਾਜਿਕ ਏਕਤਾ ਬਣਾਈ ਰੱਖਣ ਲਈ ਜ਼ਰੂਰੀ ਮੰਨਦੀ ਹੈ।

ਵਿਦੇਸ਼ੀ ਨੇਤਾਵਾਂ ਨਾਲ ਡਿਪਲੋਮੈਟਿਕ ਇਮੇਜ ਨੂੰ ਨੁਕਸਾਨ ਪਹੁੰਚਾਉਣ ਵਾਲੀ ਸਮੱਗਰੀ ਨੂੰ ਰੋਕਣਾ ਵੀ ਇੱਕ ਵਿਚਾਰਧਾਰਾ ਹੋ ਸਕਦਾ ਹੈ। ਪਰ ਸਮੱਸਿਆ ਇਸ ਗੱਲ ਵਿੱਚ ਹੈ ਕਿ ਇਹਨਾਂ ਕਾਰਵਾਈਆਂ ਵਿੱਚ ਪਾਰਦਰਸ਼ਤਾ ਦੀ ਘਾਟ ਹੈ — ਬਿਨਾਂ ਵਿਸਤ੍ਰਿਤ ਕਾਰਨਾਂ ਤੋਂ ਖਾਤੇ ਬਲਾਕ ਕਰਨਾ ਜਾਂ ਰੀਲ ਹਟਾਉਣਾ ਆਪਣੇ ਆਪ ਵਿੱਚ ਆਰਬਿਟ੍ਰੇਰੀ ਲੱਗਦਾ ਹੈ।ਪ੍ਰੈਸ ਕਲੱਬ ਆਫ਼ ਇੰਡੀਆ ਵੱਲੋਂ ਸੁਪਰੀਮ ਕੋਰਟ ਦੇ ਸ਼੍ਰੇਯਾ ਸਿੰਘਲ ਵਰਸਿਜ਼ ਯੂਨੀਅਨ ਆਫ਼ ਇੰਡੀਆ ਫੈਸਲੇ ਦਾ ਹਵਾਲਾ ਦੇਣਾ ਯੋਗ ਹੈ, ਜਿਸ ਵਿੱਚ ਵਾਇਗ ਤੇ ਆਧਾਰਿਤ ਸੈਂਸਰਸ਼ਿਪ ਨੂੰ ਗਲਤ ਠਹਿਰਾਇਆ ਗਿਆ ਸੀ।

ਅੱਜ ਜੇਕਰ ਇਸ ਤਰ੍ਹਾਂ ਦੀਆਂ ਕਾਰਵਾਈਆਂ ਵਧਦੀਆਂ ਰਹੀਆਂ ਤਾਂ ਇਸ ਨਾਲ ਭਾਰਤ ਦੀ ਇਮੇਜ ਇੱਕ ਖੁੱਲ੍ਹੀ ਬਹਿਸ ਵਾਲੇ ਲੋਕਤੰਤਰ ਵਜੋਂ ਖਰਾਬ ਹੋ ਸਕਦੀ ਹੈ, ਖਾਸ ਕਰਕੇ ਜਦੋਂ ਅੰਤਰਰਾਸ਼ਟਰੀ ਮੀਡੀਆ ਇਸਨੂੰ 'ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ' ਵਜੋਂ ਪੇਸ਼ ਕਰ ਰਿਹਾ ਹੈ।ਅੱਗੋਂ ਭਾਰਤ ਵਿੱਚ ਔਨਲਾਈਨ ਅਤੇ ਡਿਜੀਟਲ ਮੀਡੀਆ ਦਾ ਰਵਈਆ ਕਿਹੋ ਜਿਹਾ ਰਹੇਗਾ? ਮੈਂ ਸੋਚਦਾ ਹਾਂ ਕਿ ਇਹ ਹੋਰ ਵੀ ਸਾਵਧਾਨੀ ਵਾਲਾ ਅਤੇ ਸਵੈ-ਸੈਂਸਰਸ਼ਿਪ ਵਾਲਾ ਬਣ ਸਕਦਾ ਹੈ।

ਨਵੀਆਂ ਆਈਟੀ ਰੂਲਜ਼ ਵਿੱਚ ਤਿੰਨ ਘੰਟਿਆਂ ਦੀ ਤੇਜ਼ ਤਕਡਾਊਨ ਟਾਈਮਲਾਈਨ, ਵੱਖ-ਵੱਖ ਮੰਤਰਾਲਿਆਂ ਨੂੰ ਬਲਾਕਿੰਗ ਅਧਿਕਾਰ ਦੇਣਾ ਅਤੇ ਏਆਈ-ਜਨਰੇਟਿਡ ਕੰਟੈਂਟ 'ਤੇ ਲੇਬਲਿੰਗ ਵਰਗੀਆਂ ਤਗੀਆਂ ਨਾਲ ਪਲੇਟਫਾਰਮਾਂ ਅਤੇ ਕੰਟੈਂਟ ਕ੍ਰੀਏਟਰਾਂ 'ਤੇ ਦਬਾਅ ਵਧੇਗਾ। ਛੋਟੇ-ਛੋਟੇ ਵਿਅੰਗਾਤਮਕ ਖਾਤੇ ਜਾਂ ਆਜ਼ਾਦ ਨਿਊਜ਼ ਪੋਰਟਲ ਆਪਣੀ ਸਮੱਗਰੀ ਬਣਾਉਣ ਵੇਲੇ ਦੁਬਿਧਾ ਵਿੱਚ ਪੈ ਸਕਦੇ ਹਨ — ਇੱਕ ਤਰਫ ਆਜ਼ਾਦੀ ਚਾਹੀਦੀ ਹੈ, ਦੂਜੇ ਤਰਫ ਖਾਤਾ ਬਲਾਕ ਹੋਣ ਦਾ ਡਰ।ਇਸ ਤੋਂ ਇਲਾਵਾ ਡੀਪਫੇਕ ਅਤੇ ਮਿਸਇਨਫਰਮੇਸ਼ਨ ਰੋਕਣ ਲਈ ਸਖ਼ਤੀ ਜਰੂਰੀ ਹੈ, ਪਰ ਇਸਨੂੰ ਆਲੋਚਨਾਤਮਕ ਆਵਾਜ਼ਾਂ ਨੂੰ ਦਬਾਉਣ ਲਈ ਨਾ ਵਰਤਿਆ ਜਾਵੇ।

ਅੱਜ ਭਵਿੱਖ ਵਿੱਚ ਡਿਜੀਟਲ ਮੀਡੀਆ ਵਧੇਰੇ ਰੈਗੂਲੇਟਿਡ ਲੱਗੇਗਾ — ਪਲੇਟਫਾਰਮਾਂ ਨੂੰ ਲੋਕਲ ਕੰਪਲਾਇੰਸ ਅਫਸਰ ਰੱਖਣੇ ਪੈਣਗੇ, ਤੇਜ਼ੀ ਨਾਲ ਰਿਸਪਾਂਸ ਦੇਣਾ ਪਵੇਗਾ ਅਤੇ ਛੋਟੇ ਕ੍ਰੀਏਟਰਾਂ ਲਈ ਲੀਗਲ ਰਿਸਕ ਵਧੇਗਾ। ਇਸ ਨਾਲ ਇੱਕ ਤਰਫ ਸਾਫ਼-ਸੁਥਰਾ ਡਿਜੀਟਲ ਸਪੇਸ ਬਣ ਸਕਦਾ ਹੈ, ਪਰ ਦੂਜੇ ਤਰਫ ਰਚਨਾਤਮਕਤਾ ਅਤੇ ਬਹਿਸ ਦੀ ਆਜ਼ਾਦੀ ਘਟ ਸਕਦੀ ਹੈ।ਅੰਤ ਵਿੱਚ, ਸੰਤੁਲਨ ਲੱਭਣਾ ਜ਼ਰੂਰੀ ਹੈ।

ਅੱਜ ਸਰਕਾਰ ਨੂੰ ਆਪਣੀਆਂ ਕਾਰਵਾਈਆਂ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਜਸਟੀਫਿਕੇਸ਼ਨ ਵਧਾਉਣਾ ਚਾਹੀਦਾ ਹੈ, ਤਾਂ ਜੋ ਇਹ ਆਜ਼ਾਦੀ ਆਪਣੀ ਆਵਾਜ਼ ਨਾਲ ਟਕਰਾਉਣ ਵਾਲੀਆਂ ਨਾ ਲੱਗਣ। ਡਿਜੀਟਲ ਮੀਡੀਆ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਕਿ ਉਹ ਫੇਕ ਕੰਟੈਂਟ ਤੋਂ ਬਚੇ ਅਤੇ ਤੱਥਾਂ 'ਤੇ ਆਧਾਰਿਤ ਬਹਿਸ ਨੂੰ ਉਤਸ਼ਾਹਿਤ ਕਰੇ। ਇਸ ਤਰ੍ਹਾਂ ਹੀ ਭਾਰਤ ਇੱਕ ਮਜ਼ਬੂਤ ਲੋਕਤੰਤਰ ਵਜੋਂ ਆਪਣੀ ਡਿਜੀਟਲ ਤਾਕਤ ਨੂੰ ਬਣਾਈ ਰੱਖ ਸਕਦਾ ਹੈ।

# ਭਗਵੰਤ ਮਾਨ ਦਾ "ਰੰਗਲੇ ਪੰਜਾਬ" ਦਾ ਸੁਪਨਾ ਹੋਇਆ ਸਾਕਾਰ

# 4 ਸਾਲਾਂ 'ਚ ਬਦਲੀ ਸੂਬੇ ਦੀ ਤਕਦੀਰ ਤੇ ਤਸਵੀਰ



"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਪਿਛਲੇ 4 ਸਾਲਾਂ ਦਾ ਸਫ਼ਰ ਬੇਮਿਸਾਲ ਤਬਦੀਲੀਆਂ ਦਾ ਗਵਾਹ ਰਿਹਾ ਹੈ। ਸੀ.ਐਮ. ਮਾਨ ਦੀ 'ਪੰਜਾਬ ਪੱਖੀ' ਅਤੇ 'ਲੋਕ ਪੱਖੀ' ਸੋਚ ਨੇ ਸੂਬੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਦੀ ਦੂਰਅੰਦੇਸ਼ੀ ਸਦਕਾ ਅੱਜ ਪੰਜਾਬ ਦੇ ਸਰਕਾਰੀ ਸਕੂਲ ਦੇਸ਼ ਭਰ ਵਿੱਚੋਂ ਪਹਿਲੇ ਨੰਬਰ 'ਤੇ ਆਏ ਹਨ, ਜੋ ਕਿਸੇ ਸਮੇਂ ਨਿੱਜੀ ਅਦਾਰਿਆਂ ਤੋਂ ਪਿੱਛੇ ਸਮਝੇ ਜਾਂਦੇ ਸਨ। ਭਗਵੰਤ ਮਾਨ ਦਾ ਮੰਨਣਾ ਹੈ ਕਿ ਜੇਕਰ ਨੀਅਤ ਸਾਫ਼ ਹੋਵੇ ਤਾਂ ਵੱਡੇ ਤੋਂ ਵੱਡੇ ਸੁਧਾਰ ਕੀਤੇ ਜਾ ਸਕਦੇ ਹਨ। ਇਸੇ ਜਜ਼ਬੇ ਨਾਲ ਉਨ੍ਹਾਂ ਨੇ 'ਸਰਕਾਰ ਤੁਹਾਡੇ ਦੁਆਰ' ਵਰਗੇ ਉਪਰਾਲੇ ਕਰਕੇ ਪ੍ਰਸ਼ਾਸਨ ਨੂੰ ਲੋਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ ਹੈ। ਰੁਜ਼ਗਾਰ ਦੇ ਖੇਤਰ ਵਿੱਚ ਉਨ੍ਹਾਂ ਨੇ ਸਿਫ਼ਾਰਿਸ਼ ਅਤੇ ਰਿਸ਼ਵਤਖੋਰੀ ਦੇ ਦੌਰ ਨੂੰ ਖ਼ਤਮ ਕਰਕੇ ਹਜ਼ਾਰਾਂ ਨੌਜਵਾਨਾਂ ਨੂੰ ਸਿਰਫ਼ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਮੁੱਖ ਮੰਤਰੀ ਦੀ ਸਿੱਧੀ ਨਿਗਰਾਨੀ ਹੇਠ ਹੋ ਰਹੇ ਇਹ ਕੰਮ ਦਰਸਾਉਂਦੇ ਹਨ ਕਿ ਪੰਜਾਬ ਹੁਣ ਮੁੜ 'ਰੰਗਲਾ ਪੰਜਾਬ' ਬਣਨ ਦੀ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।"

## ਪੰਜਾਬ ਦੇ ਸਰਕਾਰੀ ਸਕੂਲਾਂ ਨੇ ਗੱਡੇ ਸਫ਼ਲਤਾ ਦੇ ਝੰਡੇ

### ਪੰਜਾਬ ਦੀ ਨਵੀਂ ਸਿੱਖਿਆ ਕ੍ਰਾਂਤੀ ਸੂਬੇ ਦੇ ਵਿਕਾਸ ਦਾ ਨਵਾਂ ਅਧਿਆਏ ਲਿਖੇਗੀ

ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਕ੍ਰਾਂਤੀਕਾਰੀ ਬਦਲਾਅ ਹੁਣ ਇਤਿਹਾਸਕ ਨਤੀਜੇ ਦੇਣ ਲੱਗੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਲੜੀ ਤਹਿਤ ਸਿੱਖਿਆ ਵਿਭਾਗ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਹੁਣ ਸਿੱਖਿਆ ਦੇ ਮਾਮਲੇ ਵਿੱਚ ਕੇਰਲ ਵਰਗੇ ਸੂਬਿਆਂ ਨੂੰ ਪਛਾੜ ਕੇ ਦੇਸ਼ ਭਰ ਵਿੱਚ ਪਹਿਲੇ ਸਥਾਨ 'ਤੇ ਆ ਗਿਆ ਹੈ। ਨੈਸ਼ਨਲ ਅਚੀਵਮੈਂਟ ਸਰਵੇ 2024 ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਔਸਤ ਨਾਲੋਂ 18 ਫ਼ੀਸਦੀ ਵੱਧ ਅੰਕ ਹਾਸਲ ਕਰਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਸੂਬਾ ਸਰਕਾਰ ਨੇ ਸਿੱਖਿਆ ਨੂੰ ਸਭ ਤੋਂ ਉੱਚੀ ਤਰਜੀਹ ਦਿੰਦਿਆਂ ਸਿੱਖਿਆ ਬਜਟ ਨੂੰ ਸਾਲ 2021-22 ਦੇ 12,657 ਕਰੋੜ ਰੁਪਏ ਤੋਂ ਵਧਾ ਕੇ ਸਾਲ 2026-27 ਲਈ 19,279 ਕਰੋੜ ਰੁਪਏ ਕਰ ਦਿੱਤਾ ਹੈ ਅਤੇ ਵਿਸ਼ਵ ਬੈਂਕ ਦੀ ਭਾਈਵਾਲੀ ਨਾਲ 3,500 ਕਰੋੜ ਰੁਪਏ ਦਾ 'ਸਿੱਖਿਆ ਕ੍ਰਾਂਤੀ ਫੇਜ਼-2' ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਸਿੱਖਿਆ ਮਾਡਲ ਦੀ ਵੱਡੀ ਸਫ਼ਲਤਾ ਦਾ ਸਬੂਤ ਸਾਲ 2026 ਦੇ ਨਤੀਜੇ ਹਨ ਜਿੱਥੇ ਸਰਕਾਰੀ ਸਕੂਲਾਂ ਦੇ 740 ਵਿਦਿਆਰਥੀਆਂ ਨੇ ਜੇਈਈ ਅਤੇ 1,284 ਵਿਦਿਆਰਥੀਆਂ ਨੇ ਨੀਟ ਵਰਗੀਆਂ ਔਖੀਆਂ ਪ੍ਰੀਖਿਆਵਾਂ ਪਾਸ ਕਰਕੇ ਇਤਿਹਾਸ ਰਚਿਆ ਹੈ। ਸੂਬੇ ਵਿੱਚ 118 'ਸਕੂਲ ਆਫ਼ ਐਮੀਨੈਂਸ' ਸਥਾਪਿਤ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ 60 ਸਕੂਲ ਪੂਰੀ ਤਰ੍ਹਾਂ ਚਾਲੂ ਹੋ ਚੁੱਕੇ ਹਨ ਅਤੇ ਇਨ੍ਹਾਂ ਸਕੂਲਾਂ ਦੀਆਂ 15,500 ਵਿਦਿਆਰਥਣਾਂ ਲਈ ਮੁਫ਼ਤ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ। ਅਧਿਆਪਕਾਂ ਨੂੰ ਨਵੀਨਤਮ ਤਕਨੀਕਾਂ ਨਾਲ ਲੈਸ ਕਰਨ ਲਈ ਉਨ੍ਹਾਂ ਨੂੰ ਸਿੰਗਾਪੁਰ, ਫਿਨਲੈਂਡ ਤੇ ਆਈਆਈਐਮ ਅਹਿਮਦਾਬਾਦ ਵਰਗੇ ਵਿਸ਼ਵ ਪੱਧਰੀ ਸੰਸਥਾਨਾਂ ਵਿੱਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ। ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦਿਆਂ ਸਾਰੇ ਸਰਕਾਰੀ ਸਕੂਲਾਂ ਵਿੱਚ ਹਾਈ-ਸਪੀਡ ਫਾਈਬਰ ਵਾਈ-ਫਾਈ ਦੀ ਸਹੂਲਤ ਦਿੱਤੀ ਗਈ ਹੈ ਅਤੇ ਸੁਰੱਖਿਆ ਤੇ ਸਫਾਈ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਨਵੀਂ ਭਰਤੀ ਕੀਤੀ ਗਈ ਹੈ।

ਵਿਦਿਆਰਥੀਆਂ ਵਿੱਚ ਉੱਦਮੀ ਸੋਚ ਪੈਦਾ ਕਰਨ ਲਈ 'ਬਿਜ਼ਨੈੱਸ ਬਲਾਸਟਰ' ਸਕੀਮ ਰਾਹੀਂ ਉਨ੍ਹਾਂ ਨੂੰ ਰੁਜ਼ਗਾਰ ਦਾਤਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ 11ਵੀਂ ਜਮਾਤ 'ਚ ਐਂਟਰਪ੍ਰੀਨਿਓਰਸ਼ਿਪ ਵਿਸ਼ਾ ਸ਼ੁਰੂ ਕੀਤਾ ਹੈ। ਉੱਚ ਸਿੱਖਿਆ ਵਿੱਚ ਸੁਧਾਰ ਕਰਦਿਆਂ ਪੰਜਾਬ ਨੇ ਦੇਸ਼ ਦੀ ਪਹਿਲੀ 'ਡਿਜੀਟਲ ਓਪਨ ਯੂਨੀਵਰਸਿਟੀ ਪਾਲਿਸੀ-2026' ਪੇਸ਼ ਕੀਤੀ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਸਰਕਾਰੀ ਸਕੂਲਾਂ ਦਾ ਪੱਧਰ ਹੁਣ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਹੋ ਗਿਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਕੈਨੇਡਾ ਤੇ ਆਸਟ੍ਰੇਲੀਆ ਵਰਗੇ ਮੁਲਕਾਂ ਤੋਂ ਵਿਦਿਆਰਥੀ ਪੰਜਾਬ 'ਚ ਸਿੱਖਿਆ ਲੈਣ ਆਉਣਗੇ। ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਇਸ ਨੂੰ ਦਫ਼ਤਰੀ ਕੰਮਕਾਜ ਲਈ ਲਾਜ਼ਮੀ ਕੀਤਾ ਗਿਆ ਹੈ ਤੇ ਹਜ਼ਾਰਾਂ ਦੁਰਲੱਭ ਹੱਥ-ਲਿਖਤਾਂ ਤੇ ਕਿਤਾਬਾਂ ਦਾ ਡਿਜੀਟਾਈਜ਼ੇਸ਼ਨ ਕੀਤਾ ਜਾ ਰਿਹਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਵਿਰਾਸਤ ਨਾਲ ਜੁੜੀਆਂ ਰਹਿ ਸਕਣ।




ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਜਸ਼ੈਲੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦੀ ਸੰਵੇਦਨਸ਼ੀਲਤਾ ਤੇ ਲੋਕਾਂ ਪ੍ਰਤੀ ਦਰਦ ਹੈ। ਉਨ੍ਹਾਂ ਨੇ ਦੇਸ਼ ਦੀ ਖ਼ਾਤਰ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਲਈ 1 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਨਿਸ਼ਚਿਤ ਕਰਕੇ ਇੱਕ ਅਜਿਹੀ ਮਿਸਾਲ ਪੇਸ਼ ਕੀਤੀ ਹੈ ਜਿਸ ਦੀ ਚਰਚਾ ਪੂਰੇ ਦੇਸ਼ ਵਿੱਚ ਹੋ ਰਹੀ ਹੈ। ਇਹ ਫੈਸਲਾ ਉਨ੍ਹਾਂ ਦੀ ਸ਼ਹੀਦਾਂ ਪ੍ਰਤੀ ਡੂੰਘੀ ਸ਼ਰਧਾ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਬਿਹਤਰੀ ਲਈ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਿਹਤ ਦੇ ਖੇਤਰ ਵਿੱਚ 'ਆਮ ਆਦਮੀ ਕਲੀਨਿਕਾਂ' ਦਾ ਜਾਲ ਵਿਛਾ ਕੇ ਉਨ੍ਹਾਂ ਨੇ ਗਰੀਬ ਤੇ ਮੱਧ ਵਰਗ ਦੇ ਲੋਕਾਂ ਲਈ ਮਿਆਰੀ ਇਲਾਜ ਮੁਫ਼ਤ ਅਤੇ ਸੁਖਾਲਾ ਬਣਾ ਦਿੱਤਾ ਹੈ। ਸੀ.ਐਮ. ਮਾਨ ਨੇ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾ ਕੇ ਸਰਕਾਰੀ ਤੰਤਰ ਵਿੱਚੋਂ ਵਿਚੋਲਿਆਂ ਦਾ ਖ਼ਾਤਮਾ ਕੀਤਾ ਹੈ। ਉਨ੍ਹਾਂ ਦਾ ਹਰ ਕਦਮ ਇਸ ਜਜ਼ਬੇ ਨਾਲ ਭਰਿਆ ਹੁੰਦਾ ਹੈ ਕਿ ਪੰਜਾਬ ਦੇ ਖ਼ਜ਼ਾਨੇ ਦਾ ਇੱਕ-ਇੱਕ ਪੈਸਾ ਆਮ ਜਨਤਾ ਦੀ ਭਲਾਈ ਲਈ ਵਰਤਿਆ ਜਾਵੇ। 4 ਸਾਲਾਂ ਦੀ ਇਹ ਰਿਪੋਰਟ ਕਾਰਡ ਗਵਾਹੀ ਦਿੰਦੀ ਹੈ ਕਿ ਭਗਵੰਤ ਮਾਨ ਦੀ ਨੀਅਤ ਅਤੇ ਨੀਤੀ ਨੇ ਪੰਜਾਬ ਨੂੰ ਇੱਕ ਖੁਸ਼ਹਾਲ ਅਤੇ ਉੱਨਤ ਸੂਬਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

## ਸਿਹਤ ਸੇਵਾਵਾਂ ਨੇ ਨਾਗਰਿਕਾਂ ਲਈ ਮਿਆਰੀ ਇਲਾਜ ਨੂੰ ਬਣਾਇਆ ਹਕੀਕਤ

### 75 ਸਾਲਾਂ ਦਾ ਰਿਕਾਰਡ ਚਾਰ ਸਾਲਾਂ ਵਿੱਚ ਟੁੱਟਿਆ, ਆਮ ਆਦਮੀ ਕਲੀਨਿਕ ਸਿਹਤ ਕ੍ਰਾਂਤੀ ਦੇ ਅਹਿਮ ਹਿੱਸੇ ਵਜੋਂ ਉਭਰੇ

- ਪੰਜਾਬ ਸਰਕਾਰ ਨੇ 990 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ
- ਸਰੀਰਕ ਤੰਦਰੁਸਤੀ ਅਤੇ ਬਿਮਾਰੀਆਂ ਤੋਂ ਬਚਾਅ ਲਈ 'ਸੀ.ਐਮ. ਦੀ ਯੋਗਸ਼ਾਲਾ' ਤਹਿਤ ਰੋਜ਼ਾਨਾ ਲਗਭਗ 2 ਲੱਖ ਲੋਕ ਮੁਫ਼ਤ ਯੋਗ ਦੀ ਸਿਖਲਾਈ ਲੈ ਰਹੇ ਹਨ

ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਜੋ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ, ਉਸ ਨੇ ਸੂਬੇ ਦੇ ਹਰ ਨਾਗਰਿਕ ਲਈ ਮਿਆਰੀ ਇਲਾਜ ਨੂੰ ਹਕੀਕਤ ਬਣਾ ਦਿੱਤਾ ਹੈ। ਮੁੱਖ ਮੰਤਰੀ ਸਿਹਤ ਯੋਜਨਾ ਦੇ ਰੂਪ ਵਿੱਚ ਸਰਕਾਰ ਨੇ ਇੱਕ ਅਜਿਹਾ ਇਤਿਹਾਸਕ ਕਦਮ ਚੁੱਕਿਆ ਹੈ ਜਿਸ ਤਹਿਤ ਹੁਣ ਸੂਬੇ ਦੇ ਹਰ ਪਰਿਵਾਰ ਨੂੰ ਸਰਕਾਰੀ ਹਸਪਤਾਲ ਅਤੇ ਇੰਪੈਨਲਡ ਪ੍ਰਮੁੱਖ ਨਿੱਜੀ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਮੁਫ਼ਤ ਤੇ ਕੈਸ਼ਲੇਸ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਹ ਯੋਜਨਾ ਨਾ ਸਿਰਫ਼ ਭਾਰਤ ਬਲਕਿ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਬੀਮਾ ਯੋਜਨਾ ਵਜੋਂ ਉੱਭਰ ਰਹੀ ਹੈ, ਜਿਸ ਦਾ ਸਿੱਧਾ ਫਾਇਦਾ ਉਨ੍ਹਾਂ ਪਰਿਵਾਰਾਂ ਨੂੰ ਮਿਲ ਰਿਹਾ ਹੈ ਜੋ ਪਹਿਲਾਂ ਮਹਿੰਗੇ ਇਲਾਜ ਕਾਰਨ ਕਰਜ਼ੇ ਦੇ ਜਾਲ ਵਿੱਚ ਫਸ ਜਾਂਦੇ ਸਨ। ਹੁਣ ਗੰਭੀਰ ਬਿਮਾਰੀਆਂ ਦਾ ਇਲਾਜ ਆਮ ਆਦਮੀ ਦੀ ਪਹੁੰਚ ਵਿੱਚ ਹੈ।

ਇਸ ਸਿਹਤ ਕ੍ਰਾਂਤੀ ਦਾ ਸਭ ਤੋਂ ਅਹਿਮ ਹਿੱਸਾ 'ਆਮ ਆਦਮੀ ਕਲੀਨਿਕ' ਹਨ, ਜਿਨ੍ਹਾਂ ਨੇ ਬੁਨਿਆਦੀ ਸਿਹਤ ਢਾਂਚੇ ਦੀ ਪੂਰੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ। ਅੰਕੜਿਆਂ ਦੀ ਨਜ਼ਰ ਤੋਂ ਦੇਖੀਏ ਤਾਂ ਮੌਜੂਦਾ ਸਰਕਾਰ ਨੇ ਮਹਿਜ਼ ਚਾਰ ਸਾਲਾਂ ਦੇ ਥੋੜ੍ਹੇ ਜਿਹੇ ਵਕਫ਼ੇ ਵਿੱਚ 990 ਆਮ ਆਦਮੀ ਕਲੀਨਿਕ ਸਥਾਪਿਤ ਕਰਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਨ੍ਹਾਂ ਕਲੀਨਿਕਾਂ ਦੀ ਸਫ਼ਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣ ਤੱਕ ਓ.ਪੀ.ਡੀ. ਦੀ ਗਿਣਤੀ 5 ਕਰੋੜ ਤੋਂ ਵੱਧ ਹੋ ਚੁੱਕੀ ਹੈ। ਇਨ੍ਹਾਂ ਕੇਂਦਰਾਂ ਵਿੱਚ ਮਿਲਣ ਵਾਲੀਆਂ ਮੁਫ਼ਤ ਦਵਾਈਆਂ ਅਤੇ ਟੈਸਟਾਂ ਨੇ ਆਮ ਲੋਕਾਂ ਦੇ ਕਰੋੜਾਂ ਰੁਪਏ ਬਚਾਏ ਹਨ ਅਤੇ ਉਨ੍ਹਾਂ ਨੂੰ ਘਰਾਂ ਦੇ ਨੇੜੇ ਹੀ ਵਧੀਆ ਇਲਾਜ ਮੁਹੱਈਆ ਕਰਵਾਇਆ ਹੈ।

ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਸਿਰਫ਼ ਇਮਾਰਤਾਂ ਹੀ ਨਹੀਂ, ਸਗੋਂ ਮਾਹਿਰ ਡਾਕਟਰਾਂ ਦੀ ਘਾਟ ਨੂੰ ਵੀ ਪੂਰਾ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਸਰਕਾਰੀ ਹਸਪਤਾਲਾਂ ਵਿੱਚ 1,575 ਨਵੇਂ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ, ਤਾਂ ਜੋ ਮਰੀਜ਼ਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ। ਇਸ ਦੇ ਨਾਲ ਹੀ, ਸੜਕ ਹਾਦਸਿਆਂ ਵਿੱਚ ਜਾਨਾਂ ਬਚਾਉਣ ਲਈ 'ਫਰਿਸ਼ਤੇ ਯੋਜਨਾ' ਇੱਕ ਵੱਡੀ ਉਮੀਦ ਬਣ ਕੇ ਉੱਭਰੀ ਹੈ। ਇਸ ਯੋਜਨਾ ਤਹਿਤ ਹਾਦਸੇ ਦੇ ਸ਼ਿਕਾਰ ਲੋਕਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ ਅਤੇ ਮਦਦ ਕਰਨ ਵਾਲਿਆਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ, ਜਿਸ ਸਦਕਾ ਹੁਣ ਤੱਕ 1,700 ਤੋਂ ਵੱਧ ਕੀਮਤੀ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ।

ਸਰੀਰਕ ਤੰਦਰੁਸਤੀ ਅਤੇ ਬਿਮਾਰੀਆਂ ਤੋਂ ਬਚਾਅ ਲਈ 'ਸੀ.ਐਮ. ਦੀ ਯੋਗਸ਼ਾਲਾ' ਤਹਿਤ ਰੋਜ਼ਾਨਾ ਲਗਭਗ 2 ਲੱਖ ਲੋਕ ਮੁਫ਼ਤ ਯੋਗ ਦੀ ਸਿਖਲਾਈ ਲੈ ਰਹੇ ਹਨ, ਜਿਸ ਨਾਲ ਸੂਬੇ ਵਿੱਚ ਸਿਹਤਮੰਦ ਜੀਵਨ ਸ਼ੈਲੀ ਨੂੰ ਹੁਲਾਰਾ ਮਿਲ ਰਿਹਾ ਹੈ। ਭਵਿੱਖ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਸਰਕਾਰ ਵੱਲੋਂ ਪੰਜਾਬ ਵਿੱਚ ਸੱਤ ਨਵੇਂ ਮੈਡੀਕਲ ਕਾਲਜਾਂ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ। ਇਨ੍ਹਾਂ ਕਾਲਜਾਂ ਦੇ ਬਣਨ ਨਾਲ ਐਮ.ਬੀ.ਬੀ.ਐਸ. (MBBS) ਦੀਆਂ ਸੀਟਾਂ ਵਿੱਚ 600 ਦਾ ਵਾਧਾ ਹੋਵੇਗਾ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸੂਬੇ ਨੂੰ ਹੋਰ ਵੀ ਯੋਗ ਡਾਕਟਰ ਮਿਲਣਗੇ। ਇਹ ਸਾਰੇ ਕਦਮ ਸਾਬਿਤ ਕਰਦੇ ਹਨ ਕਿ ਪੰਜਾਬ ਹੁਣ ਸਿਹਤ ਦੇ ਖੇਤਰ ਵਿੱਚ ਪੂਰੇ ਦੇਸ਼ ਲਈ ਇੱਕ ਰੋਲ ਮਾਡਲ ਬਣ ਚੁੱਕਾ ਹੈ।




## ਪੀ.ਐਸ.ਪੀ.ਸੀ.ਐਲ. ਦੀ ਉੱਚੀ ਉਡਾਣ: ਦੇਸ਼ ਭਰ ਵਿੱਚੋਂ ਮਿਲੀ 'ਏ ਪਲੱਸ' ਰੇਟਿੰਗ

ਪੰਜਾਬ ਵਿੱਚ ਬਿਜਲੀ ਸਪਲਾਈ ਅਤੇ ਇਸ ਦੀਆਂ ਦਰਾਂ ਨੂੰ ਲੈ ਕੇ ਇੱਕ ਅਜਿਹਾ ਇਨਕਲਾਬੀ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ, ਜਿਸ ਨੇ ਆਮ ਜਨਤਾ ਤੋਂ ਲੈ ਕੇ ਉਦਯੋਗਪਤੀਆਂ ਤੱਕ ਸਭ ਨੂੰ ਵੱਡੀ ਆਰਥਿਕ ਰਾਹਤ ਦਿੱਤੀ ਹੈ। ਸੂਬੇ ਦੇ ਲਗਭਗ 90 ਫੀਸਦੀ ਘਰਾਂ ਨੂੰ ਹੁਣ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ, ਜਿਸ ਨੇ ਮਹਿੰਗਾਈ ਦੇ ਦੌਰ ਵਿੱਚ ਮੱਧ ਵਰਗੀ ਅਤੇ ਗਰੀਬ ਪਰਿਵਾਰਾਂ ਦੇ ਘਰੇਲੂ ਬਜਟ ਨੂੰ ਵੱਡਾ ਸਹਾਰਾ ਦਿੱਤਾ ਹੈ। ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਬਿਜਲੀ ਦੀਆਂ ਦਰਾਂ ਵਧਣ ਦੀ ਬਜਾਏ ਘਟਾਈਆਂ ਗਈਆਂ ਹਨ। ਸਰਕਾਰ ਨੇ ਘਰੇਲੂ ਉਪਭੋਗਤਾਵਾਂ ਲਈ 1.5 ਰੁਪਏ ਪ੍ਰਤੀ ਯੂਨਿਟ, ਵਪਾਰਕ ਖਪਤਕਾਰਾਂ ਲਈ 79 ਪੈਸੇ ਅਤੇ ਉਦਯੋਗਾਂ ਲਈ 74 ਪੈਸੇ ਦੀ ਕਟੌਤੀ ਕਰਕੇ ਸੂਬੇ ਵਿੱਚ ਨਿਵੇਸ਼ ਅਤੇ ਵਪਾਰ ਲਈ ਸਾਜ਼ਗਾਰ ਮਾਹੌਲ ਸਿਰਜਿਆ ਹੈ।

ਬਿਜਲੀ ਦੀ ਪੈਦਾਵਾਰ ਨੂੰ ਸਸਤਾ ਅਤੇ ਸਥਿਰ ਬਣਾਉਣ ਲਈ ਸਰਕਾਰ ਨੇ ਇੱਕ ਬਹੁਤ ਹੀ ਦਲੇਰਾਨਾ ਕਦਮ ਚੁੱਕਦਿਆਂ 540 ਮੇਗਾਵਾਟ ਦਾ ਜੀ.ਵੀ.ਕੇ. (GVK) ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ। ਕਿਸੇ ਸਰਕਾਰ ਵੱਲੋਂ ਨਿੱਜੀ ਪਲਾਂਟ ਨੂੰ ਸਰਕਾਰੀ ਬਣਾਉਣ ਦਾ ਇਹ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ, ਜਿਸ ਨਾਲ ਬਿਜਲੀ ਉਤਪਾਦਨ ਦੀ ਲਾਗਤ ਵਿੱਚ ਵੱਡੀ ਕਮੀ ਆਵੇਗੀ। ਇਸ ਤੋਂ ਇਲਾਵਾ, ਪਛਵਾੜਾ ਕੋਲਾ ਖਾਣ ਤੋਂ ਸਸਤਾ ਕੋਲਾ ਮਿਲਣਾ ਸ਼ੁਰੂ ਹੋਣ ਨਾਲ ਸੂਬੇ ਦੇ ਖ਼ਜ਼ਾਨੇ ਨੂੰ ਲਗਭਗ 1,000 ਕਰੋੜ ਰੁਪਏ ਦੀ ਸਾਲਾਨਾ ਬੱਚਤ ਹੋ ਰਹੀ ਹੈ। ਇਹ ਬੱਚਤ ਸਿੱਧੇ ਤੌਰ 'ਤੇ ਸੂਬੇ ਦੇ ਵਿਕਾਸ ਕਾਰਜਾਂ ਵਿੱਚ ਲਗਾਈ ਜਾ ਰਹੀ ਹੈ, ਜਿਸ ਨਾਲ ਬਿਜਲੀ ਪ੍ਰਣਾਲੀ ਦੀ ਕੁਸ਼ਲਤਾ ਵਿੱਚ ਹੋਰ ਸੁਧਾਰ ਹੋਇਆ ਹੈ।

ਸੂਬੇ ਦੀ ਬਿਜਲੀ ਨਿਗਮ (PSPCL) ਦੀ ਕਾਰਗੁਜ਼ਾਰੀ ਵਿੱਚ ਵੀ ਸ਼ਾਨਦਾਰ ਸੁਧਾਰ ਦੇਖਣ ਨੂੰ ਮਿਲਿਆ ਹੈ। ਪੀ.ਐਸ.ਪੀ.ਸੀ.ਐਲ. ਨੇ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਮੁਨਾਫ਼ਾ ਦਰਜ ਕਰਕੇ ਆਪਣੀ ਵਿੱਤੀ ਸਿਹਤ ਨੂੰ ਮਜ਼ਬੂਤ ਕੀਤਾ ਹੈ। ਇਸ ਸ਼ਾਨਦਾਰ ਪ੍ਰਦਰਸ਼ਨ ਸਦਕਾ ਭਾਰਤ ਸਰਕਾਰ ਵੱਲੋਂ ਪੰਜਾਬ ਦੀ ਬਿਜਲੀ ਨਿਗਮ ਨੂੰ 'ਏ ਪਲੱਸ' ਰੇਟਿੰਗ ਦਿੱਤੀ ਗਈ ਹੈ, ਜੋ ਕਿ ਸੂਬੇ ਲਈ ਬਹੁਤ ਮਾਣ ਵਾਲੀ ਗੱਲ ਹੈ। ਇਹ ਰੇਟਿੰਗ ਦਰਸਾਉਂਦੀ ਹੈ ਕਿ ਪੰਜਾਬ ਵਿੱਚ ਬਿਜਲੀ ਦਾ ਪ੍ਰਬੰਧਨ ਅਤੇ ਵੰਡ ਪ੍ਰਣਾਲੀ ਹੁਣ ਦੇਸ਼ ਦੇ ਚੋਟੀ ਦੇ ਸੂਬਿਆਂ ਦੀ ਕਤਾਰ ਵਿੱਚ ਆ ਚੁੱਕੀ ਹੈ। ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਭਵਿੱਖ ਦੀਆਂ ਲੋੜਾਂ ਅਨੁਸਾਰ ਤਿਆਰ ਕਰਨ ਲਈ ਸਰਕਾਰ ਵੱਲੋਂ 'ਰੌਸ਼ਨ ਪੰਜਾਬ ਪ੍ਰਾਜੈਕਟ' ਚਲਾਇਆ ਜਾ ਰਿਹਾ ਹੈ।

ਇਸ ਮਹੱਤਵਪੂਰਨ ਪ੍ਰਾਜੈਕਟ ਤਹਿਤ ਬਿਜਲੀ ਦੀਆਂ ਤਾਰਾਂ, ਟ੍ਰਾਂਸਫਾਰਮਰਾਂ ਤੇ ਸਬ-ਸਟੇਸ਼ਨਾਂ ਨੂੰ ਅਪਗ੍ਰੇਡ ਕਰਨ ਲਈ 5,000 ਕਰੋੜ ਰੁਪਏ ਦਾ ਭਾਰੀ ਨਿਵੇਸ਼ ਕੀਤਾ ਜਾ ਰਿਹਾ ਹੈ। ਇਸ ਨਿਵੇਸ਼ ਦਾ ਮੁੱਖ ਮਕਸਦ ਖਪਤਕਾਰਾਂ ਨੂੰ ਬਿਨਾਂ ਕਿਸੇ ਕੱਟ ਦੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣਾ ਹੈ। ਪੰਜਾਬ ਸਰਕਾਰ ਦੇ ਇਹ ਸਮੁੱਚੇ ਕਦਮ ਸੂਬੇ ਨੂੰ ਬਿਜਲੀ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣ ਅਤੇ ਹਰ ਵਰਗ ਦੇ ਲੋਕਾਂ ਦੇ ਜੀਵਨ ਵਿੱਚ ਰੋਸ਼ਨੀ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ।

**ਬਿਜਲੀ ਦੀ ਪੈਦਾਵਾਰ ਨੂੰ ਸਸਤਾ ਅਤੇ ਸਥਿਰ ਬਣਾਉਣ ਲਈ ਸਰਕਾਰ ਨੇ ਦਲੇਰਾਨਾ ਕਦਮ ਚੁੱਕਦਿਆਂ ਘਰੇਲੂ ਉਪਭੋਗਤਾਵਾਂ ਲਈ 1.5 ਰੁਪਏ ਪ੍ਰਤੀ ਯੂਨਿਟ, ਵਪਾਰਕ ਖਪਤਕਾਰਾਂ ਲਈ 79 ਪੈਸੇ ਅਤੇ ਉਦਯੋਗਾਂ ਲਈ 74 ਪੈਸੇ ਦੀ ਕਟੌਤੀ ਕਰਕੇ ਸੂਬੇ ਵਿੱਚ ਨਿਵੇਸ਼ ਅਤੇ ਵਪਾਰ ਲਈ ਸਾਜ਼ਗਾਰ ਮਾਹੌਲ ਸਿਰਜਿਆ**

## ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਵੱਡੀ ਪੁਲਾਂਘ: 9,000 ਨਵੇਂ ਮੈਦਾਨ ਅਤੇ ਖਿਡਾਰੀਆਂ 'ਤੇ ਇਨਾਮਾਂ ਦੀ ਵਰਖਾ

ਪੰਜਾਬ ਨੂੰ ਮੁੜ ਖੇਡਾਂ ਦੇ ਨਕਸ਼ੇ 'ਤੇ ਮੋਹਰੀ ਸੂਬਾ ਬਣਾਉਣ ਲਈ ਸਰਕਾਰ ਵੱਲੋਂ ਵਿੱਢੀ ਗਈ ਮੁਹਿੰਮ ਹੁਣ ਜ਼ਮੀਨੀ ਪੱਧਰ 'ਤੇ ਆਪਣਾ ਅਸਰ ਦਿਖਾਉਣ ਲੱਗੀ ਹੈ। ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡ ਮੈਦਾਨਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਨਿਵੇਸ਼ ਕੀਤਾ ਜਾ ਰਿਹਾ ਹੈ। ਇਸ ਦਿਸ਼ਾ ਵਿੱਚ ਸਭ ਤੋਂ ਵੱਡਾ ਕਦਮ ਪਿੰਡਾਂ ਵਿੱਚ ਖੇਡਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ ਹੈ। ਪੰਜਾਬ ਦੇ ਪਿੰਡਾਂ ਵਿੱਚ 3,000 ਆਧੁਨਿਕ ਖੇਡ ਮੈਦਾਨ ਤਿਆਰ ਕਰਨ ਲਈ 1,100 ਕਰੋੜ ਰੁਪਏ ਦੀ ਵੱਡੀ ਰਾਸ਼ੀ ਖਰਚ ਕੀਤੀ ਜਾ ਰਹੀ ਹੈ। ਇਨਾ ਹੀ ਨਹੀਂ, ਆਉਣ ਵਾਲੇ ਸਮੇਂ ਵਿੱਚ 6,000 ਹੋਰ ਨਵੇਂ ਖੇਡ ਮੈਦਾਨਾਂ ਦਾ ਕੰਮ ਜਲਦੀ ਹੀ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਨਾਲ ਸੂਬੇ ਦੇ ਹਰ ਕੋਨੇ ਵਿੱਚ ਖਿਡਾਰੀਆਂ ਨੂੰ ਅਭਿਆਸ ਕਰਨ ਲਈ ਉੱਚ ਪੱਧਰੀ ਸਹੂਲਤਾਂ ਮਿਲਣਗੀਆਂ।

ਸਰਕਾਰ ਦੀ ਇਹ ਯੋਜਨਾ ਸਿਰਫ਼ ਮੈਦਾਨ ਬਣਾਉਣ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਖਿਡਾਰੀਆਂ ਦੀਆਂ ਲੋੜਾਂ ਦਾ ਵੀ ਪੂਰਾ ਖ਼ਿਆਲ ਰੱਖਿਆ ਗਿਆ ਹੈ। ਇਨ੍ਹਾਂ ਸਾਰੇ ਨਵੇਂ ਬਣਨ ਵਾਲੇ ਖੇਡ ਮੈਦਾਨਾਂ ਵਿੱਚ ਵਿਦਿਆਰਥੀਆਂ ਅਤੇ ਉੱਭਰਦੇ ਖਿਡਾਰੀਆਂ ਨੂੰ ਮੁਫ਼ਤ ਖੇਡ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ, ਤਾਂ ਜੋ ਆਰਥਿਕ ਤੰਗੀ ਕਿਸੇ ਵੀ ਹੋਣਹਾਰ ਖਿਡਾਰੀ ਦੇ ਰਾਹ ਵਿੱਚ ਰੁਕਾਵਟ ਨਾ ਬਣ ਸਕੇ। ਸਰੀਰਕ ਤੰਦਰੁਸਤੀ ਅਤੇ ਫਿਟਨੈੱਸ ਪ੍ਰਤੀ ਜਾਗਰੂਕਤਾ ਵਧਾਉਣ ਲਈ ਪਿੰਡਾਂ ਵਿੱਚ 6,000 ਇੰਡੋਰ ਜਿਮ ਬਣਾਉਣ ਦੀ ਪ੍ਰਕਿਰਿਆ ਵੀ ਜ਼ੋਰਾਂ 'ਤੇ ਹੈ। ਇਹ ਇੰਡੋਰ ਜਿਮ ਨੌਜਵਾਨਾਂ ਨੂੰ ਆਪਣੇ ਘਰਾਂ ਦੇ ਨੇੜੇ ਹੀ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਨ ਦਾ ਮੌਕਾ ਦੇਣਗੇ, ਜਿਸ ਨਾਲ ਪੰਜਾਬ ਵਿੱਚ ਇੱਕ ਨਵਾਂ ਫਿਟਨੈੱਸ ਸੱਭਿਆਚਾਰ ਪੈਦਾ ਹੋਵੇਗਾ।

ਖਿਡਾਰੀਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਸਰਕਾਰ ਨੇ ਇਨਾਮੀ ਰਾਸ਼ੀ ਅਤੇ ਨੌਕਰੀਆਂ ਦੇ ਮਾਮਲੇ ਵਿੱਚ ਵੀ ਦਰਿਆਦਿਲੀ ਦਿਖਾਈ ਹੈ। ਓਲੰਪਿਕ ਖੇਡਾਂ ਵਿੱਚ ਤਮਗਾ ਜਿੱਤ ਕੇ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕਰਨ ਵਾਲੇ ਪੰਜਾਬੀ ਹਾਕੀ ਖਿਡਾਰੀਆਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਹ ਕਦਮ ਹੋਰਨਾਂ ਖਿਡਾਰੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣ ਰਿਹਾ ਹੈ। ਇਸੇ ਤਰ੍ਹਾਂ ਮਹਿਲਾ ਸਸ਼ਕਤੀਕਰਨ ਤੇ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਹੁਲਾਰਾ ਦਿੰਦਿਆਂ, ਮਹਿਲਾ ਕ੍ਰਿਕਟ ਵਿਸ਼ਵ ਕੱਪ 2025 ਦੀ ਜੇਤੂ ਟੀਮ ਨੂੰ 4.91 ਕਰੋੜ ਰੁਪਏ ਦੀ ਵੱਡੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

ਪੰਜਾਬ ਸਰਕਾਰ ਦਾ ਇਹ ਵਿਆਪਕ ਰੋਡਮੈਪ ਸਪੱਸ਼ਟ ਕਰਦਾ ਹੈ ਕਿ ਸੂਬੇ ਵਿੱਚ ਖੇਡਾਂ ਦਾ ਸੁਨਹਿਰੀ ਯੁੱਗ ਵਾਪਸ ਆ ਰਿਹਾ ਹੈ। ਜਿੱਥੇ ਇੱਕ ਪਾਸੇ ਪਿੰਡਾਂ ਦੇ ਬੱਚਿਆਂ ਨੂੰ ਅਤਿ-ਆਧੁਨਿਕ ਖੇਡ ਸਹੂਲਤਾਂ ਮਿਲ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰਨ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੇ ਸੁਧਾਰਾਂ ਸਦਕਾ ਪੰਜਾਬ ਆਉਣ ਵਾਲੇ ਸਮੇਂ ਵਿੱਚ ਦੇਸ਼ ਨੂੰ ਹੋਰ ਵੀ ਵਿਸ਼ਵ ਪੱਧਰੀ ਖਿਡਾਰੀ ਦੇਣ ਲਈ ਤਿਆਰ ਹੈ। ਇਹ ਖੇਡ ਕ੍ਰਾਂਤੀ ਨਾ ਸਿਰਫ਼ ਪੰਜਾਬ ਨੂੰ ਖੁਸ਼ਹਾਲ ਬਣਾਏਗੀ, ਸਗੋਂ ਸੂਬੇ ਦੀ ਨੌਜਵਾਨੀ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾ ਕੇ ਇੱਕ ਨਵੇਂ 'ਰੰਗਲੇ ਪੰਜਾਬ' ਦੀ ਸਿਰਜਣਾ ਕਰੇਗੀ।



## ਪੇਂਡੂ ਵਿਕਾਸ ਵਿੱਚ ਪੰਜਾਬ ਨੇ ਬਣਾਇਆ ਨਵਾਂ ਰਿਕਾਰਡ: ਪਿਛਲੀਆਂ ਸਰਕਾਰਾਂ ਨਾਲੋਂ ਦੁੱਗਣੀ ਰਫ਼ਤਾਰ ਨਾਲ ਹੋਇਆ ਵਿਕਾਸ

ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਸਰਵਪੱਖੀ ਵਿਕਾਸ ਦੀ ਇੱਕ ਨਵੀਂ ਲਹਿਰ ਦੇਖਣ ਨੂੰ ਮਿਲ ਰਹੀ ਹੈ, ਜਿਸ ਨੇ ਪਿੰਡਾਂ ਦੇ ਜੀਵਨ ਪੱਧਰ ਵਿੱਚ ਵੱਡਾ ਸੁਧਾਰ ਲਿਆਂਦਾ ਹੈ। ਪਿਛਲੇ ਚਾਰ ਸਾਲਾਂ ਦੌਰਾਨ ਸੂਬਾ ਸਰਕਾਰ ਨੇ ਰਿਹਾਇਸ਼ੀ ਸਹੂਲਤਾਂ ਵੱਲ ਖ਼ਾਸ ਧਿਆਨ ਦਿੰਦਿਆਂ 76,000 ਪਰਿਵਾਰਾਂ ਨੂੰ ਆਪਣੇ ਪੱਕੇ ਘਰ ਬਣਾਉਣ ਲਈ ਵਿੱਤੀ ਮਦਦ ਮੁਹੱਈਆ ਕਰਵਾਈ ਹੈ। ਇਸ ਮੁਹਿੰਮ ਦੀ ਖ਼ਾਸ ਗੱਲ ਇਹ ਰਹੀ ਕਿ ਇਸ ਵਿੱਚ 30,000 ਉਹ ਪਰਿਵਾਰ ਵੀ ਸ਼ਾਮਲ ਕੀਤੇ ਗਏ ਜੋ ਹੜ੍ਹਾਂ ਦੀ ਮਾਰ ਕਾਰਨ ਬੇਘਰ ਹੋ ਗਏ ਸਨ। ਜੇਕਰ ਪਿਛਲੇ ਸਮੇਂ ਦੀ ਗੱਲ ਕਰੀਏ ਤਾਂ ਪਿਛਲੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਸਿਰਫ਼ 39,000 ਘਰਾਂ ਦਾ ਨਿਰਮਾਣ ਹੋਇਆ ਸੀ, ਜਿਸ ਦੇ ਮੁਕਾਬਲੇ ਮੌਜੂਦਾ ਅੰਕੜੇ ਸਰਕਾਰ ਦੀ ਗੰਭੀਰਤਾ ਅਤੇ ਲੋਕ-ਪੱਖੀ ਪਹੁੰਚ ਨੂੰ ਸਾਫ਼ ਦਰਸਾਉਂਦੇ ਹਨ।

ਪਿੰਡਾਂ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੀਆਂ ਜਾਣ ਵਾਲੀਆਂ ਪੇਂਡੂ ਲਿੰਕ ਸੜਕਾਂ ਦੇ ਨੈੱਟਵਰਕ ਨੂੰ ਵੀ ਵੱਡੀ ਪੱਧਰ 'ਤੇ ਮਜ਼ਬੂਤ ਕੀਤਾ ਜਾ ਰਿਹਾ ਹੈ। ਪੂਰੇ ਪੰਜਾਬ ਵਿੱਚ 40,000 ਕਿਲੋਮੀਟਰ ਤੋਂ ਵੱਧ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਜਾਰੀ ਹੈ। ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਇਨ੍ਹਾਂ ਸੜਕਾਂ ਦੀ ਪੰਜ ਸਾਲਾਂ ਤੱਕ ਦੇਖਭਾਲ ਦੀ ਲਿਖਤੀ ਗਾਰੰਟੀ ਦਿੱਤੀ ਗਈ ਹੈ, ਜਿਸ ਨਾਲ ਸਰਕਾਰੀ ਪੈਸੇ ਦੀ ਸਹੀ ਵਰਤੋਂ ਅਤੇ ਸੜਕਾਂ ਦੀ ਗੁਣਵੱਤਾ ਯਕੀਨੀ ਬਣੀ ਰਹੇਗੀ। ਇਸ ਦੇ ਨਾਲ ਹੀ ਪਿੰਡਾਂ ਦੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ 13,000 ਤੋਂ ਵੱਧ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਅਤੇ ਨਵੀਨੀਕਰਨ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਜੋ ਪੇਂਡੂ ਸਿਹਤ ਅਤੇ ਸਫ਼ਾਈ ਪੱਖੋਂ ਇੱਕ ਵੱਡਾ ਕਦਮ ਹੈ।

ਕਿਸਾਨਾਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਅਨਾਜ ਮੰਡੀਆਂ ਨੂੰ ਵੀ ਆਧੁਨਿਕ ਲੀਹਾਂ 'ਤੇ ਪਾਇਆ ਜਾ ਰਿਹਾ ਹੈ। ਮੰਡੀਆਂ ਵਿੱਚ ਫ਼ਸਲ ਦੀ ਸਾਂਭ-ਸੰਭਾਲ ਲਈ ਨਵੇਂ ਕਵਰ ਸ਼ੈੱਡ ਤਿਆਰ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਦੀ ਫ਼ਸਲ ਖ਼ਰਾਬ ਨਾ ਹੋਵੇ। ਇਸ ਦੇ ਨਾਲ ਹੀ ਵਾਤਾਵਰਣ ਪੱਖੀ ਪਹਿਲਕਦਮੀ ਕਰਦਿਆਂ ਪ੍ਰਮੁੱਖ ਮੰਡੀਆਂ ਵਿੱਚ ਸੋਲਰ ਪੈਨਲ ਲਗਾਏ ਜਾ ਰਹੇ ਹਨ, ਜਿਸ ਨਾਲ ਮੰਡੀਆਂ ਦੀ ਬਿਜਲੀ ਦੀ ਲੋੜ ਕੁਦਰਤੀ ਸਰੋਤਾਂ ਰਾਹੀਂ ਪੂਰੀ ਹੋ ਸਕੇਗੀ। ਇਹ ਆਧੁਨਿਕੀਕਰਨ ਨਾ ਸਿਰਫ਼ ਕਿਸਾਨਾਂ ਲਈ ਸਗੋਂ ਮੰਡੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਵੀ ਸਹੂਲਤਾਂ ਵਿੱਚ ਵਾਧਾ ਕਰੇਗਾ।

ਪੇਂਡੂ ਰੋਜ਼ਗਾਰ ਦੇ ਮਾਮਲੇ ਵਿੱਚ ਮਨਰੇਗਾ ਯੋਜਨਾ ਤਹਿਤ ਪੰਜਾਬ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਸੂਬੇ ਦੇ ਲਗਭਗ 9 ਲੱਖ ਮਜ਼ਦੂਰਾਂ ਨੂੰ ਇਸ ਯੋਜਨਾ ਤਹਿਤ ਰੁਜ਼ਗਾਰ ਦਿੱਤਾ ਗਿਆ ਹੈ, ਜਿਸ ਨਾਲ ਕੁੱਲ 2.3 ਕਰੋੜ ਕਾਰਜ ਦਿਨ ਸਿਰਜੇ ਗਏ ਹਨ। ਸਰਕਾਰ ਵੱਲੋਂ 1,100 ਕਰੋੜ ਰੁਪਏ ਦੀ ਰਾਸ਼ੀ ਖਰਚੀ ਗਈ ਹੈ ਜਿਸ ਨੇ ਪੇਂਡੂ ਆਰਥਿਕਤਾ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ। ਇਹ ਸਾਰੇ ਕਦਮ ਸਾਬਿਤ ਕਰਦੇ ਹਨ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਹਰ ਵਰਗ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



## ਖੇਤਾਂ ਤੱਕ ਪਹੁੰਚਿਆ ਨਹਿਰੀ ਪਾਣੀ ਅਤੇ ਲਗਾਤਾਰ ਬਿਜਲੀ ਸਪਲਾਈ



ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੀ ਜਾਂਦੀ ਖੇਤੀਬਾੜੀ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਸੂਬੇ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸਾਨਾਂ ਨੂੰ ਖੇਤੀਬਾੜੀ ਤੇ ਸਿੰਚਾਈ ਦੇ ਕੰਮਾਂ ਲਈ ਦਿਨ ਵੇਲੇ ਲਗਾਤਾਰ 8 ਘੰਟੇ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਜਾ ਰਹੀ ਹੈ।

ਇਸ ਫੈਸਲੇ ਨੇ ਨਾ ਸਿਰਫ਼ ਕਿਸਾਨਾਂ ਨੂੰ ਰਾਤ ਸਮੇਂ ਖੇਤਾਂ ਵਿੱਚ ਜਾਣ ਦੀ ਦਿੱਕਤ ਤੋਂ ਨਿਜਾਤ ਦਿਵਾਈ ਹੈ, ਸਗੋਂ ਫ਼ਸਲਾਂ ਦੀ ਸਿੰਚਾਈ ਪ੍ਰਕਿਰਿਆ ਨੂੰ ਵੀ ਵਧੇਰੇ ਸੁਖਾਲਾ ਬਣਾ ਦਿੱਤਾ ਹੈ। ਬਿਜਲੀ ਦੇ ਨਾਲ-ਨਾਲ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪਹੁੰਚਾਉਣ ਲਈ ਸਰਕਾਰ ਨੇ ਵਿਸ਼ੇਸ਼ ਮੁਹਿੰਮ ਤਹਿਤ 18,349 ਖ਼ਾਲਾਂ ਨੂੰ ਮੁੜ ਸੁਰਜੀਤ ਕੀਤਾ ਹੈ, ਜਿਸ ਨਾਲ ਉਨ੍ਹਾਂ ਖੇਤਾਂ ਤੱਕ ਵੀ ਪਾਣੀ ਪਹੁੰਚਿਆ ਹੈ ਜਿੱਥੇ ਪਿਛਲੇ ਕਈ ਦਹਾਕਿਆਂ ਤੋਂ ਸਿੰਚਾਈ ਦੀ ਸਹੂਲਤ ਨਾਮਾਤਰ ਸੀ।

ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਗੰਨਾ ਉਤਪਾਦਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਪੰਜਾਬ ਵਿੱਚ ਗੰਨੇ ਦਾ ਸਰਕਾਰੀ ਭਾਅ ਹੁਣ 416 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ, ਜੋ ਪੂਰੇ ਭਾਰਤ ਵਿੱਚ ਕਿਸੇ ਵੀ ਸੂਬੇ ਵੱਲੋਂ ਦਿੱਤਾ ਜਾਣ ਵਾਲਾ ਸਭ ਤੋਂ ਵੱਧ ਭਾਅ ਹੈ। ਇਸ ਦੇ ਨਾਲ ਹੀ, ਕੁਦਰਤੀ ਆਫ਼ਤਾਂ ਜਾਂ ਕਿਸੇ ਹੋਰ ਕਾਰਨ ਫ਼ਸਲ ਦੇ ਨੁਕਸਾਨ ਹੋਣ 'ਤੇ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਵਿੱਚ ਵੀ ਇਤਿਹਾਸਕ ਵਾਧਾ ਕੀਤਾ ਗਿਆ ਹੈ। ਹੁਣ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖ਼ਰਾਬੇ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਜੋ ਦੇਸ਼ ਭਰ ਵਿੱਚ ਇੱਕ ਮਿਸਾਲ ਬਣ ਕੇ ਉੱਭਰਿਆ ਹੈ। ਇਹ ਕਦਮ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਸਹਾਈ ਸਾਬਿਤ ਹੋ ਰਿਹਾ ਹੈ। ਵਾਤਾਵਰਣ ਦੀ ਸੰਭਾਲ ਤੇ ਪਰਾਲੀ ਸਾੜਨ ਦੀ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਵੀ ਸਰਕਾਰ ਨੇ ਤਕਨੀਕੀ ਤੇ ਆਰਥਿਕ ਮਦਦ ਦਾ ਰਾਹ ਅਪਣਾਇਆ ਹੈ।

ਇਸ ਆਧੁਨਿਕ ਮਸ਼ੀਨਰੀ ਦੀ ਵਰਤੋਂ ਨਾਲ ਜਿੱਥੇ ਪ੍ਰਦੂਸ਼ਣ ਵਿੱਚ ਕਮੀ ਆਈ ਹੈ ਉੱਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਵਿੱਚ ਮਦਦ ਮਿਲ ਰਹੀ ਹੈ।

ਮੰਡੀਆਂ 'ਚ ਫ਼ਸਲ ਦੀ ਖਰੀਦ ਪ੍ਰਕਿਰਿਆ ਨੂੰ ਵੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਤੇਜ਼ ਬਣਾਇਆ ਗਿਆ ਹੈ। ਫ਼ਸਲ ਦੀ ਤੁਲਾਈ ਤੋਂ ਲੈ ਕੇ ਅਦਾਇਗੀ ਤੱਕ ਦੇ ਸਾਰੇ ਪੜਾਅ ਸਮੇਂ ਸਿਰ ਮੁਕੰਮਲ ਕੀਤੇ ਜਾ ਰਹੇ ਹਨ, ਤਾਂ ਜੋ ਕਿਸਾਨਾਂ ਨੂੰ ਆਪਣੀ ਮਿਹਨਤ ਦਾ ਮੁੱਲ ਲੈਣ ਲਈ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਇਹ ਸਮੁੱਚੇ ਸੁਧਾਰ ਪੰਜਾਬ ਦੀ ਕਿਸਾਨੀ ਨੂੰ ਇੱਕ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰ ਰਹੇ ਹਨ।

## ਮਹਿਲਾਵਾਂ ਦੀ ਸਿਹਤ ਅਤੇ ਰੋਜ਼ਗਾਰ 'ਤੇ ਸਰਕਾਰ ਦਾ ਵੱਡਾ ਫੋਕਸ

### ਕਰੋੜਾਂ ਸੈਨੀਟਰੀ ਪੈਡਾਂ ਦੀ ਵੰਡ ਅਤੇ ਹਜ਼ਾਰਾਂ ਨਵੀਆਂ ਭਰਤੀਆਂ

ਪੰਜਾਬ ਵਿੱਚ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਸਮਾਜਿਕ ਭਲਾਈ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਹੁਣ ਜ਼ਮੀਨੀ ਪੱਧਰ 'ਤੇ ਵੱਡੀ ਤਬਦੀਲੀ ਲਿਆ ਰਹੀਆਂ ਹਨ। ਸਰਕਾਰ ਨੇ ਔਰਤਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਲਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਸ਼ੁਰੂਆਤ ਕੀਤੀ ਹੈ। ਇਸ ਇਤਿਹਾਸਕ ਫੈਸਲੇ ਤਹਿਤ ਸੂਬੇ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਨੂੰ 1,500 ਰੁਪਏ ਦੀ ਵਿੱਤੀ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ। ਇਸ ਕਦਮ ਨਾਲ ਲੱਖਾਂ ਔਰਤਾਂ ਨੂੰ ਆਪਣੀਆਂ ਛੋਟੀਆਂ-ਮੋਟੀਆਂ ਜ਼ਰੂਰਤਾਂ ਲਈ ਕਿਸੇ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਇਸ ਦੇ ਨਾਲ ਹੀ ਸਰਕਾਰੀ ਬੱਸਾਂ ਵਿੱਚ ਮਹਿਲਾਵਾਂ ਲਈ ਮੁਫ਼ਤ ਸਫ਼ਰ ਦੀ ਸਹੂਲਤ ਨੇ ਉਨ੍ਹਾਂ ਦੀ ਗਤੀਸ਼ੀਲਤਾ ਵਿੱਚ ਵੱਡਾ ਵਾਧਾ ਕੀਤਾ ਹੈ, ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਰ ਸਾਲ ਲਗਭਗ 14.5 ਕਰੋੜ ਤੋਂ ਵੱਧ ਮੁਫ਼ਤ ਯਾਤਰਾਵਾਂ ਦਰਜ ਕੀਤੀਆਂ ਜਾ ਰਹੀਆਂ ਹਨ। ਵਿੱਤੀ ਵਰ੍ਹੇ 2022-23 ਦੌਰਾਨ 31.56 ਲੱਖ, 2023-24 ਦੌਰਾਨ 32.98 ਲੱਖ ਤੇ 2025-26 (ਜਨਵਰੀ 2026 ਤੱਕ) ਦੌਰਾਨ 35.70 ਲੱਖ।

ਸਮਾਜ ਦੇ ਲੋੜਵੰਦ ਵਰਗਾਂ, ਖਾਸ ਕਰਕੇ ਬਜ਼ੁਰਗਾਂ, ਵਿਧਵਾਵਾਂ ਅਤੇ ਅੰਗਹੀਣਾਂ ਲਈ ਸਮਾਜਿਕ ਸੁਰੱਖਿਆ ਪੈਨਸ਼ਨ ਦੇ ਦਾਇਰੇ ਨੂੰ ਵੀ ਵੱਡਾ ਕੀਤਾ ਗਿਆ ਹੈ। ਪਿਛਲੇ ਚਾਰ ਸਾਲਾਂ ਦੌਰਾਨ ਲਗਭਗ 5.2 ਲੱਖ ਨਵੇਂ ਲਾਭਪਾਤਰੀਆਂ ਨੂੰ ਪੈਨਸ਼ਨ ਯੋਜਨਾ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਅੰਕੜਿਆਂ ਦੀ ਨਜ਼ਰ ਤੋਂ ਦੇਖੀਏ ਤਾਂ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ 23,102 ਕਰੋੜ ਰੁਪਏ ਦੀ ਰਾਸ਼ੀ ਪੈਨਸ਼ਨ ਵਜੋਂ ਵੰਡੀ ਹੈ, ਜਿਸ ਨੇ ਸੂਬੇ ਦੇ ਲੱਖਾਂ ਚੁੱਲ੍ਹਿਆਂ ਨੂੰ ਜਗਦਾ ਰੱਖਣ ਵਿੱਚ ਮਦਦ ਕੀਤੀ ਹੈ। ਇਸ ਸਮੇਂ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ 35-70 ਲੱਖ ਲੋਕਾਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਇਹ ਵਿੱਤੀ ਸਹਾਇਤਾ ਸਮੇਂ ਸਿਰ ਤੇ ਪਾਰਦਰਸ਼ੀ ਤਰੀਕੇ ਨਾਲ ਲਾਭਪਾਤਰੀਆਂ ਤੱਕ ਪਹੁੰਚਾਈ ਜਾ ਰਹੀ ਹੈ, ਤਾਂ ਜੋ ਸਮਾਜ ਦਾ ਕੋਈ ਵੀ ਕਮਜ਼ੋਰ ਵਰਗ ਆਪਣੇ-ਆਪ ਨੂੰ ਬੇਸਹਾਰਾ ਮਹਿਸੂਸ ਨਾ ਕਰੇ।

ਆਂਗਣਵਾੜੀ ਸੇਵਾਵਾਂ, ਜੋ ਕਿ ਬੱਚਿਆਂ ਅਤੇ ਮਾਵਾਂ ਦੀ ਸਿਹਤ ਦੀ ਬੁਨਿਆਦ ਹਨ, ਨੂੰ ਮਜ਼ਬੂਤ ਕਰਨ ਲਈ ਸਰਕਾਰ ਨੇ ਰੋਜ਼ਗਾਰ ਦੇ ਨਵੇਂ ਮੌਕੇ ਸਿਰਜੇ ਹਨ। ਹੁਣ ਤੱਕ 4,400 ਨਵੀਆਂ ਭਰਤੀਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ 6,100 ਹੋਰ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਤੇਜ਼ੀ ਨਾਲ ਜਾਰੀ ਹੈ।



ਇਨ੍ਹਾਂ ਭਰਤੀਆਂ ਨਾਲ ਆਂਗਣਵਾੜੀ ਕੇਂਦਰਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਸੁਧਾਰ ਆਵੇਗਾ। ਮਹਿਲਾ ਸਿਹਤ ਅਤੇ ਸਫਾਈ ਪ੍ਰਤੀ ਜਾਗਰੂਕਤਾ ਵਧਾਉਣ ਲਈ 27,314 ਆਂਗਣਵਾੜੀ ਕੇਂਦਰਾਂ ਰਾਹੀਂ ਇੱਕ ਵੱਡੀ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ 13.7 ਲੱਖ ਮਹਿਲਾਵਾਂ ਨੂੰ 7.4 ਕਰੋੜ ਤੋਂ ਵੱਧ ਸੈਨਿਟਰੀ ਪੈਡ ਮੁਫ਼ਤ ਵੰਡੇ ਗਏ ਹਨ। ਇਹ ਪਹਿਲਕਦਮੀ ਨਾ ਸਿਰਫ਼ ਸਿਹਤ ਪੱਖੋਂ ਅਹਿਮ ਹੈ, ਸਗੋਂ ਸਮਾਜਿਕ ਬੁਰਾਈਆਂ ਅਤੇ ਪੁਰਾਣੀਆਂ ਧਾਰਨਾਵਾਂ ਨੂੰ ਤੋੜਨ ਵਿੱਚ ਵੀ ਸਹਾਈ ਸਾਬਿਤ ਹੋ ਰਹੀ ਹੈ। ਪੰਜਾਬ ਸਰਕਾਰ ਦੇ ਇਹ ਸਮੁੱਚੇ ਯਤਨ ਸੂਬੇ ਵਿੱਚ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰ ਰਹੇ ਹਨ ਜਿੱਥੇ ਔਰਤਾਂ ਦਾ ਸਤਿਕਾਰ ਅਤੇ ਸੁਰੱਖਿਆ ਸਭ ਤੋਂ ਉੱਪਰ ਹੈ।

**ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ 23,102 ਕਰੋੜ ਰੁਪਏ ਦੀ ਰਾਸ਼ੀ ਪੈਨਸ਼ਨ ਵਜੋਂ ਵੰਡੀ**

## ਸੰਪਾਦਕੀ

# ਖ਼ਮਿਆਜ਼ਾ ਭੁਗਤਦੇ ਹੋਰ ਮੁਲਕ

ਇਸ ਤੋਂ ਵੱਡੀ ਵਿਡੰਬਨਾ ਕੀ ਹੋ ਸਕਦੀ ਹੈ ਕਿ ਜਦੋਂ ਪੱਛਮੀ ਏਸ਼ੀਆ ਵਿੱਚ ਈਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਜੰਗ ਚੱਲ ਰਹੀ ਹੈ, ਤਾਂ ਉਹ ਦੇਸ਼ ਵੀ ਇਸਦਾ ਖਮਿਆਜ਼ਾ ਭੁਗਤ ਰਹੇ ਹਨ ਜੋ ਇਸ ਟਕਰਾਅ ਵਿੱਚ ਸ਼ਾਮਲ ਨਹੀਂ ਹਨ। ਕਈ ਦੇਸ਼ਾਂ ਵਿੱਚ ਸਥਿਤੀ ਅਜਿਹੀ ਹੈ ਕਿ ਤੇਲ ਅਤੇ ਗੈਸ ਦੀ ਕਮੀ ਨੇ ਆਮ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਕੱਚੇ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ ਵਿੱਚ ਵਿਘਨ ਕਾਰਨ ਜਨਤਾ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖਾਸ ਕਰਕੇ ਜਦੋਂ ਤੋਂ ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਰੋਕਿਆ ਹੈ, ਕਈ ਦੇਸ਼ਾਂ ਵਿੱਚ ਕੱਚੇ ਤੇਲ ਅਤੇ ਗੈਸ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਭਾਰਤ ਵਿੱਚ ਰਸੋਈ ਗੈਸ ਸਿਲੰਡਰਾਂ ਦੀ ਉਪਲਬਧਤਾ ਵੀ ਕਾਫ਼ੀ ਪ੍ਰਭਾਵਿਤ ਹੋਈ ਹੈ। ਇਹ ਸਥਿਤੀ ਮੁੱਖ ਤੌਰ 'ਤੇ ਹੋਰਮੁਜ਼ ਜਲਡਮਰੂ ਦੇ ਰੁਕਾਵਟ ਕਾਰਨ ਪੈਦਾ ਹੋਈ ਹੈ ਅਤੇ ਰਾਹਤ ਉਦੋਂ ਹੀ ਮਿਲ ਸਕਦੀ ਹੈ ਜਦੋਂ ਈਰਾਨ ਇਸਨੂੰ ਦੁਬਾਰਾ ਖੋਲ੍ਹਦਾ ਹੈ। ਵਿਸ਼ਵਵਿਆਪੀ ਚਿੰਤਾ ਵੱਧ ਰਹੀ ਹੈ ਕਿ ਜੇਕਰ ਹੋਰਮੁਜ਼ ਜਲਡਮਰੂ ਬੰਦ ਰਹਿੰਦਾ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਹੋਰ ਵੀ ਵਿਗੜ ਸਕਦੀ ਹੈ। ਸ਼ਾਇਦ ਇਸੇ ਲਈ, ਪੱਛਮੀ ਏਸ਼ੀਆ ਵਿੱਚ ਇਸ ਸੰਕਟ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿੱਚ, ਬ੍ਰਿਟੇਨ ਦੁਆਰਾ ਸ਼ੁਰੂ ਕੀਤੀ ਗਈ ਸੱਠ ਤੋਂ ਵੱਧ ਦੇਸ਼ਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਅਤੇ ਫਸੇ ਹੋਏ ਜਹਾਜ਼ਾਂ ਅਤੇ ਚਾਲਕ ਦਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ। ਇਸ ਨੇ ਅੰਤਰਰਾਸ਼ਟਰੀ ਜਲ ਮਾਰਗਾਂ ਰਾਹੀਂ ਬਿਨਾਂ ਰੁਕਾਵਟ ਸ਼ਿਪਿੰਗ ਦੀ ਮਹੱਤਤਾ ਨੂੰ ਉਜਾਗਰ ਕੀਤਾ, ਕਿਉਂਕਿ ਤੇਲ ਅਤੇ ਖਾਣਾ ਪਕਾਉਣ ਵਾਲੀ ਗੈਸ ਅੱਜ ਦੁਨੀਆ ਭਰ ਵਿੱਚ ਜੀਵਨ ਦੇ ਮਹੱਤਵਪੂਰਨ ਸਰੋਤ ਬਣ ਗਏ ਹਨ। ਹੋਰਮੁਜ਼ ਜਲਡਮਰੂ ਨੂੰ ਰੋਕਣ ਤੋਂ ਬਾਅਦ ਡੂੰਘੇ ਹੁੰਦੇ ਊਰਜਾ ਸੰਕਟ ਦਾ ਸਿੱਧਾ ਅਸਰ ਭਾਰਤ 'ਤੇ ਪਿਆ ਹੈ। ਸਪੱਸ਼ਟ ਤੌਰ 'ਤੇ ਕਈ ਹੋਰ ਦੇਸ਼ਾਂ ਵਾਂਗ, ਭਾਰਤ ਇਸ ਸੰਕਟ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਅਤੇ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਯਤਨਸ਼ੀਲ ਹੈ। ਮੀਟਿੰਗ ਵਿੱਚ, ਭਾਰਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਯੁੱਧ ਨੂੰ ਖਤਮ ਕਰਨ ਲਈ ਤਣਾਅ ਨੂੰ ਘਟਾਉਣ ਅਤੇ ਸਾਰੀਆਂ ਧਿਰਾਂ ਵਿਚਕਾਰ ਗੱਲਬਾਤ ਵੱਲ ਵਾਪਸ ਆਉਣ ਦੀ ਲੋੜ ਹੈ। ਇਸ ਤੋਂ ਇਲਾਵਾ ਅੱਜ ਜੰਗਾਂ ਸਿਰਫ਼ ਉਨ੍ਹਾਂ ਦੇਸ਼ਾਂ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਜਿਨ੍ਹਾਂ ਵਿਚਕਾਰ ਉਹ ਲੜੀਆਂ ਜਾਂਦੀਆਂ ਹਨ। ਹੁਣ ਇਹ ਵਿਸ਼ਵਵਿਆਪੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਕਿ ਇਜ਼ਰਾਈਲੀ-ਅਮਰੀਕੀ ਸਾਂਝੇ ਹਮਲੇ ਤੋਂ ਬਾਅਦ ਈਰਾਨ ਦੇ ਰਣਨੀਤਕ ਰੁਖ਼ ਦੇ ਨਤੀਜੇ ਹੁਣ ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਨੂੰ ਭੁਗਤਣੇ ਪੈ ਰਹੇ ਹਨ। ਇਹ ਸੰਭਵ ਹੈ ਕਿ ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਜਵਾਬ ਵਿੱਚ ਹੋਰਮੁਜ਼ ਜਲਡਮਰੂ ਨੂੰ ਬੰਦ ਕਰ ਦਿੱਤਾ ਹੋਵੇ। ਹਾਲਾਂਕਿ, ਜੇਕਰ ਉਹ ਦੇਸ਼ ਜੋ ਇਸ ਟਕਰਾਅ ਦਾ ਸ਼ਿਕਾਰ ਨਹੀਂ ਹਨ, ਇਸ ਟਕਰਾਅ ਦਾ ਸ਼ਿਕਾਰ ਹੋ ਰਹੇ ਹਨ, ਅਤੇ ਆਮ ਲੋਕਾਂ ਦੇ ਰੋਜ਼ਾਨਾ ਜੀਵਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ, ਤਾਂ ਇਸ ਨੂੰ ਕਿਵੇਂ ਦੇਖਿਆ ਜਾਵੇਗਾ? ਵਿਅੰਗਾਤਮਕ ਤੌਰ 'ਤੇ, ਕੋਈ ਵੀ ਧਿਰ ਇਸ ਸਮੇਂ ਈਰਾਨ ਅਤੇ ਇਜ਼ਰਾਈਲ-ਅਮਰੀਕਾ ਵਿਚਕਾਰ ਚੱਲ ਰਹੀ ਜੰਗ ਵਿੱਚ ਗੱਲਬਾਤ ਲਈ ਕੋਈ ਉਤਸ਼ਾਹ ਨਹੀਂ ਦਿਖਾ ਰਹੀ। ਹਾਲਾਂਕਿ, ਕੂਟਨੀਤਕ ਅਤੇ ਮਾਨਵਤਾਵਾਦੀ ਦੋਵਾਂ ਦ੍ਰਿਸ਼ਟੀਕੋਣਾਂ ਤੋਂ, ਹੋਰਮੁਜ਼ ਜਲਡਮਰੂ ਨੂੰ ਤੁਰੰਤ ਦੁਬਾਰਾ ਖੋਲ੍ਹਣ ਦੀ ਜ਼ਰੂਰਤ ਹੈ, ਕਿਉਂਕਿ ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲਾ ਵਿਸ਼ਵਵਿਆਪੀ ਊਰਜਾ ਸੰਕਟ ਲੰਬੇ ਸਮੇਂ ਲਈ ਅਟੱਲ ਰਹੇਗਾ। ਈਰਾਨ ਵਿਰੁੱਧ ਇਜ਼ਰਾਈਲੀ-ਅਮਰੀਕੀ ਸਾਂਝੇ ਹਮਲੇ ਤੋਂ ਬਾਅਦ, ਦੁਨੀਆ ਭਰ ਵਿੱਚ ਚਿੰਤਾਵਾਂ ਉਠਾਈਆਂ ਜਾ ਰਹੀਆਂ ਹਨ ਕਿ ਜੇਕਰ ਜੰਗ ਜਾਰੀ ਰਹੀ, ਤਾਂ ਇਹ ਕਈ ਦੇਸ਼ਾਂ ਵਿੱਚ ਬਹੁ-ਪੱਧਰੀ ਸੰਕਟਾਂ ਦਾ ਕਾਰਨ ਬਣ ਸਕਦੀ ਹੈ। ਯੁੱਧ ਸ਼ੁਰੂ ਹੋਣ ਤੋਂ ਲਗਭਗ ਇੱਕ ਮਹੀਨੇ ਬਾਅਦ, ਇਹ ਸਪੱਸ਼ਟ ਹੈ ਕਿ ਬਹੁਤ ਸਾਰੇ ਦੇਸ਼ਾਂ ਵਿੱਚ ਇੱਕ ਵਿਆਪਕ ਤੇਲ ਅਤੇ ਗੈਸ ਸੰਕਟ ਪੈਦਾ ਹੋ ਗਿਆ ਹੈ, ਜਿਸ ਨਾਲ ਆਮ ਜੀਵਨ 'ਚ ਬੁਰੀ ਤਰ੍ਹਾਂ ਵਿਘਨ ਪੈ ਰਿਹਾ ਹੈ। ਟਕਰਾਅ ਵਿੱਚ ਸ਼ਾਮਲ ਦੇਸ਼ਾਂ ਦੀ ਸਿਖਰਲੀ ਲੀਡਰਸ਼ਿਪ ਤੋਂ ਸੰਜਮ ਅਤੇ ਧੀਰਜ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਘਟਨਾਵਾਂ ਅਤੇ ਹਾਲਾਤ 'ਤੇ ਪਰਿਪੱਕ ਟਿੱਪਣੀ ਪੇਸ਼ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਨਾਲ ਤਣਾਅ ਨੂੰ ਘਟਾਉਣ ਅਤੇ ਟਕਰਾਅ ਨੂੰ ਖਤਮ ਕਰਨ ਦਾ ਰਸਤਾ ਲੱਭਣ ਵਿੱਚ ਮਦਦ ਮਿਲੇਗੀ।

**-ਜਗਜੀਤ ਸਿੰਘ ਦਰਦੀ**

# ਖ਼ਰਾਬ ਮੌਸਮ, ਫਸਲਾਂ ਦੀ ਤਬਾਹੀ ਅਤੇ ਵੋਟਾਂ ਦੀ ਰਾਜਨੀਤੀ ਸ਼ਤਰੰਜ ਵਿੱਚ ਪੰਜਾਬ ਦਾ ਭਵਿੱਖ

## ਲੋਕ ਇਸ ਵਾਰ ਭਰਮਾਉਣ ਵਾਲੀਆਂ ਯੋਜਨਾਵਾਂ ਤੋਂ ਉੱਪਰ ਉੱਠ ਕੇ ਅਸਲ ਤਬਦੀਲੀ ਚਾਹੁੰਦੇ ਹਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਤੇ ਫ਼ਿਰ ਸੰਕਟ ਹੈ। ਫ਼ਸਲਾਂ ਖੁੱਲ੍ਹੇ ਅਸਮਾਨ ਹੇਠ ਪਈਆਂ ਹਨ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਹੈ। ਕਿਸਾਨ ਦੀ ਗਰੀਬੀ ਹੋਰ ਵੱਧ ਰਹੀ ਹੈ ਕਿਸ ਨੂੰ ਫ਼ਿਕਰ ਹੈ। ਆਓ, ਅੱਜ ਇਸ ਦੀ ਗੱਲ ਕਰੀਏ। ਅੱਜ ਜੇ ਇੱਕ ਖੁੱਲ੍ਹੀ ਚਰਚਾ ਵਿਚ ਪੰਜਾਬ ਦੇ ਮਸਲੇ ਵਿਚਾਰੀਏ ਤਾਂ ਦਿਖ ਰਿਹਾ ਹੈ ਕਿ ਅਪ੍ਰੈਲ 2026 ਵਿਚ ਪੰਜਾਬ ਦਾ ਮੌਸਮ ਇੱਕ ਵਾਰ ਫ਼ਿਰ ਖ਼ਰਾਬ ਹੋ ਗਿਆ ਹੈ। ਇੱਥੇ ਲਗਾਤਾਰ ਮੀਂਹ, ਗੜ੍ਹੇ ਅਤੇ ਤੇਜ਼ ਹਵਾਵਾਂ ਨੇ ਖੇਤਾਂ ਵਿਚ ਤਬਾਹੀ ਮਚਾ ਰੱਖੀ ਹੈ। ਗਿਹੜ੍ਹੀ ਵਾਲੀ ਗੰਦਮ ਫਸਲ, ਜੋ ਹਰਵੈਸਟ ਲਈ ਤਿਆਰ ਖੜ੍ਹੀ ਸੀ, ਇੱਕ ਵਾਰ ਫਿਰ ਲੋਡਿੰਗ (ਡਿੱਗਣ) ਅਤੇ ਗੁਣਵੱਤਾ ਘਟਣ ਦਾ ਸ਼ਿਕਾਰ ਹੋ ਰਹੀ ਹੈ। ਮਾਲਵਾ ਬੈਲਟ (ਮੁਕਤਸਰ, ਫਾਜ਼ਿਲਕਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ) ਵਿਚ ਗੜੇ ਅਤੇ ਤੇਜ਼ ਹਵਾਵਾਂ ਨੇ ਖੇਤਾਂ ਨੂੰ ਤਬਾਹ ਕਰ ਦਿੱਤਾ ਹੈ। IMD ਨੇ ਆਰੇਂਜ ਐਲਰਟ ਜਾਰੀ ਕੀਤਾ ਹੈ ਅਤੇ ਅਪ੍ਰੈਲ 10 ਤੱਕ ਵੈੱਟ ਸਪੈੱਲ ਚੱਲਣ ਦੀ ਭਵਿੱਖਬਾਣੀ ਕੀਤੀ ਹੈ।

ਉਧਰ ਖੇਤੀਬਾੜੀ ਵਿਭਾਗ ਅਤੇ ਖੇਤੀਬਾੜੀ ਯੂਨੀਅਨਾਂ ਅਨੁਸਾਰ, ਇਸ ਵਾਰ 15-20% ਤੱਕ ਫਸਲ ਨੁਕਸਾਨ ਹੋਣ ਦਾ ਖਤਰਾ ਹੈ - ਕੁਝ ਇਲਾਕਿਆਂ ਵਿਚ ਤਾਂ 40-45% ਤੱਕ ਰਿਪੋਰਟ ਹੋ ਰਿਹਾ ਹੈ।ਇਹ ਤਬਾਹੀ ਸਿਰਫ਼ ਇੱਕ ਮੌਸਮੀ ਘਟਨਾ ਨਹੀਂ ਹੈ। ਇਹ ਪੰਜਾਬੀ ਖੇਤੀ ਅਤੇ ਆਰਥਿਕਤਾ ਦੀ ਲੰਬੀ ਸੰਕਟ ਵਾਲੀ ਕਹਾਣੀ ਦਾ ਹਿੱਸਾ ਹੈ। ਇੱਕ ਪਾਸੇ ਫਸਲਾਂ ਡਿੱਗ ਰਹੀਆਂ ਹਨ, ਆੜ੍ਹਤੀਆਂ (ਕਮਿਸ਼ਨ ਏਜੰਟ) ਹੜਤਾਲ 'ਤੇ ਹਨ ਅਤੇ MSP ਤੋਂ ਉਪਰ ਵੀ ਖਰੀਦ ਵਿਚ ਰੁਕਾਵਟਾਂ ਆ ਰਹੀਆਂ ਹਨ।

ਅੱਜ ਪੰਜਾਬ ਵਿੱਚ ਦੂਜੇ ਪਾਸੇ ਰਾਜਨੀਤੀ ਵੋਟਾਂ ਦੀ ਸ਼ਤਰੰਜ ਬਣ ਗਈ ਹੈ-ਮੁਫ਼ਤ ਰੋਟੀਆਂ, ਫੋਕੇ ਨਾਅਰੇ, ਭ੍ਰਿਸ਼ਟਾਚਾਰੀ ਬਿਊਰੋਕ੍ਰੇਸੀ, ਯੂਨੀਵਰਸਿਟੀਆਂ ਤੇ ਪ੍ਰਾਈਵੇਟ ਕਾਲਜਾਂ ਵਿਚ ਏਜੰਟਾਂ ਦਾ ਧੰਦਾ, ਡੌਂਕੀ ਰੂਟ ਰਾਹੀਂ ਪਰਵਾਸ, ਬੇਰੁਜ਼ਗਾਰੀ ਅਤੇ ਨਸ਼ਿਆਂ ਦਾ ਘੇਰਾ। 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਸਭ ਕੁਝ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਕੀ ਪੰਜਾਬ ਨੂੰ ਕੋਈ ਨਵੀਂ ਅਗਵਾਈ ਮਿਲੇਗੀ ਜਾਂ ਫਿਰ ਇਹੀ ਪੁਰਾਣੇ ਚੱਕਰ ਵਿਚ ਘੁੰਮਦਾ ਰਹੇਗਾ? ਮੌਸਮੀ ਤਬਾਹੀ ਅਤੇ ਖੇਤੀ ਸੰਕਟ: ਅੰਕੜੇ ਅਤੇ ਹਕੀਕਤ ਪਿਛਲੇ ਕੁਝ ਹਫ਼ਤਿਆਂ ਵਿਚ ਤਿੰਨ ਵਾਰ ਤੋਂ ਵਧੇਰੇ ਵੈਸਟਰਨ ਡਿਸਟਰਬੈਂਸ ਆ ਚੁੱਕੇ ਹਨ। ਮਾਰਚ ਅਤੇ ਅਪ੍ਰੈਲ 2026 ਵਿਚ ਗੜ੍ਹੇ ਅਤੇ ਤੇਜ਼ ਹਵਾਵਾਂ ਨੇ ਗੰਦਮ ਨੂੰ ਲੋਡਿੰਗ ਕਰਵਾਇਆ ਹੈ। ਸੰਗਰੂਰ, ਬਰਨਾਲਾ, ਮੁਕਤਸਰ ਅਤੇ ਫਾਜ਼ਿਲਕਾ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਖੇਤੀਬਾੜੀ ਮੰਤਰੀ ਅਤੇ ਅਧਿਕਾਰੀਆਂ ਅਨੁਸਾਰ, ਫਸਲ ਦੀ ਗੁਣਵੱਤਾ ਘਟਣ ਨਾਲ ਬਜ਼ਾਰ ਵਿਚ ਰੇਟ ਵੀ ਪ੍ਰਭਾਵਿਤ ਹੋਣਗੇ। ਪਿਛਲੇ ਸਾਲਾਂ ਵਿਚ ਵੀ ਅਜਿਹੀਆਂ ਘਟਨਾਵਾਂ ਨਾਲ 5-15% ਤੱਕ ਨੁਕਸਾਨ ਹੋ ਚੁੱਕਾ ਹੈ। ਇਸ ਵਾਰ ਲਗਭਗ 132 ਲੱਖ ਮੈਟ੍ਰਿਕ ਟਨ ਗੰਦਮ ਦੀ ਖਰੀਦ ਉਮੀਦ ਹੈ, ਪਰ ਆੜ੍ਹਤੀਆਂ ਦੀ ਹੜਤਾਲ ਕਾਰਨ ਪ੍ਰੋਕਿਓਰਮੈਂਟ ਵਿਚ ਰੁਕਾਵਟ ਆ ਰਹੀ ਹੈ। ਆੜ੍ਹਤੀਆਂ 2.5% ਕਮਿਸ਼ਨ (ਲਗਭਗ 65 ਰੁਪਏ ਪ੍ਰਤੀ ਕੁਇੰਟਲ) ਦੀ ਮੰਗ ਕਰ ਰਹੇ ਹਨ, ਜਦਕਿ ਇਹ 46-50 ਰੁਪਏ 'ਤੇ ਫ੍ਰੋਜ਼ਨ ਹੈ।

ਅੱਜ ਪੰਜਾਬ ਦੀ ਖੇਤੀ ਪਾਣੀ, ਬਿਜਲੀ ਅਤੇ MSP 'ਤੇ ਆਧਾਰਿਤ ਹੈ, ਪਰ ਇਹ ਮਾਡਲ ਹੁਣ ਟਿਕਾਊ ਨਹੀਂ ਰਿਹਾ। ਫ੍ਰੀ ਬਿਜਲੀ ਨਾਲ ਓਵਰ-ਪੰਪਿੰਗ ਹੋ ਰਹੀ ਹੈ, ਭੂਗਰਭੀ ਪਾਣੀ ਲੈਵਲ ਘੱਟ ਰਿਹਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਕਿਸਾਨ ਯੂਨੀਅਨਾਂ MSP ਦੀ ਲੀਗਲ ਗਾਰੰਟੀ ਦੀ ਮੰਗ ਕਰਦੀਆਂ ਰਹੀਆਂ ਹਨ, ਪਰ ਰਾਜਨੀਤੀ ਇਸ ਨੂੰ ਵੋਟ ਬੈਂਕ ਬਣਾ ਕੇ ਰੱਖ ਰਹੀ ਹੈ। ਅੱਜ ਆੜ੍ਹਤੀਆਂ ਅਤੇ ਕਿਸਾਨਾਂ ਵਿਚਾਲੇ ਵੀ ਤਣਾਅ ਵਧ ਰਿਹਾ ਹੈ। ਇਸ ਤਬਾਹੀ ਨਾਲ ਛੋਟੇ ਅਤੇ ਘੱਟ ਜ਼ਮੀਨ ਵਾਲੇ ਕਿਸਾਨ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ, ਜਿਨ੍ਹਾਂ ਲਈ ਬੀਮਾ (PMFBY) ਵੀ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਿਹਾ।ਬੇਰੁਜ਼ਗਾਰੀ, ਪਰਵਾਸ ਅਤੇ ਨਸ਼ਿਆਂ ਦਾ ਘੇਰਾ ਪੰਜਾਬ ਵਿਚ ਯੂਥ ਅਨੈਮਪਲਾਇਮੈਂਟ ਰੇਟ ਰਾਸ਼ਟਰੀ ਔਸਤ ਤੋਂ ਉੱਪਰ ਹੈ - 2025 ਵਿਚ ਲਗਭਗ 18.9% ਤੱਕ ਪਹੁੰਚਿਆ, ਗ੍ਰਾਮੀਣ ਖੇਤਰਾਂ ਵਿਚ ਤਾਂ 20.5% ਤੱਕ। ਔਰਤਾਂ ਵਿਚ ਇਹ ਰੇਟ ਹੋਰ ਵੀ ਉੱਚਾ ਹੈ (28-30%)। ਪੰਜਾਬ ਆਰਥਿਕ ਸਰਵੇ 2025-26 ਅਨੁਸਾਰ, ਰੁਜ਼ਗਾਰ ਬਿਊਰੋ ਵਿਚ ਰਜਿਸਟਰਡ ਲੋਕਾਂ ਵਿਚੋਂ 58% ਅਨਸਕਿਲਡ ਹਨ। ਅੱਜ ਇਸ ਨਾਲ ਡਿਸਟ੍ਰੈੱਸ ਮਾਈਗ੍ਰੇਸ਼ਨ ਵੱਧ ਰਿਹਾ ਹੈ - ਯੂਵਕ ਕੈਨੇਡਾ, ਆਸਟ੍ਰੇਲੀਆ ਅਤੇ ਯੂਰਪ ਵੱਲ ਭੱਜ ਰਹੇ ਹਨ। ਏਜੰਟਾਂ ਦਾ ਧੰਦਾ ਫੈਲਿਆ ਹੋਇਆ ਹੈ, ਲੋਕ ਲੱਖਾਂ ਰੁਪਏ ਖਰਚ ਕਰਕੇ ਵੀਜ਼ਾ ਲੈਣ ਲਈ ਘਰ ਗਿਰਵੀ ਰੱਖ ਰਹੇ ਹਨ। ਡੌਂਕੀ ਰੂਟ (ਗੈਰ-ਕਾਨੂੰਨੀ ਰਾਹੀਂ ਪਰਵਾਸ) ਖਤਰਨਾਕ ਰਿਹਾ ਹੈ ਅਤੇ ਇਸ ਵਿਚ ਕਈ ਯੁਵਕਾਂ ਦੀਆਂ ਜਾਨਾਂ ਗਈਆਂ ਹਨ।ਨਸ਼ਿਆਂ ਦਾ ਮਸਲਾ ਇੱਕ ਮਹਾਂਮਾਰੀ ਵਾਂਗ ਫੈਲਿਆ ਹੋਇਆ ਹੈ। ਪਿਛਲੇ 2025 ਡਰੱਗ ਸੈਂਸਸ ਵਿਚ 65 ਲੱਖ ਪਰਿਵਾਰਾਂ ਦਾ ਸਰਵੇਖਣ ਹੋ ਰਿਹਾ ਹੈ। ਪੁਰਾਣੇ ਅੰਕੜਿਆਂ ਅਨੁਸਾਰ 15.4% ਆਬਾਦੀ ਕਿਸੇ ਨਾ ਕਿਸੇ ਨਸ਼ੇ ਵਿਚ ਲਿਪਤ ਹੈ ਅਤੇ ਯੂਵਕਾਂ ਵਿਚ ਇਹ ਰੇਟ 55-65% ਤੱਕ ਪਹੁੰਚਿਆ ਹੈ। ਬੇਰੁਜ਼ਗਾਰੀ, ਸੋਸ਼ਲ ਪ੍ਰੈਸ਼ਰ ਅਤੇ ਰਾਜਨੀਤਿਕ-ਅੰਤਰਰਾਸ਼ਟਰੀ ਨੈੱਟਵਰਕ ਇਸ ਨੂੰ ਵਧਾ ਰਹੇ ਹਨ। ਰਾਜਨੀਤੀ ਇਸ ਨੂੰ ਚੋਣੀ ਵਿਚ ਵਰਤਦੀ ਹੈ, ਪਰ ਰਿਹੈਬਿਲੀਟੇਸ਼ਨ ਅਤੇ ਰੋਕਥਾਮ ਵਿਚ ਅਸਲ ਕੰਮ ਘੱਟ ਹੈ।

ਅੱਜ ਪੰਜਾਬ ਵਿੱਚ ਐਜੂਕੇਸ਼ਨ ਅਤੇ ਯੂਨੀਵਰਸਿਟੀਆਂ ਧੰਦਾ ਬਣਿਆ ਸਿਸਟਮ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪ੍ਰਾਈਵੇਟ ਕਾਲਜਾਂ ਵਿਚ ਐਜੂਕੇਸ਼ਨ ਇੱਕ ਧੰਦਾ ਬਣ ਗਿਆ ਹੈ। ਏਜੰਟ ਲੋਕਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਲੁੱਟ ਰਹੇ ਹਨ। ਆਸਟ੍ਰੇਲੀਆ ਅਤੇ ਕੈਨੇਡਾ ਵਿਚ ਫੇਕ ਕਾਲਜਾਂ ਅਤੇ ਫਰਜ਼ੀ ਐਡਮਿਸ਼ਨ ਵਾਲੇ ਮਾਮਲੇ ਲਗਾਤਾਰ ਆ ਰਹੇ ਹਨ। ਘਰੇਲੂ ਲੈਵਲ 'ਤੇ ਵੀ ਪ੍ਰਾਈਵੇਟ ਇੰਸਟੀਚਿਊਸ਼ਨਾਂ ਫੀਸਾਂ ਵਧਾ ਰਹੀਆਂ ਹਨ ਅਤੇ ਗੁਣਵੱਤਾ ਘਟ ਰਹੀ ਹੈ। ਇਸ ਨਾਲ ਯੂਵਕਾਂ ਵਿਚ ਹੱਤਾਸ਼ਾ ਵੱਧ ਰਹੀ ਹੈ ਅਤੇ ਸਟੀਲਥ ਮਾਈਗ੍ਰੇਸ਼ਨ ਵੱਧ ਰਿਹਾ ਹੈ।

ਅੱਜ ਰਾਜਨੀਤੀ ਵਿੱਚ ਵੋਟਾਂ ਦੀ ਸ਼ਤਰੰਜ ਅਤੇ ਭ੍ਰਿਸ਼ਟਾਚਾਰੀ ਤੰਤਰ ਪੰਜਾਬ ਵਿਚ ਰਾਜਨੀਤੀ ਵੋਟ ਬੈਂਕ 'ਤੇ ਚੱਲ ਰਹੀ ਹੈ। ਮੁਫ਼ਤ ਬਿਜਲੀ (300 ਯੂਨਿਟ), ਔਰਤਾਂ ਨੂੰ 1000 ਮਹੀਨਾਵਾਰੀ, ਫ੍ਰੀ ਬੱਸ ਸਰਵਿਸ ਵਰਗੀਆਂ ਸਕੀਮਾਂ ਚੋਣੀ ਵਿਚ ਵਰਤੀਆਂ ਜਾ ਰਹੀਆਂ ਹਨ। ਇਸ ਨਾਲ ਰਾਜ ਦਾ ਕਰਜ਼ਾ ਲਗਭਗ 3.83 ਲੱਖ ਕਰੋੜ ਤੋਂ ਵਧ ਕੇ 2025-26 ਵਿਚ 4.17 ਲੱਖ ਕਰੋੜ ਤੱਕ ਪਹੁੰਚਣ ਵਾਲਾ ਹੈ। ਰੈਵਨਿਊ ਦਾ ਵੱਡਾ ਹਿੱਸਾ ਵਿਆਜ ਅਤੇ ਸਬਸਿਡੀ 'ਤੇ ਖਰਚ ਹੋ ਰਿਹਾ ਹੈ। ਵਿਰੋਧੀ ਧਿਰਾਂ ਇਸ ਨੂੰ 'ਡੈੱਟ ਟ੍ਰੈਪ' ਕਹਿ ਰਹੀਆਂ ਹਨ।2027 ਚੋਣਾਂ ਲਈ ਰਾਜਨੀਤਿਕ ਲੈਂਡਸਕੇਪ ਟੁੱਟਿਆ ਹੋਇਆ ਹੈ।

ਅੱਜ ਪੰਜਾਬ ਵਿੱਚ ਆਪ ਸੱਤਾ ਵਿਚ ਹੈ ਅਤੇ ਆਪਣੀਆਂ ਵੈਲਫੇਅਰ ਸਕੀਮਾਂ 'ਤੇ ਭਰੋਸਾ ਕਰ ਰਹੀ ਹੈ, ਪਰ ਐਂਟੀ-ਇੰਕੰਬੈਂਸੀ ਵੀ ਵਧ ਰਹੀ ਹੈ। ਕਾਂਗਰਸ ਵਿਚ ਇਕੱਠਤਾ ਦੀ ਘਾਟ ਹੈ। SAD ਅਤੇ BJP ਵਿਚਾਲੇ ਗਠਜੋੜ ਟੁੱਟ ਗਿਆ ਹੈ - ਅਮਿਤ ਸ਼ਾਹ ਨੇ ਐਲਾਨ ਕੀਤਾ ਹੈ ਕਿ BJP 2027 ਵਿਚ ਆਪਣੀ ਸਰਕਾਰ ਬਣਾਉਣ ਲਈ ਅਜ਼ਾਦ ਲੜੇਗੀ। SAD ਆਪਣੀ ਤਾਕਤ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਨਾਲ ਚਾਰ-ਕੋਣੀ ਲੜਾਈ ਹੋਣ ਦੀ ਸੰਭਾਵਨਾ ਹੈ, ਜਿਸ ਵਿਚ ਵੋਟ ਬਟਵਾਰਾ ਹੋਵੇਗਾ ਅਤੇ 20-25% ਵੋਟ ਸ਼ੇਅਰ ਨਾਲ ਵੀ ਸਰਕਾਰ ਬਣ ਸਕਦੀ ਹੈ।

ਅੱਜ ਭ੍ਰਿਸ਼ਟਾਚਾਰੀ ਬਿਊਰੋਕ੍ਰੇਸੀ ਅਤੇ ਲੁੱਟ ਦਾ ਤੰਤਰ ਅਜੇ ਵੀ ਮਜ਼ਬੂਤ ਹੈ। ਯੂਨੀਵਰਸਿਟੀਆਂ ਵਿਚ ਭਰਤੀਆਂ, ਠੇਕਿਆਂ ਅਤੇ ਵਿਕਾਸ ਕੰਮਾਂ ਵਿਚ ਰਿਸ਼ਵਤਖੋਰੀ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਲੋਕਾਂ ਨੂੰ ਲੱਗਦਾ ਹੈ ਕਿ ਰਾਜਨੀਤੀ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ (ਪਾਣੀ, ਖੇਤੀ, ਰੁਜ਼ਗਾਰ, ਨਸ਼ੇ) ਨੂੰ ਹੱਲ ਨਹੀਂ ਕਰ ਰਹੀ, ਸਗੋਂ ਵੋਟ ਲਈ ਭਰਮਾਉਣ ਵਾਲੀਆਂ ਯੋਜਨਾਵਾਂ ਚਲਾ ਰਹੀ ਹੈ। 227 ਮੰਗਾਂ (ਜਿਵੇਂ SYL, ਚੰਡੀਗੜ੍ਹ, ਪਾਣੀ ਇਸ਼ੂ) ਲਟਕੀਆਂ ਪਈਆਂ ਹਨ ਅਤੇ ਹਰ ਸਰਕਾਰ ਉਨ੍ਹਾਂ ਨੂੰ ਚੋਣੀ ਵਿਚ ਵਰਤਦੀ ਹੈ।2027 ਵਿਚ ਨਵੀਂ ਅਗਵਾਈ ਦੀ ਸੰਭਾਵਨਾ 2027 ਚੋਣਾਂ ਇੱਕ ਟਰਨਿੰਗ ਪੁਆਇੰਟ ਹੋ ਸਕਦੀਆਂ ਹਨ, ਪਰ ਇਸ ਵੇਲੇ ਤੱਕ ਕੋਈ ਸਪੱਸ਼ਟ ਨਵੀਂ ਅਗਵਾਈ ਨਜ਼ਰ ਨਹੀਂ ਆ ਰਹੀ। ਅੱਜ ਆਪ ਜੇਕਰ ਆਪਣੀਆਂ ਵੈਲਫੇਅਰ ਸਕੀਮਾਂ ਨੂੰ ਟਿਕਾਊ ਬਣਾਉਂਦੀ ਹੈ ਅਤੇ ਖੇਤੀ, ਰੁਜ਼ਗਾਰ ਅਤੇ ਨਸ਼ਿਆਂ 'ਤੇ ਠੋਸ ਕਦਮ ਚੁੱਕਦੀ ਹੈ ਤਾਂ ਵਾਪਸੀ ਹੋ ਸਕਦੀ ਹੈ। ਭਾਜਪਾ ਅਜ਼ਾਦ ਲੜ ਕੇ ਸਿੱਖ ਭਾਈਚਾਰੇ ਅਤੇ ਡਾਲਿਟ-ਓਬੀਸੀ ਵੋਟਰਾਂ ਨੂੰ ਟਾਰਗੈੱਟ ਕਰ ਰਹੀ ਹੈ ਅਤੇ ਡਰੱਗ ਮਾਮਲੇ 'ਤੇ ਹਮਲਾ ਬੋਲ ਰਹੀ ਹੈ। ਅਕਾਲੀ ਦਲ ਆਪਣੀ ਪੁਰਾਣੀ ਬੇਸ ਵਾਪਸ ਲੈਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਗਠਜੋੜ ਤੋਂ ਬਿਨਾਂ ਚੁਣੌਤੀ ਵੱਡੀ ਹੈ। ਕਾਂਗਰਸ ਵਿਚ ਏਕਤਾ ਅਤੇ ਨਵੀਂ ਲੀਡਰਸ਼ਿਪ ਦੀ ਘਾਟ ਹੈ।

ਅੱਜ ਹੁਣ ਜੇਕਰ ਰਾਜਨੀਤੀ ਇਸੇ ਤਰ੍ਹਾਂ ਚੱਲਦੀ ਰਹੀ - ਫੋਕੇ ਨਾਰੇ, ਮੁਫ਼ਤ ਯੋਜਨਾਵਾਂ ਅਤੇ ਵੋਟ ਬੈਂਕ ਪਾਲਿਟਿਕਸ - ਤਾਂ ਪੰਜਾਬ ਇੱਕੋ ਚੱਕਰ ਵਿਚ ਘੁੰਮਦਾ ਰਹੇਗਾ। ਨਵੀਂ ਅਗਵਾਈ ਲਈ ਲੋੜ ਹੈ: ਖੇਤੀ ਨੂੰ ਟਿਕਾਊ ਬਣਾਉਣ ਲਈ ਡਾਇਵਰਸੀਫਿਕੇਸ਼ਨ (ਬਾਸਮਤੀ, ਫਲ, ਸਬਜ਼ੀਆਂ, ਡੇਅਰੀ) ਅਤੇ ਵਾਟਰ ਮੈਨੇਜਮੈਂਟ ਤੇ ਯੂਵਕਾਂ ਲਈ ਸਕਿਲ ਡਿਵੈਲਪਮੈਂਟ ਅਤੇ ਲੋਕਲ ਇੰਡਸਟ੍ਰੀ (ਟੈਕਸਟਾਈਲ, ਸਪੋਰਟਸ ਗੁੱਡਜ਼, ਫੂਡ ਪ੍ਰੋਸੈਸਿੰਗ) ਨੂੰ ਉਤਸਾਹਿਤ ਕਰਨਾ। ਨਸ਼ਿਆਂ ਵਿਰੋਧੀ ਠੋਸ ਰਣਨੀਤੀ - ਰਿਹੈਬਿਲੀਟੇਸ਼ਨ ਸੈਂਟਰ ਅਤੇ ਐਨਫੋਰਸਮੈਂਟ।

ਐਜੂਕੇਸ਼ਨ ਵਿਚ ਗੁਣਵੱਤਾ ਅਤੇ ਏਜੰਟ ਧੰਦੇ 'ਤੇ ਰੋਕ ਕੇ ਭ੍ਰਿਸ਼ਟਾਚਾਰ ਖਤਮ ਕਰਨ ਲਈ ਟ੍ਰਾਂਸਪਰੈਂਟ ਗਵਰਨੈਂਸ ਅਤੇ ਬਿਊਰੋਕ੍ਰੇਸੀ ਰਿਫਾਰਮ ਤੇ ਕਰਨ ਦੀ ਲੋੜ ਹੈ। ਅੱਜ ਪੰਜਾਬੀ ਲੋਕ ਇਸ ਵਾਰ ਭਰਮਾਉਣ ਵਾਲੀਆਂ ਯੋਜਨਾਵਾਂ ਤੋਂ ਉੱਪਰ ਉਠ ਕੇ ਅਸਲ ਤਬਦੀਲੀ ਚਾਹੁੰਦੇ ਹਨ। ਜੇਕਰ 2027 ਵਿਚ ਵੀ ਇਸੇ ਤਰ੍ਹਾਂ ਦੀ ਰਾਜਨੀਤੀ ਚੱਲੀ ਤਾਂ ਨਿਰਾਸ਼ਾ ਵਧੇਗੀ ਅਤੇ ਪਰਵਾਸ, ਨਸ਼ੇ ਅਤੇ ਆਰਥਿਕ ਸੰਕਟ ਹੋਰ ਡੂੰਘਾ ਹੋਵੇਗਾ। ਪਰ ਜੇਕਰ ਕੋਈ ਨਵੀਂ ਅਗਵਾਈ ਉੱਠੀ ਜੋ ਖੁੱਲ੍ਹੇ ਵਿਚਾਰਾਂ ਨਾਲ, ਅੰਕੜਿਆਂ ਅਤੇ ਤੱਥਾਂ ਆਧਾਰਿਤ ਫੈਸਲੇ ਲਵੇ ਤਾਂ ਪੰਜਾਬ ਫਿਰ ਤੋਂ ਉਭਰ ਸਕਦਾ ਹੈ - ਖੇਤੀ, ਉਦਯੋਗ ਅਤੇ ਯੂਵਕ ਸ਼ਕਤੀ ਨਾਲ।ਇਹ ਚਰਚਾ ਖੁੱਲ੍ਹੀ ਹੈ। ਅੱਜ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਤੋਂ ਉੱਪਰ ਉਠ ਕੇ ਆਪਣੇ ਭਵਿੱਖ ਬਾਰੇ ਸੋਚਣ - ਕੀ ਉਹ ਫਿਰ ਫੋਕੇ ਨਾਰਿਆਂ ਵਿਚ ਫਸਣਗੇ ਜਾਂ ਅਸਲ ਤਬਦੀਲੀ ਲਿਆਉਣਗੇ? ਪੰਜਾਬ ਦਾ ਭਵਿੱਖ ਇਸ ਫੈਸਲੇ 'ਤੇ ਨਿਰਭਰ ਕਰਦਾ ਹੈ।

# ਸਿਖ਼ਰਲੀ ਅਦਾਲਤ ਵੱਲੋਂ, ਦਸਮੇਸ਼-ਪੁਰਬ 'ਤੇ ਕੌਮੀ ਛੁੱਟੀ ਕਰਨੋਂ ਇਨਕਾਰ ?



ਡਾ. ਕੁਲਵੰਤ ਕੌਰ
ਮੋ: 98156-20515

ਪਿਛਲੇ ਦਿਨੀਂ, ਸਿਖ਼ਰਲੀ ਅਦਾਲਤ ਵੱਲੋਂ ਖ਼ਾਰਜ ਕੀਤੀ ਪਟੀਸ਼ਨ ਦਾ ਸਬੰਧ ਸਿੱਖ ਧਰਮ ਅਤੇ ਦਸਮੇਸ਼ ਪਿਤਾ ਨਾਲ ਹੋਣ ਕਾਰਨ, ਲਗਾਤਾਰ ਆਂਤਰਿਕ ਪੀੜ ਦਾ ਅਹਿਸਾਸ ਹੁੰਦਾ ਰਿਹਾ ਹੈ। ਇਸ ਕੇਸ ਵਿਚ, ਆਲ ਇੰਡੀਆ ਸ਼੍ਰੋਮਣੀ ਸਿੰਘ ਸਭਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-ਪੁਰਬ 'ਤੇ ਰਾਸ਼ਟਰੀ ਛੁੱਟੀ ਕਰਨ ਦੀ ਮੰਗ ਅਪ੍ਰਵਾਨ ਕਰ ਦਿੱਤੀ ਗਈ ਹੈ।

ਅਸੀਂ ਨਿੱਤ ਦਿਹਾੜੇ, ਛੁੱਟੀਆਂ ਦੇ ਐਲਾਨ ਕਾਰਨ ਕੌਮੀ ਕਾਰਜਾਂ ਵਿਚ ਖੜੋਤ ਦੇ ਕਤੱਈ ਹਾਮੀ ਨਹੀਂ ਪਰੰਤੂ ਹਰ ਵਿਅਕਤੀ , ਤਿਉਹਾਰ ਅਤੇ ਅਵਸਰ 'ਤੇ ਕੀਤੀਆਂ ਜਾਂਦੀਆਂ ਛੁੱਟੀਆਂ ਦੇ ਮੱਦੇਨਜ਼ਰ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ, ਸਾਹਿਬ ਏ ਕਮਾਲ ਦੇ ਪ੍ਰਕਾਸ਼-ਪੁਰਬ ਦੀ ਜਨਤਕ ਛੁੱਟੀ ਦੀ ਮੰਗ ਨੂੰ ਰੱਦ ਕਰਕੇ, ਕਰੋੜਾਂ ਕਰੋੜਾਂ ਦੇਸ਼ ਵਾਸੀਆਂ ਤੇ ਪ੍ਰਭੂ-ਪ੍ਰੇਮੀਆਂ ਨੂੰ ਨਿਰਾਸ਼ ਕੀਤਾ ਹੈ। ਬੈਂਚ ਨੇ ਵਿਸਤਰਿਤ ਆਦੇਸ਼ ਬਾਅਦ ਵਿਚ ਜਾਰੀ ਕਰਨ ਦੀ ਗੱਲ ਵੀ ਕੀਤੀ ਹੈ। ਖ਼ੈਰ! ਹਾਲੇ ਤੱਕ, ਉਨ੍ਹਾਂ ਦੀਆਂ ਦਲੀਲਾਂ ਤੇ ਹੁਕਮ ਪੜ੍ਹਣ-ਜਾਨਣ ਦਾ ਮੌਕਾ ਤਾਂ ਨਹੀਂ ਮਿਲਿਆ ਪਰੰਤੂ ਇਸ ਹੁਕਮ ਨਾਲ ਧੁਰ ਅੰਦਰੋਂ ਇਕ ਟੀਸ ਉੱਭਰੀ ਹੈ ਕਿ ਸੰਸਾਰ ਦੇ ਸਭ ਤੋਂ ਮਹਾਨ ਯੋਧੇ, ਸਰਬੰਸਦਾਨੀ , ਅੰਮ੍ਰਿਤ ਦੇ ਦਾਤੇ , ਇਲਾਹੀ ਸ਼ਾਇਰ, ਬਾਦਸ਼ਾਹ ਦਰਵੇਸ਼, ਸਾਹਿਬੇ ਕਮਾਲ, ਸਾਹਿਬੇ ਜਮਾਲ, ਦੁਸ਼ਟ-ਸੰਘਾਰਕ, ਰਾਸ਼ਟਰ ਰੱਖਿਅਕ,ਪ੍ਰੇਮ ਦੇ ਦੂਤ ਅਤੇ ਸਮੁੱਚੇ ਜਗਤ ਨੂੰ ਹੱਕ, ਸੱਚ, ਇਨਸਾਫ਼, ਪ੍ਰੇਮ-ਮੁਹੱਬਤ, ਸਮਾਨਤਾ, ਉਦਾਰਤਾ ਅਤੇ ਇਕਸੂਤਰਤਾ ਵਿਚ ਪਰੋਣ ਵਾਲੇ ਮਹਾਂ ਮਾਨਵ ਪ੍ਰਤਿ ਅਜਿਹਾ ਹੁਕਮ ਕਿਉਂ ?

ਸਾਗਰਾਂ ਜਿਹੀ ਅਡੋਲਤਾ ਅਤੇ ਦਰਿਆਵਾਂ ਜਿਹੀ ਵਿਸ਼ਾਲਤਾ, ਵਿਆਪਕਤਾ ਅਤੇ ਖੁੱਲ੍ਹ ਦਿਲੀ ਵਾਲੇ ਦਸਵੇਂ ਨਾਨਕ, ਓਸ ਨਿਰੰਕਾਰੀ ਬਖ਼ਸ਼ਿਸ਼ ਦਾ ਅੰਤਿਮ ਜਿਸਮਾਨੀ ਸਰੂਪ ਸਨ, ਜਿਹੜੀ ਮੱਧ ਕਾਲੀਨ ਹਿੰਦੁਸਤਾਨ 'ਤੇ ਓਸ ਵਕਤ ਨਾਜ਼ਲ ਹੋਈ, ਜਦੋਂ ਇਥੋਂ ਦਾ ਤਾਣਾ ਬਾਣਾ ਅਸਲੋਂ ਉਲਝ ਕੇ ਰਹਿ ਗਿਆ ਸੀ। ਉਲਟੀ ਵਾੜ ਤਾਂ ਖੇਤ ਨੂੰ ਖਾ ਹੀ ਰਹੀ ਸੀ ਤੇ ਇਸਦੇ ਨਾਲ ਨਾਲ 'ਪਾਪ ਕੀ ਜੰਞ' ਲੈ ਕੇ ਕਾਬਲ ਤੋਂ ਆਉਣ ਵਾਲੇ ਬਾਬਰ ਦਾ ਕੁਣਬਾ ਵੀ ਪੂਰਾ ਫੈਲ ਚੁੱਕਾ ਸੀ। ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਦੀਆਂ ਤਕ ਜਿਸ ਨਾਨਕ ਜੋਤ ਦੇ ਵਿਭਿੰਨ ਜਾਮਿਆਂ ਨੇ ਕਦੇ ਜ਼ੋਰ ਜਬਰ ਝੱਲ ਕੇ, ਕਦੇ ਮੈਤਰੀ ਸੰਬੰਧ ਨਿਭਾ ਕੇ ਤੇ ਕਦੇ ਅਕਹਿ ਤੇ ਅਸਹਿ ਕਸ਼ਟ ਸਹਾਰ ਕੇ ਇਸ ਹਿੰਦੁਸਤਾਨ ਦੀ ਆਤਮਾ ਨੂੰ ਸਜਿੰਦ ਰੱਖਿਆ, ਓਹ ਮਾਨਵੀ ਇਤਿਹਾਸ ਦਾ ਇਕ ਅਨੋਖਾ, ਅਨੂਠਾ ਅਤੇ ਅਮਰ ਅਧਿਆਇ ਹੋ ਨਿੱਬੜਿਆ ਹੈ ਤੇ ਇਸ ਦੀ ਅਸਮਤ ਬਚਾਈ।

ਸਮਾਜਿਕ, ਧਾਰਮਿਕ, ਰਾਜਨੀਤਕ ਤੇ ਭਾਈਚਾਰਕ ਇਨਕਲਾਬ ਦੀ ਮਿਸ਼ਾਲ ਜਗਾ ਕੇ, ਸਾਰੇ ਹੀ ਅਗੰਮੜੇ ਮਰਦਾਂ, ਦੈਵੀ ਪੁਰਖਾਂ ਅਤੇ ਮਹਾਨ ਰਹਿਬਰਾਂ ਨੇ ਦੇਸ਼, ਕਾਲ, ਰੰਗ, ਭੇਦ, ਜਾਤ-ਗੋਤ, ਧਰਮ, ਫਿਰਕੇ ਅਤੇ ਹੋਰ ਹਰ ਪ੍ਰਕਾਰੀ ਵਿਤਕਰੇ ਤੋਂ ਨਿਰਲੇਪ ਰਹਿੰਦਿਆਂ, ਹਿੰਦੁਸਤਾਨ ਦੇ ਕੋਨੇ ਕੋਨੇ ਤੱਕ ਰਸਾਈ ਕੀਤੀ। ਮੇਲਿਆਂ ਮੁਸਾਹਬਿਆਂ, ਜੰਗਲਾਂ, ਪਹਾੜਾਂ, ਵਾਦੀਆਂ, ਕੁੱਲੀਆਂ, ਢਾਰਿਆਂ ਤੇ ਦੇਸ਼ਾਂ ਵਿਦੇਸ਼ਾਂ ਤੱਕ ਪਹੁੰਚੇ ਅਤੇ ਸੱਚ ਤੇ ਇਨਸਾਫ਼ ਦਾ ਹੋਕਾ ਦਿੱਤਾ, ਸਦਾਚਾਰ ਸਿਖਾਇਆ, 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਦੀ ਸਿੱਖ ਮੱਤ ਦਿੱਤੀ ਅਤੇ 'ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ' ਲਈ ਪ੍ਰੇਰਿਆ। ਜੀਵਨ ਦਾ ਅਸਲ ਮਕਸਦ ਆਪਣੇ ਕਰਮਾਂ, ਅਮਲਾਂ ਅਤੇ ਸੁਨੇਹਿਆਂ ਰਾਹੀਂ ਪ੍ਰਚਾਰਦਿਆਂ, ਸੱਚੇ ਸੁੱਚੇ ਵਿਅਕਤੀ ਨੂੰ ਹਰ ਵਕਤ ਜਾਨ ਨਿਛਾਵਰੀ ਲਈ ਤਿਆਰ ਬਰ ਤਿਆਰ ਰਹਿਣ ਲਈ ਕਿਹਾ। ਏਸ਼ੀਆ ਦਾ ਮਹਾਨ ਸ਼ਾਇਰ, ਇਸੇ ਲਈ ਇਹ ਕਹਿਣ ਲਈ ਮਜਬੂਰ ਹੋ ਉੱਠਿਆ:-

ਫਿਰ ਉਠੀ ਆਖ਼ਿਰ ਸਦਾ
ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ-ਕਾਮਿਲ ਨੇ
ਜਗਾਇਆ ਖ਼ਾਬ ਸੇ।

ਇੰਞ, ਜਦੋਂ ਨਾਥ ਜੋਗੀ, ਜਤੀ ਸਤੀ, ਪੀਰ ਪੈਗੰਬਰ, ਤਪੀ ਤਪੀਸਰ ਅਤੇ ਹੱਠ ਧਰਮੀਏ ਤਰ੍ਹਾਂ ਤਰ੍ਹਾਂ ਦੀਆਂ ਯਾਤਨਾਵਾਂ, ਤਪੱਸਿਆਵਾਂ ਅਤੇ ਹੋਰ ਕਰੜੀਆਂ ਬੰਦਿਸ਼ਾਂ ਵਿਚ ਗਲਤਾਨ ਸਨ, ਨਾਨਕ ਜੋਤ ਦਾ ਸਾਰਾ ਜ਼ੋਰ ਆਪਾ ਸਾਧਣ, ਪ੍ਰੇਮ ਪਿਆਰ ਦਾ ਰਾਹ ਪਛਾਨਣ ਅਤੇ ਦੂਜਿਆਂ (ਦੁਖਿਆਰਿਆਂ) ਦਾ ਸਹਾਰਾ ਬਣਨ ਲਈ ਲੱਗਾ ਰਿਹਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਣ ਸਮੇਂ, ਇਕੋ ਇਕ ਉਦੇਸ਼, ਮਨੁੱਖ ਜਾਤੀ ਦੀ ਸਦੀਵੀਂ ਸਾਂਝ ਨੂੰ ਪੱਕਿਆਂ ਕਰਨਾ, ਮਾਨਵੀ ਮੁੱਲ ਦਾ ਸਾਧਾਰੀਕਰਨ ਕਰਨਾ , ਉੱਦਾਤ ਤੇ ਪਰਉਪਕਾਰੀ ਬਚਨਾਂ ਨੂੰ ਸੰਗ੍ਰਹਿਤ ਕਰਨਾ , ਰਾਜੇ ਤੇ ਰੰਕ, ਸਭ ਨੂੰ ਇਕੋ ਸੁਨੇਹਾ ਦ੍ਰਿੜਾਉਣ ਅਤੇ ਜਨ ਜਨ ਨੂੰ ਜ਼ਿੰਦਗੀ ਦਾ ਅਸਲ ਮਕਸਦ ਸਮਝਾਉਣਾ ਸੀ - ਭਾਈ ਮਰਦਾਨਾ ਜੀ ਦਾ ਲਮੇਰਾ ਸਾਥ, ਸਾਈਂ ਮੀਆਂ ਮੀਰ ਜੀ ਵੱਲੋਂ ਸ੍ਰੀ ਦਰਬਾਰ ਸਾਹਿਬ ਦਾ ਨੀਂਹ ਪੱਥਰ ਰਖਵਾਉਣਾ, ਪੰਚਮ ਨਾਨਕ ਜੀ ਦੀ ਲਾਸਾਨੀ ਸ਼ਹਾਦਤ, ਮੀਰੀ ਤੇ ਪੀਰੀ ਦਾ ਸੁਮੇਲ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਦਿੱਲੀ ਦੀ ਚੇਚਕ ਸਮੇਂ ਅੱਠਵੇਂ ਨਾਨਕ ਜੀ ਦਾ ਅਮਰ ਯੋਗਦਾਨ, ਸਮੁੱਚੀ ਸ੍ਰਿਸ਼ਟੀ ਦੀ ਚਾਦਰ ਬਣੇ ਨੌਵੇਂ ਨਾਨਕ ਤੇ ਚੌਹਾਂ ਲਾਲਾਂ ਨੂੰ ਮਨੁੱਖੀ ਧਰਮ ਦੀ ਰੱਖਿਆ ਲਈ ਕੁਰਬਾਨ ਕਰਨ ਵਾਲੇ ਦਸਮੇਸ਼ ਪਿਤਾ। ਫਿਰ, ਬਿਰਧ ਅੰਮੜੀ ਨੂੰ ਵੀ ਵਾਰ ਕੇ, ਆਪਣੀ ਅਹੂਤੀ ਦੇਣ ਵਾਲੇ ਸਰਬੰਸਦਾਨੀ-ਸਾਹਿਬੇ ਕਮਾਲ । ਬਾਬਾ ਬੁੱਲ੍ਹੇ ਸ਼ਾਹ ਨੇ ਕਿੰਨਾ ਵਜਾਹ ਫੁਰਮਾਇਆ ਹੈ :

ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ
ਬਾਤ ਕਰੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਸੁੰਨਤ ਹੋਤੀ ਸਬ ਕੀ।

ਬੁਲੰਦ ਸੋਚ, ਉੱਚ ਆਦਰਸ਼ਾਂ, ਬੇਖ਼ੌਫ਼ ਅਦਾ ਵਾਲੇ ਅਤੇ ਸਰਬ ਸਾਂਝੇ ਪਰਉਪਕਾਰਾਂ ਲਈ, ਪਲ-ਪਲ ਯਤਨਸ਼ੀਲ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੰਗਾ ਦੇ ਸੱਜੇ ਕਿਨਾਰੇ, ਸ੍ਰੀ ਪਟਨਾ ਸਾਹਿਬ ਵਿਚ ਪ੍ਰਕਾਸ਼ ਧਾਰਿਆ, ਸਤਲੁਜ ਸੰਗ ਅਠਖੇਲੀਆਂ ਕੀਤੀਆਂ, ਜਮਨਾ ਲਾਗੇ, ਸਾਰੀਆਂ ਭਵਿੱਖੀ ਯੋਜਨਾਵਾਂ ਦੀ ਤਿਆਰੀ ਕੀਤੀ, ਸਰਸਾ ਨਦੀ 'ਤੇ ਇੱਕ ਵੱਡਾ ਇਮਤਿਹਾਨ ਦਿੱਤਾ ਤੇ ਅੰਤ, ਗੋਦਾਵਰੀ ਕੰਢੇ ਜਾ ਕੇ ਸਮੁੱਚੀ ਜੀਵਨ ਲੀਲਾ ਸਮੇਟੀ।

ਹੈ ਕੋਈ ਇਸ ਧਰਤੀ 'ਤੇ ਵਿਚਰਿਆ ਕੋਈ ਹੋਰ ਮਹਾਂ ਮਾਨਵ, ਪੀਰ ਪੈਗੰਬਰ, ਜਨ ਨਾਇਕ, ਗੁਰੂ ਜਾਂ ਅਗੰਮੜਾ ਮਰਦ ਜਿਸ ਨੇ ਪੂਰੇ ਹਿੰਦੁਸਤਾਨ ਦੀ ਪਰਿਕਰਮਾ ਕਰਕੇ, ਚੌਦਾਂ ਧਰਮ ਯੁੱਧ ਲੜੇ ਹੋਣ, ਦੇਸ਼ ਦੀ ਸਥਾਪਿਤ ਬਾਦਸ਼ਾਹਤ ਨਾਲ ਫਸਵੀਂ ਟੱਕਰ ਲਈ ਹੋਵੇ, ਨੌਂ ਸਾਲ ਦੀ ਬਾਲ-ਉਮਰੇ, ਪਿਤਾ ਨੂੰ ਸਭ ਤੋਂ ਵੱਡੀ ਕੁਰਬਾਨੀ ਲਈ, ਹੱਥੀਂ ਤੋਰਿਆ ਹੋਵੇ, ਅਧਰਮੀ ਬਾਦਸ਼ਾਹ ਦੇ ਬੇਈਮਾਨ ਸੂਬੇਦਾਰਾਂ ਦੇ ਜ਼ੁਲਮ ਦੀ ਇੰਤਹਾ ਸਹਿੰਦਿਆਂ ਸਥਾਨਕ ਪਹਾੜੀ ਰਾਜਿਆਂ ਦੇ ਕਹਿਰ ਨਾਲ ਵੀ ਨਜਿੱਠਿਆ ਹੋਵੇ (ਜਿਨ੍ਹਾਂ ਦੇ ਵੱਡੇ ਵਡੇਰਿਆਂ ਅਤੇ ਪੂਰਵਜਾਂ ਨੂੰ ਛੇਵੇਂ ਨਾਨਕ ਨੇ ਖੁਦ ਰਿਹਾਅ ਹੋਣ ਤੋਂ ਪਹਿਲੇ, ਗਵਾਲੀਅਰ ਦੇ ਕਿਲੇ ਦੀ ਕੈਦ ਤੋਂ ਮੁਕਤੀ ਦਿਵਾਈ ਹੋਵੇ)

ਵਹ ਪ੍ਰਗਟਿਓ ਮਰਦ ਅਗੰਮੜਾ
ਵਰੀਆਮ ਅਕੇਲਾ।
ਵਾਹ-ਵਾਹ ਗੋਬਿੰਦ ਸਿੰਘ
ਆਪੇ ਗੁਰ ਚੇਲਾ।

ਗੁਰੂ ਚੇਲੇ ਨੂੰ ਬਰਾਬਰ ਸਾਖਿਆਤ ਕਰਦਾ ਕੌਤਕ, ਵਿਸਾਖੀ 1699 ਨੂੰ ਇਸੇ ਹਿੰਦੁਸਤਾਨ ਵਿਚ ਘਟਿਆ ਸੀ, ਜਦੋਂ ਸਭ ਰੋਕਾਂ, ਰੁਕਾਵਟਾਂ, ਪਾਬੰਦੀਆਂ, ਮੇਰਾਂ ਤੇਰਾਂ ਤੇ ਊਚਾਂ-ਨੀਚਾਂ ਨੂੰ ਪਰ੍ਹੇ ਵਗਾਹ ਮਾਰਦਿਆਂ, 'ਖਾਲਸਾ ਮੇਰੋ ਰੂਪ ਹੈ ਖ਼ਾਸ' ਦੀ ਸਿਰਜਣਾ ਕੀਤੀ ਗਈ - ਦੁਨੀਆ ਨੂੰ ਜਾਂਬਾਜ਼, ਮਰਜੀਵੜਿਆਂ ਤੇ ਬੇਖ਼ੌਫ਼ ਖ਼ਾਲਸੇ ਦੀ ਸੌਗਾਤ ਦਿੱਤੀ ਗਈ। ਛੱਪਰੀਆਂ ਤੋਂ ਛਾਉਣੀਆਂ ਦੀ ਵਸਨੀਕ ਬਣਾ ਦਿੱਤੇ ਗਏ, ਮਾਲਾ ਵਾਲੇ ਹੱਥਾਂ 'ਚ ਭਾਲੇ ਫੜਾ ਦਿੱਤੇ ਗਏ, ਲੁਕ-ਲੁਕ ਜੀਵਨ ਬਸਰ ਕਰਨ ਵਾਲਿਆਂ ਨੂੰ ਘੋੜਿਆਂ ਤੇ ਹਾਥੀਆਂ 'ਤੇ ਬਿਠਾ ਦਿੱਤਾ ਗਿਆ ਤੇ ਇੰਞ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ੇ ਸਿਧਾਂਤ (ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸਿ) ਨੂੰ ਪੂਰਨ ਰੂਪ ਵਿਚ ਫਲੀਭੂਤ ਕਰਨ ਦਾ ਟਿੱਲ ਲਾਇਆ ਗਿਆ। ਹੋਲੀ ਦੇ ਮਨਸੂਈ ਰੰਗਾਂ ਨੂੰ ਹੋਲੇ ਮਹੱਲੇ ਵਿਚ ਬਦਲਣ ਦੀ ਕਵਾਇਦ ਪਿੱਛੇ ਵੀ ਮਨਸ਼ਾ ਇਲਾਹੀ ਸੀ ਤੇ ਪਰਉਪਕਾਰੀ ਵੀ।

ਇੰਞ, ਸੰਸਾਰ ਦੀ ਸਭ ਤੋਂ ਆਹਲਾ, ਸ੍ਰੇਸ਼ਠ, ਵਿਲੱਖਣ, ਪਰਉਪਕਾਰੀ ਅਤੇ ਮਹਾਨ ਹਸਤੀ, ਜਿਸ ਦੀ ਕਰਮਭੂਮੀ ਉੱਤਰ ਤੋਂ ਦੱਖਣ ਤੱਕ ਫੈਲੀ ਰਹੀ ਹੋਵੇ, ਜਿਸ ਦੀ ਦੇਣ ਨਾਲ ਸਮੁੱਚਾ ਹਿੰਦੁਸਤਾਨ ਮੁਤਾਸਿਰ ਹੋਇਆ ਹੋਵੇ, ਜਿਸ ਦੀ ਸੋਚ 'ਚੋਂ ਬਾਬਾ ਬੰਦਾ ਸਿੰਘ ਬਹਾਦਰ ਪੈਦਾ ਹੋਇਆ ਹੋਵੇ, ਜਿਸ ਦੇ ਕ੍ਰਿਸ਼ਮੇ 'ਚੋਂ ਮਾਈ ਭਾਗੋ ਅਮਰ ਹੋਈ ਹੋਵੇ, ਜਿਸ ਦੀ ਲਾਮਿਸਾਲ ਬਖ਼ਸ਼ਿਸ਼ ਸ਼ਬਦ-ਗੁਰੂ ਨੂੰ ਪ੍ਰਮੁੱਖਤਾ ਮਿਲੀ ਹੋਵੇ ਅਤੇ ਜਿਹੜਾ ਮਾਤਾ, ਪਿਤਾ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ, ਚਾਲੀ ਮੁਕਤਿਆਂ, ਹਜ਼ਾਰਾਂ ਸਿੰਘਾਂ ਨੂੰ ਕੁਰਬਾਨ ਕਰਕੇ ਖ਼ੁਦ ਵੀ ਕੁਰਬਾਨ ਹੋ ਗਿਆ ਹੋਵੇ। ਨਹੀਂ ਤੱਕਿਆ ਇਸ ਸੂਰਜ ਨੇ, ਇਸ ਚੰਦ ਨੇ, ਇਸ ਧਰਤੀ ਨੇ ਤੇ ਸੰਸਾਰ ਵਾਸੀਆਂ ਨੇ। ਕਾਸ਼ ਕਿ ਕੋਈ ਪੁੱਛ ਸਕਦਾ ਰਾਣੀ ਮੈਣੀ (ਪਟਨਾ ਸਾਹਿਬ ਵਾਲੀ) ਤੋਂ, ਕੋਈ ਪੁੱਛ ਸਕਦਾ ਲਾਲਾ ਕ੍ਰਿਪਾ ਰਾਮ (ਕਸ਼ਮੀਰੀ ਪੰਡਿਤ) ਤੋਂ ਅਤੇ ਕੋਈ ਜਾਣ ਸਕਦਾ ਪੀਰ ਬੁੱਧੂ ਸ਼ਾਹ, ਨਬੀ ਖਾਂ ਤੇ ਗਨੀ ਖਾਂ, ਮਾਈ ਭਾਗੋ ਤੇ ਬੀਬੀ ਸ਼ਰਨ ਕੌਰ ਤੋਂ ਕਿ (ਖ਼ੁਦਾਈ ਨੂਰ) ਕਲਗੀਆਂ ਵਾਲਾ, ਬਾਜਾਂ ਵਾਲਾ ਸਤਿਗੁਰੂ ਦਰਅਸਲ ਕੌਣ ਸੀ! ਇਸ ਜਨਤਕ ਛੁੱਟੀ ਤੋਂ ਇਨਕਾਰ ਕਰਨ ਵਾਲੇ, ਕਾਸ਼ ਕਿ ਉਨ੍ਹਾਂ ਦੇ ਅਦੁੱਤੀ, ਨਾਯਾਬ, ਲਾਮਿਸਾਲ, ਅਨੋਖੇ ਤੇ ਮਹਾਂ ਪਰਉਪਕਾਰੀ ਜੀਵਨ ਬਾਰੇ ਕੁਝ ਜਾਣਦੇ ਹੁੰਦੇ!



ਵਿੰਕਲਜੀਤ ਸਿੰਘ ਸਰਾ
9501477889

## ਈਰਾਨ-ਇਜ਼ਰਾਈਲ-ਅਮਰੀਕਾ ਮਹਾਂ-ਟਕਰਾਅ

# ਵਿਸ਼ਵ ਸ਼ਾਂਤੀ ਲਈ ਇੱਕ ਗੰਭੀਰ ਚੁਣੌਤੀ ਅਤੇ 2026 ਦੇ ਹਾਲਾਤ

ਸਾਲ 2026 ਵਿੱਚ ਮੱਧ-ਪੂਰਬ ਦੀ ਧਰਤੀ ਇੱਕ ਅਜਿਹੇ ਜਵਾਲਾਮੁਖੀ 'ਤੇ ਬੈਠੀ ਹੈ ਜੋ ਕਿਸੇ ਵੀ ਵੇਲੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ। ਈਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਵਧਦਾ ਤਣਾਅ ਹੁਣ ਸਿਰਫ਼ ਬਿਆਨਬਾਜ਼ੀ ਤੱਕ ਸੀਮਿਤ ਨਹੀਂ ਰਿਹਾ ਸਗੋਂ ਇਹ ਇੱਕ ਅਜਿਹੀ ਸਿੱਧੀ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਦੇ ਪੈਰ ਪੂਰੇ ਖਿੱਤੇ ਵਿੱਚ ਪਸਰ ਚੁੱਕੇ ਹਨ। ਇਸ ਟਕਰਾਅ ਦੀ ਜੜ੍ਹ ਦਹਾਕਿਆਂ ਪੁਰਾਣੀ ਵਿਚਾਰਧਾਰਕ ਦੁਸ਼ਮਣੀ, ਪਰਮਾਣੂ ਹਥਿਆਰਾਂ ਦੀ ਹੋੜ ਅਤੇ ਖੇਤਰੀ ਸਰਦਾਰੀ ਦੀ ਜੰਗ ਵਿੱਚ ਛੁਪੀ ਹੋਈ ਹੈ। ਅੱਜ ਦੇ ਹਾਲਾਤ ਵਿੱਚ ਇਹ ਜੰਗ ਸਿਰਫ਼ ਸਰਹੱਦਾਂ 'ਤੇ ਨਹੀਂ ਸਗੋਂ ਆਮ ਲੋਕਾਂ ਦੀਆਂ ਰਸੋਈਆਂ, ਗਲੋਬਲ ਸਟਾਕ ਮਾਰਕੀਟਾਂ ਅਤੇ ਇੰਟਰਨੈੱਟ ਦੇ ਸਰਵਰਾਂ ਤੱਕ ਪਹੁੰਚ ਚੁੱਕੀ ਹੈ। ਇਸ ਜੰਗ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਜੋਕੇ ਦੌਰ ਵਿੱਚ ਕੋਈ ਵੀ ਮੁਲਕ ਦੂਰ ਬੈਠ ਕੇ ਇਸ ਦੇ ਅਸਰ ਤੋਂ ਬਚ ਨਹੀਂ ਸਕਦਾ।

**ਖੁਫ਼ੀਆ ਏਜੰਸੀਆਂ ਦੀ ਅਦਿੱਖ ਜੰਗ ਅਤੇ ਟਾਰਗੇਟਿਡ ਹਮਲੇ** : ਇਸ ਜੰਗ ਦਾ ਸਭ ਤੋਂ ਖ਼ਤਰਨਾਕ ਪਹਿਲੂ ਉਹ 'ਛਾਇਆ ਜੰਗ' (Shadow War) ਹੈ ਜੋ ਖੁਫ਼ੀਆ ਏਜੰਸੀਆਂ ਰਾਹੀਂ ਲੜੀ ਜਾ ਰਹੀ ਹੈ। ਇਜ਼ਰਾਈਲ ਦੀ ਮੋਸਾਦ ਅਤੇ ਅਮਰੀਕੀ ਸੀ.ਆਈ.ਏ. ਨੇ ਇਰਾਨ ਦੇ ਅੰਦਰੂਨੀ ਫੌਜੀ ਢਾਂਚੇ ਅਤੇ ਪਰਮਾਣੂ ਪ੍ਰੋਗਰਾਮ ਨੂੰ ਨਾਕਾਮ ਕਰਨ ਲਈ ਕਈ ਗੁਪਤ ਆਪ੍ਰੇਸ਼ਨ ਕੀਤੇ ਹਨ। ਇਨ੍ਹਾਂ ਹਮਲਿਆਂ ਵਿੱਚ ਈਰਾਨ ਦੇ ਚੋਟੀ ਦੇ ਵਿਗਿਆਨੀਆਂ ਅਤੇ ਫੌਜੀ ਕਮਾਂਡਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜਵਾਬ ਵਿੱਚ ਈਰਾਨ ਨੇ ਵੀ ਆਪਣੇ ਸਾਈਬਰ ਯੋਧਿਆਂ ਅਤੇ ਪ੍ਰੌਕਸੀ ਨੈੱਟਵਰਕ ਰਾਹੀਂ ਇਜ਼ਰਾਈਲ ਅਤੇ ਅਮਰੀਕੀ ਹਿੱਤਾਂ ਨੂੰ ਵਿਸ਼ਵ ਪੱਧਰ 'ਤੇ ਚੁਣੌਤੀ ਦਿੱਤੀ ਹੈ। ਇਹ ਅਦਿੱਖ ਜੰਗ ਮਨੋਵਿਗਿਆਨਕ ਤੌਰ 'ਤੇ ਇੰਨੀ ਪ੍ਰਭਾਵਸ਼ਾਲੀ ਹੈ ਕਿ ਇਸ ਨੇ ਦੋਵਾਂ ਧਿਰਾਂ ਵਿੱਚ ਕੂਟਨੀਤਕ ਗੱਲਬਾਤ ਦੇ ਸਾਰੇ ਰਸਤੇ ਲਗਭਗ ਬੰਦ ਕਰ ਦਿੱਤੇ ਹਨ, ਜਿਸ ਕਾਰਨ ਛੋਟੀ ਜਿਹੀ ਗਲਤੀ ਵੀ ਇੱਕ ਵੱਡੀ ਪਰਮਾਣੂ ਜੰਗ ਦਾ ਕਾਰਨ ਬਣ ਸਕਦੀ ਹੈ।

**ਰੂਸ-ਚੀਨ ਗਠਜੋੜ ਅਤੇ ਬਦਲਦੀ ਵਿਸ਼ਵ ਸਿਆਸਤ** : ਅਮਰੀਕਾ ਦੀ ਚੌਧਰ ਨੂੰ ਚੁਣੌਤੀ ਦੇਣ ਲਈ ਰੂਸ ਅਤੇ ਚੀਨ ਨੇ ਈਰਾਨ ਨੂੰ ਇੱਕ ਰਣਨੀਤਕ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਰੂਸ ਜੋ ਪਹਿਲਾਂ ਹੀ ਪੱਛਮੀ ਦੇਸ਼ਾਂ ਨਾਲ ਯੂਕਰੇਨ ਮੋਰਚੇ 'ਤੇ ਉਲਝਿਆ ਹੋਇਆ ਹੈ, ਈਰਾਨ ਨੂੰ ਆਧੁਨਿਕ ਰੱਖਿਆ ਪ੍ਰਣਾਲੀ ਅਤੇ ਖੁਫ਼ੀਆ ਜਾਣਕਾਰੀ ਮੁਹੱਈਆ ਕਰਵਾ ਰਿਹਾ ਹੈ। ਚੀਨ ਆਪਣੀ ਵਧਦੀ ਊਰਜਾ ਦੀ ਲੋੜ ਲਈ ਈਰਾਨ ਦੇ ਤੇਲ 'ਤੇ ਨਿਰਭਰ ਹੈ ਅਤੇ ਆਰਥਿਕ ਪਾਬੰਦੀਆਂ ਦੇ ਬਾਵਜੂਦ ਈਰਾਨ ਦੀ ਆਰਥਿਕਤਾ ਨੂੰ ਆਕਸੀਜਨ ਦੇ ਰਿਹਾ ਹੈ। ਇਸ ਨਵੇਂ ਬਣ ਰਹੇ 'ਪੂਰਬੀ ਧੜੇ' ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਲਈ ਇੱਕ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਇਹ ਸਥਿਤੀ ਦੁਨੀਆ ਨੂੰ ਮੁੜ ਤੋਂ 'ਸ਼ੀਤ ਯੁੱਧ' (Cold War) ਵਰਗੇ ਮਾਹੌਲ ਵਿੱਚ ਲੈ ਗਈ ਹੈ ਜਿੱਥੇ ਮੱਧ-ਪੂਰਬ ਹੁਣ ਵੱਡੀਆਂ ਸ਼ਕਤੀਆਂ ਦਾ ਅਖਾੜਾ ਬਣ ਗਿਆ ਹੈ।

**ਤਕਨੀਕੀ ਹਥਿਆਰ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ** : 2026 ਦੀ ਇਹ ਜੰਗ ਰਵਾਇਤੀ ਟੈਂਕਾਂ ਅਤੇ ਤੋਪਾਂ ਦੀ ਬਜਾਏ ਆਧੁਨਿਕ ਤਕਨੀਕ ਨਾਲ ਲੜੀ ਜਾ ਰਹੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (AI) ਅਤੇ ਆਟੋਨੋਮਸ ਡਰੋਨਾਂ ਨੇ ਜੰਗ ਦੇ ਮੈਦਾਨ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਇਜ਼ਰਾਈਲ ਜਿੱਥੇ ਏ.ਆਈ. ਦੀ ਮਦਦ ਨਾਲ ਦੁਸ਼ਮਣ ਦੇ ਟਿਕਾਣਿਆਂ ਦੀ ਸਟੀਕ ਪਛਾਣ ਕਰਕੇ ਹਮਲੇ ਕਰ ਰਿਹਾ ਹੈ ਉੱਥੇ ਹੀ ਈਰਾਨ ਨੇ ਬਹੁਤ ਹੀ ਸਸਤੇ ਪਰ ਘਾਤਕ 'ਆਤਮਘਾਤੀ ਡਰੋਨ' ਤਿਆਰ ਕੀਤੇ ਹਨ ਜੋ ਝੁੰਡਾਂ ਦੇ ਰੂਪ ਵਿੱਚ ਹਮਲਾ ਕਰਕੇ ਮਹਿੰਗੇ ਤੋਂ ਮਹਿੰਗੇ ਰੱਖਿਆ ਪ੍ਰਣਾਲੀਆਂ ਨੂੰ ਵੀ ਫੇਲ੍ਹ ਕਰ ਦਿੰਦੇ ਹਨ। ਇਸ ਤਕਨੀਕੀ ਮੁਕਾਬਲੇ ਨੇ ਜੰਗ ਨੂੰ ਬਹੁਤ ਤੇਜ਼ ਅਤੇ ਘਾਤਕ ਬਣਾ ਦਿੱਤਾ ਹੈ, ਜਿਸ ਵਿੱਚ ਫੈਸਲੇ ਲੈਣ ਲਈ ਮਨੁੱਖ ਕੋਲ ਸਮਾਂ ਬਹੁਤ ਘੱਟ ਹੁੰਦਾ ਹੈ ਅਤੇ ਮਸ਼ੀਨੀ ਗਲਤੀ ਕਾਰਨ ਵੱਡੇ ਪੱਧਰ 'ਤੇ ਜਾਨੀ ਨੁਕਸਾਨ ਦਾ ਖ਼ਤਰਾ ਬਣਿਆ ਰਹਿੰਦਾ ਹੈ।

**ਗਲੋਬਲ ਆਰਥਿਕਤਾ ਅਤੇ ਸਪਲਾਈ ਚੇਨ 'ਤੇ ਮਾਰੂ ਅਸਰ** : ਇਸ ਜੰਗ ਦਾ ਸਭ ਤੋਂ ਵੱਧ ਖ਼ਮਿਆਜ਼ਾ ਆਮ ਇਨਸਾਨ ਨੂੰ ਭੁਗਤਣਾ ਪੈ ਰਿਹਾ ਹੈ। ਸਮੁੰਦਰੀ ਰਸਤੇ ਖਾਸ ਕਰਕੇ 'ਹੋਰਮੁਜ਼ ਜਲਡਮਰੂ' ਅਤੇ ਲਾਲ ਸਾਗਰ ਵਿੱਚ ਤਣਾਅ ਕਾਰਨ ਵਿਸ਼ਵ ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕੱਚੇ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਜਿਸ ਕਾਰਨ ਭਾਰਤ ਵਰਗੇ ਦੇਸ਼ਾਂ ਵਿੱਚ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਸ਼ਿਪਿੰਗ ਕੰਪਨੀਆਂ ਨੂੰ ਆਪਣੇ ਰਸਤੇ ਬਦਲਣੇ ਪੈ ਰਹੇ ਹਨ, ਜਿਸ ਨਾਲ ਚੀਜ਼ਾਂ ਦੀ ਲਾਗਤ ਅਤੇ ਸਮਾਂ ਦੋਵੇਂ ਵੱਧ ਗਏ ਹਨ। ਇਸ ਤੋਂ ਇਲਾਵਾ ਸਮੁੰਦਰ ਦੇ ਹੇਠਾਂ ਵਿਛੀਆਂ ਇੰਟਰਨੈੱਟ ਕੇਬਲਾਂ 'ਤੇ ਹਮਲੇ ਦਾ ਖ਼ਤਰਾ ਬਣਿਆ ਹੋਇਆ ਹੈ ਜੋ ਜੇਕਰ ਸੱਚ ਹੁੰਦਾ ਹੈ ਤਾਂ ਪੂਰੀ ਦੁਨੀਆ ਦਾ ਬੈਂਕਿੰਗ ਅਤੇ ਸੰਚਾਰ ਸਿਸਟਮ ਠੱਪ ਹੋ ਸਕਦਾ ਹੈ। ਇਹ ਜੰਗ ਹੁਣ ਸਿਰਫ਼ ਗੋਲੀਬਾਰੀ ਤੱਕ ਸੀਮਿਤ ਨਹੀਂ ਸਗੋਂ ਇਹ ਇੱਕ ਵਿਸ਼ਵਵਿਆਪੀ ਆਰਥਿਕ ਤਬਾਹੀ ਦਾ ਸੰਕੇਤ ਦੇ ਰਹੀ ਹੈ।

**ਧਰਮ, ਰਾਸ਼ਟਰਵਾਦ ਅਤੇ ਮਨੁੱਖੀ ਤ੍ਰਾਸਦੀ** : ਇਸ ਪੂਰੇ ਟਕਰਾਅ ਦੇ ਪਿੱਛੇ ਧਾਰਮਿਕ ਅਤੇ ਵਿਚਾਰਧਾਰਕ ਕੱਟੜਤਾ ਦੀ ਇੱਕ ਡੂੰਘੀ ਪਰਤ ਹੈ। ਜਿੱਥੇ ਈਰਾਨ ਇਸ ਨੂੰ ਇਸਲਾਮੀ ਪੁਨਰ-ਉਥਾਨ ਅਤੇ ਪੱਛਮੀ ਸਾਮਰਾਜਵਾਦ ਵਿਰੁੱਧ ਜੰਗ ਮੰਨਦਾ ਹੈ, ਉੱਥੇ ਇਜ਼ਰਾਈਲ ਇਸ ਨੂੰ ਆਪਣੀ ਹੋਂਦ ਅਤੇ ਯਹੂਦੀ ਵਿਰਸੇ ਦੀ ਰੱਖਿਆ ਲਈ ਲੜੀ ਜਾਣ ਵਾਲੀ 'ਆਖਰੀ ਜੰਗ' ਵਜੋਂ ਦੇਖਦਾ ਹੈ। ਇਸ ਵਿਚਾਰਧਾਰਕ ਜੰਗ ਵਿੱਚ ਮਨੁੱਖਤਾ ਕਿਤੇ ਗੁਆਚ ਗਈ ਹੈ। ਲੇਬਨਾਨ, ਗਾਜ਼ਾ ਅਤੇ ਈਰਾਨ ਦੇ ਸਰਹੱਦੀ ਇਲਾਕਿਆਂ ਵਿੱਚ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ। ਹਸਪਤਾਲਾਂ ਵਿੱਚ ਦਵਾਈਆਂ ਦੀ ਕਿੱਲਤ ਹੈ ਅਤੇ ਬੱਚਿਆਂ ਦਾ ਭਵਿੱਖ ਬੰਕਰਾਂ ਵਿੱਚ ਕੈਦ ਹੋ ਕੇ ਰਹਿ ਗਿਆ ਹੈ। ਜੰਗ ਦੇ ਇਸ ਕਾਲੇ ਪੱਖ ਨੇ ਸਾਬਤ ਕਰ ਦਿੱਤਾ ਹੈ ਕਿ ਸਿਆਸੀ ਲਾਲਸਾ ਅਤੇ ਧਾਰਮਿਕ ਕੱਟੜਤਾ ਹਮੇਸ਼ਾ ਬੇਗੁਨਾਹਾਂ ਦੇ ਖ਼ੂਨ ਨਾਲ ਆਪਣੀ ਪਿਆਸ ਬੁਝਾਉਂਦੀ ਹੈ।

**ਭਾਰਤ ਦੀ ਰਣਨੀਤਕ ਚੁਣੌਤੀ ਅਤੇ ਸ਼ਾਂਤੀ ਦੀ ਅਪੀਲ** : ਭਾਰਤ ਲਈ ਇਹ ਸਥਿਤੀ ਬਹੁਤ ਹੀ ਨਾਜ਼ੁਕ ਹੈ। ਇੱਕ ਪਾਸੇ ਭਾਰਤ ਦੇ ਇਜ਼ਰਾਈਲ ਅਤੇ ਅਮਰੀਕਾ ਨਾਲ ਮਜ਼ਬੂਤ ਰੱਖਿਆ ਅਤੇ ਤਕਨੀਕੀ ਸਬੰਧ ਹਨ ਜਦਕਿ ਦੂਜੇ ਪਾਸੇ ਈਰਾਨ ਨਾਲ ਪੁਰਾਣੇ ਸੱਭਿਆਚਾਰਕ ਅਤੇ ਰਣਨੀਤਕ ਰਿਸ਼ਤੇ ਹਨ। ਭਾਰਤ ਨੇ ਹਮੇਸ਼ਾ ਸੰਵਾਦ ਅਤੇ ਕੂਟਨੀਤੀ ਦਾ ਪੱਖ ਲਿਆ ਹੈ ਪਰ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਮੱਧ-ਪੂਰਬ ਵਿੱਚ ਰਹਿੰਦੇ ਲੱਖਾਂ ਭਾਰਤੀਆਂ ਦੀ ਸੁਰੱਖਿਆ ਭਾਰਤ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਭਾਰਤ ਅੱਜ ਵਿਸ਼ਵ ਮੰਚ 'ਤੇ ਇੱਕ ਅਜਿਹੇ ਨਿਰਪੱਖ ਮੱਧਸਥ ਵਜੋਂ ਉੱਭਰ ਰਿਹਾ ਹੈ ਜੋ ਦੋਵਾਂ ਧਿਰਾਂ ਨੂੰ ਮੇਜ਼ 'ਤੇ ਲਿਆਉਣ ਦੀ ਸਮਰੱਥਾ ਰੱਖਦਾ ਹੈ। ਪਰ ਜੰਗ ਦੇ ਵਧਦੇ ਪ੍ਰਭਾਵ ਕਾਰਨ ਇਹ ਰਸਤਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹਾ ਹੈ।

**ਵਿਨਾਸ਼ ਜਾਂ ਸਮਝੌਤਾ ?** : ਇਹ ਜੰਗ ਕਿਸੇ ਇੱਕ ਦੇਸ਼ ਦੀ ਜਿੱਤ ਜਾਂ ਹਾਰ ਦਾ ਮਸਲਾ ਨਹੀਂ ਰਹੀ। ਇਹ ਮਨੁੱਖੀ ਸਭਿਅਤਾ ਲਈ ਇੱਕ ਇਮਤਿਹਾਨ ਹੈ। ਜੇਕਰ ਵਿਸ਼ਵ ਸ਼ਕਤੀਆਂ ਨੇ ਸਮੇਂ ਸਿਰ ਦਖਲ ਨਾ ਦਿੱਤਾ ਅਤੇ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਆਪਣੀ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੀਆਂ ਤਾਂ ਇਹ ਟਕਰਾਅ 21ਵੀਂ ਸਦੀ ਦੀ ਸਭ ਤੋਂ ਵੱਡੀ ਤਬਾਹੀ ਬਣ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਜੰਗਾਂ ਕਦੇ ਮਸਲੇ ਹੱਲ ਨਹੀਂ ਕਰਦੀਆਂ, ਸਗੋਂ ਨਵੇਂ ਮਸਲਿਆਂ ਨੂੰ ਜਨਮ ਦਿੰਦੀਆਂ ਹਨ। ਅੱਜ ਦੁਨੀਆ ਨੂੰ ਹਥਿਆਰਾਂ ਦੀ ਨਹੀਂ ਸਗੋਂ ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜੋ ਨਫ਼ਰਤ ਦੀਆਂ ਕੰਧਾਂ ਨੂੰ ਗਿਰਾ ਕੇ ਸ਼ਾਂਤੀ ਦਾ ਮਾਰਗ ਤਿਆਰ ਕਰ ਸਕੇ। ਸੱਚਾਈ ਇਹੀ ਹੈ ਕਿ ਜੇ ਜੰਗ ਨਾ ਰੁਕੀ ਤਾਂ ਜਿੱਤਣ ਵਾਲੇ ਕੋਲ ਵੀ ਜਸ਼ਨ ਮਨਾਉਣ ਲਈ ਕੁਝ ਨਹੀਂ ਬਚੇਗਾ।

## ਵਿਧਾਇਕ ਰਾਜਾ ਗਿੱਲ ਵੱਲੋਂ ਸੀਵਰੇਜ ਤੇ ਵਾਟਰ ਸਪਲਾਈ ਦੇ ਸ਼ੁਰੂਆਤੀ ਕੰਮਾਂ ਦਾ ਉਦਘਾਟਨ

ਟਾਂਡਾ ਉੜਮੁੜ, 4 ਅਪ੍ਰੈਲ (ਅਰਜੁਨ ਜੈਨ): ਟਾਂਡਾ ਸ਼ਹਿਰ ਵਿਖੇ ਵਿਕਾਸ ਕਾਰਜ ਧੜੱਲੇ ਨਾਲ ਕਰਵਾਏ ਜਾ ਰਹੇ ਹਨ ਤੇ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਪੇਸ਼ੀ ਨਹੀਂ ਆਉਣ ਦਿੱਤੀ ਜਾਵੇਗੀ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਨੇ ਟਾਂਡਾ ਸਟੇਸ਼ਨ ਰੋਡ ’ਤੇ ਸੀਵਰੇਜ ਤੇ ਵਾਟਰ ਸਪਲਾਈ ਦੇ ਸ਼ੁਰੂਆਤੀ ਕੰਮਾਂ ਦੇ ਆਰੰਭ ਦਾ ਉਦਘਾਟਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ 10 ਲੱਖ 25 ਹਜ਼ਾਰ ਰੁਪਏ ਦੀ ਗ੍ਰਾਂਟ ਰਾਸ਼ੀ ਨਾਲ ਹੋਣ ਵਾਲਾ ਵਾਟਰ ਸਪਲਾਈ ਤੇ ਸੀਵਰੇਜ ਦਾ ਕੰਮ ਜਲਦੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ। ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਇਸ ਸਟੇਸ਼ਨ ਰੋਡ ਦੇਸ਼ ਆਜ਼ਾਦ ਹੋਣ ਤੋਂ ਬਾਅਦ ਪਹਿਲੀ ਵਾਰ ਸੀਵਰੇਜ ਤੇ ਵਾਟਰ ਸਪਲਾਈ ਦਾ ਕੰਮ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਦੀਆਂ ਸਰਕਾਰਾਂ ਨੇ ਇਸ ਸਟੇਸ਼ਨ ਰੋਡ ਨੂੰ ਅਣਗੌਲਿਆਂ ਕਰ ਰੱਖਿਆ ਸੀ। ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਜਦੋਂ ਉਨ੍ਹਾਂ ਦੇ ਧਿਆਨ ਵਿੱਚ ਇਸ ਕੰਮ ਸਬੰਧੀ ਲਿਆਂਦਾ ਗਿਆ ਤਾਂ ਉਨ੍ਹਾਂ ਵੱਲੋਂ ਇਸ ਕਾਰਜ ਲਈ ਪਹਿਲ ਦੇ ਆਧਾਰ ’ਤੇ ਗ੍ਰਾਂਟ ਰਾਸ਼ੀ ਜਾਰੀ ਕਰਵਾਉਣ ਤੋਂ ਬਾਅਦ ਸੀਵਰੇਜ ਤੇ ਵਾਟਰ ਸਪਲਾਈ ਦੇ ਕੰਮ ਦੀ ਸ਼ੁਰੂਆਤ ਕਰਵਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਹਲਕਾ ਉੜਮੁੜ ਟਾਂਡਾ ਵਿੱਚ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਪੇਸ਼ੀ ਨਹੀਂ ਆਉਣ ਦਿੱਤੀ ਜਾਵੇਗੀ ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਹਰੀਕ੍ਰਿਸ਼ਨ ਸੈਣੀ, ਆਪ ਆਗੂ ਸੋਨੂੰ ਖੰਨਾ, ਐਸਡੀਓ ਦੀਪਕ ਪਲਿਆਲ, ਜੇਈ ਗੁਰਦੀਪ ਸਿੰਘ, ਕੌਂਸਲਰ ਸੁਮਨ ਖੋਸਲਾ, ਆਪ ਆਗੂ ਅਨਿਲ ਗੋਰਾ, ਲਖਵਿੰਦਰ ਸਿੰਘ ਮੁਲਤਾਨੀ, ਸੇਠਰਾਮ ਸੇਠੀ, ਗੋਲਡੀ ਵਰਮਾ, ਦੀਪਕ ਭੀਲ ਹਾਜ਼ਰ ਸਨ।

## ਡਾ.ਰਵਜੋਤ ਸਿੰਘ ਨੂੰ ਜੇਲ੍ਹ ਵਿਭਾਗ ਮਿਲਣ ’ਤੇ ਵਰਕਰਾਂ ’ਚ ਖੁਸ਼ੀ ਦੀ ਲਹਿਰ



ਹਰਿਆਣਾ, 4 ਅਪ੍ਰੈਲ (ਚੰਦਰ ਪ੍ਰਕਾਸ਼): ਹਲਕਾ ਸ਼ਾਮ ਚੁਰਾਸੀ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਐਨਆਰਆਈ ਵਿਭਾਗ ਦੇ ਨਾਲ-ਨਾਲ ਜੇਲ੍ਹ ਵਿਭਾਗ ਦੀ ਜ਼ਿੰਮੇਵਾਰੀ ਮਿਲਣ ਨਾਲ ਹਲਕਾ ਸ਼ਾਮ ਚੁਰਾਸੀ ਦੇ ਪਾਰਟੀ ਵਰਕਰਾਂ ਤੇ ਵੱਖ-ਵੱਖ ਅਹੁਦੇਦਾਰਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਹੋਈ ਹੈ।ਇਸ ਸਬੰਧੀ ਗੱਲਬਾਤ ਕਰਦਿਆਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਮੁਕੇਸ਼ ਡਡਵਾਲ ਸਿਟੀ ਪ੍ਰਧਾਨ ਹਰਿਆਣਾ, ਚੇਅਰਮੈਨ ਵਿਸ਼ਣੂ ਤਿਵਾੜੀ ਭੂੰਗਾ, ਇੰਦਰਪਾਲ ਸਿੰਘ ਪ੍ਰਧਾਨ ਬੀਸੀ ਵਿੰਗ, ਨਗਰ ਕੌਂਸਲ ਹਰਿਆਣਾ ਦੇ ਪ੍ਰਧਾਨ ਸੰਜੇ ਕਪਿਲਾ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਕਿ ਹੁਸ਼ਿਆਰਪੁਰ ਦੇ ਸ਼ਾਮ ਚੁਰਾਸੀ ਹਲਕੇ ਦੇ ਕਿਸੇ ਨੁਮਾਇੰਦੇ ਨੂੰ ਪੰਜਾਬ ਸਰਕਾਰ ਦੇ ਵੱਡੇ ਵਿਭਾਗਾਂ ਵਿੱਚ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਦਾ ਮੌਕਾ ਮਿਲਿਆ ਹੋਵੇ। ਆਗੂਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਸ਼ਾਸਨ ਦੌਰਾਨ ਪਹਿਲਾਂ ਡਾ. ਰਵਜੋਤ ਸਿੰਘ ਨੂੰ ਸਥਾਨਕ ਸਰਕਾਰਾਂ ਦਾ ਵਿਭਾਗ ਤੇ ਫਿਰ ਐਨਆਰਆਈ ਵਿਭਾਗ ਦੇ ਨਾਲ ਜੇਲ੍ਹ ਵਿਭਾਗ ਦੀ ਜ਼ਿੰਮੇਵਾਰੀ ਮਿਲਣ ਨਾਲ ਡਾ. ਰਵਜੋਤ ਸਿੰਘ ਦਾ ਪੰਜਾਬ ਦੀ ਸਿਆਸਤ ਵਿੱਚ ਕੱਦ ਉਚਾ ਹੋਇਆ ਹੈ। ਨਾਲ ਹੀ ਹੁਸ਼ਿਆਰਪੁਰ ਦੇ ਨਿਰੋਲ ਪੇਂਡੂ ਤੇ ਕੰਢੀ ਇਲਾਕੇ ਨਾਲ ਸਬੰਧਤ ਸ਼ਾਮ ਚੁਰਾਸੀ ਦੀ ਵੀ ਸੂਬੇ ਪੱਧਰ ’ਤੇ ਅਲੱਗ ਪਛਾਣ ਬਣੀ ਹੈ।ਇਸ ਮੌਕੇ ਸਰਪੰਚ ਮੰਗਲ ਰਾਮ ਢੋਲਬਾਹਾ, ਸ਼ਿਵਾਲਿਕ ਨਗਰ ਸਰਪੰਚ ਰਜਨੀ ਸ਼ਰਮਾ, ਸਰਪੰਚ ਦੌਲਤ ਰਾਮ ਮੁਹੱਲਾ ਰਾਮ ਨਗਰ, ਸਰਪੰਚ ਰਾਹੁਲ ਜਨੌੜੀ, ਸਰਪੰਚ ਗੁਰਪ੍ਰੀਤ ਸਿੰਘ ਹੈਪੀ ਨੰਗਲ ਪਿੰਡ, ਸਰਪੰਚ ਮਨਪ੍ਰੀਤ ਸਿੰਘ ਪਿੰਡ ਫਤਿਹਪੁਰ, ਪੰਚ ਤੇ ਮੋਹਤਬਾਰ ਵਿਅਕਤੀ ਹਾਜ਼ਰ ਸਨ।

## 40 ਰੋਜ਼ਾ ਮਹਾਨ ਗੁਰਮਤਿ ਸਮਾਗਮ ਪੂਰਨ ਅਧਿਆਤਮਕ ਰੰਗ ’ਚ ਰੰਗਦਿਆਂ ਤੇ ਸੰਗਤਾਂ ਦੇ ਭਾਰੀ ਇਕੱਠ ਨਾਲ ਸੰਪੰਨ




ਮੰਡੀ ਗੋਬਿੰਦਗੜ੍ਹ/ਸ੍ਰੀ ਫ਼ਤਹਿਗੜ੍ਹ ਸਾਹਿਬ, 4 ਅਪ੍ਰੈਲ (ਚ.ਨ.ਸ): ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਮੰਡੀ ਗੋਬਿੰਦਗੜ੍ਹ ਵਿਖੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ 40 ਰੋਜ਼ਾ ਮਹਾਨ ਗੁਰਮਤਿ ਸਮਾਗਮ ਬੀਤੇ ਸ਼ੁੱਕਰਵਾਰ ਨੂੰ ਪੂਰਨ ਅਧਿਆਤਮਕ ਰੰਗ ਵਿੱਚ ਰੰਗਦਿਆਂ ਤੇ ਸੰਗਤਾਂ ਦੇ ਭਾਰੀ ਇਕੱਠ ਨਾਲ ਸੰਪੰਨ ਹੋਇਆ। ਇਸ ਸਮਾਗਮ ਦੇ ਆਖ਼ਰੀ ਦਿਨ ਅੰਤਿਮ ਦੀਵਾਨ ਸਜਾਏ ਗਏ, ਜਿਸ ਵਿੱਚ ਲਗਭਗ 20 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੇ ਨਤਮਸਤਕ ਹੋ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ ਤੇ ਗੁਰਬਾਣੀ ਦਾ ਆਨੰਦ ਮਾਣਿਆ। ਸਮਾਗਮ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਚਾਲੀ ਦਿਨਾਂ ਦੇ ਲੰਬੇ ਅਧਿਆਤਮਕ ਸਫ਼ਰ ਦੌਰਾਨ ਇਲਾਕੇ ਤੇ ਦੂਰ-ਦੁਰਾਡੇ ਤੋਂ ਕਰੀਬ ਦੋ ਲੱਖ ਤੋਂ ਵੱਧ ਸੰਗਤਾਂ ਨੇ ਸ਼ਮੂਲੀਅਤ ਕੀਤੀ, ਜੋ ਕਿ ਇਸ ਸਮਾਗਮ ਦੀ ਸਫ਼ਲਤਾ ਤੇ ਸੰਗਤਾਂ ਦੀ ਅਥਾਹ ਸ਼ਰਧਾ ਦਾ ਪ੍ਰਤੀਕ ਹੈ। ਸਮਾਗਮ ਦੇ ਅੰਤਿਮ ਦਿਨ ਦੀ ਸ਼ੁਰੂਆਤ ਬਹੁਤ ਹੀ ਉਤਸ਼ਾਹਜਨਕ ਰਹੀ, ਜਿੱਥੇ ਉਘੇ ਕੀਰਤਨੀਏ ਜਸਵਿੰਦਰ ਸਿੰਘ ਨੇ ਆਪਣੀ ਮਧੁਰ ਤੇ ਰਸਭਿੰਨੀ ਆਵਾਜ਼ ਵਿੱਚ ਇਲਾਹੀ ਗੁਰਬਾਣੀ ਦਾ ਕੀਰਤਨ ਕਰਕੇ ਪੰਡਾਲ ਵਿੱਚ ਬੈਠੀਆਂ ਹਜ਼ਾਰਾਂ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਦੀ ਪੁਰਾਤਨ ਕੀਰਤਨ ਸ਼ੈਲੀ ਤੇ ਸ਼ਬਦਾਂ ਦੀ ਵਿਆਖਿਆ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਅਧਿਆਤਮਕ ਬਣਾ ਦਿੱਤਾ। ਕੀਰਤਨ ਦਰਬਾਰ ਤੋਂ ਇਲਾਵਾ ਦਿਨ ਭਰ ਚੱਲੇ ਵੱਖ-ਵੱਖ ਧਾਰਮਿਕ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਢਾਡੀ ਜਥਿਆਂ, ਕੀਰਤਨੀ ਜਥਿਆਂ ਤੇ ਕਥਾਵਾਚਕਾਂ ਨੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਸੰਗਤਾਂ ਦੇ ਸਨਮੁੱਖ ਰੱਖਿਆ। ਬੁਲਾਰਿਆਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੰਡੀ ਗੋਬਿੰਦਗੜ੍ਹ ਫੇਰੀ ਦੇ ਇਤਿਹਾਸਕ ਪ੍ਰਸੰਗਾਂ ਬਾਰੇ ਵਿਸਤਾਰ ਵਿੱਚ ਚਰਚਾ ਕੀਤੀ ਤੇ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਗਏ ਮੀਰੀ-ਪੀਰੀ ਦੇ ਸਿਧਾਂਤ ’ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਹ ਸਮਾਗਮ ਕੇਵਲ ਧਾਰਮਿਕ ਦੀਵਾਨਾਂ ਤੱਕ ਹੀ ਸੀਮਿਤ ਨਹੀਂ ਰਿਹਾ, ਸਗੋਂ ਇਸ ਨੇ ਸਮਾਜਿਕ ਤੇ ਮਾਨਵਤਾਵਾਦੀ ਸੇਵਾਵਾਂ ਦੇ ਖੇਤਰ ਵਿੱਚ ਵੀ ਨਵੇਂ ਮੀਲ ਪੱਥਰ ਸਥਾਪਤ ਕੀਤੇ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਾਸੀਆਂ ਨਾਲ ਹਰ ਵਾਅਦੇ ਕੀਤੇ ਪੂਰੇ: ਰਾਣਾ ਘੁਮਾਣ

### ☛2027 ’ਚ ਭਗਵੰਤ ਮਾਨ ਦੀ ਅਗਵਾਈ ’ਚ ਫਿਰ ‘ਆਪ’ ਦੀ ਸਰਕਾਰ ਬਣੇਗੀ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 4 ਅਪ੍ਰੈਲ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਆਪਣੇ ਹਰ ਵਾਅਦੇ ’ਤੇ ਖਰਾ ਉਤਰ ਰਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਤੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਸਿਆਸੀ ਸਲਾਹਕਾਰ ਪਰਮਬੀਰ ਸਿੰਘ ਰਾਣਾ ਘੁਮਾਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ 2022 ਦੇ ਇਲੈਕਸ਼ਨ ਵਿੱਚ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਾਸੀਆਂ ਨਾਲ ਕੀਤੇ ਹੋਏ ਹਰ ਵਾਅਦੇ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੂਰਾ ਕੀਤਾ ਹੈ, ਉਹ ਚਾਹੇ ਹਰ ਘਰ ਨੂੰ 600 ਯੂਨਿਟ ਬਿਜਲੀ ਮੁਆਫ ਕਰਨਾ, ਖੇਤਾਂ ਵਿੱਚ ਕਿਸਾਨਾਂ ਨੂੰ ਰਾਤ ਦੀ ਬਜਾਏ ਦਿਨ ਵੇਲੇ ਪਾਵਰ ਦੇਣਾ, ਬੀਬੀਆਂ ਨੂੰ ਬੱਸ ਵਿੱਚ ਸਫਰ, 10 ਲੱਖ ਰੁਪਏ ਤੱਕ ਦਾ ਹੌਸਪੀਟਲ ਵਿੱਚ ਇਲਾਜ, ਨਸ਼ਾ ਮੁਕਤ ਪੰਜਾਬ ਬਣਾਉਣਾ, ਜਰਨਲ ਕੈਟਾਗਰੀ ਦੀਆਂ ਔਰਤਾਂ ਨੂੰ 1000 ਰੁਪਏ ਤੇ ਐਸ.ਸੀ. ਸਮਾਜ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ, ਸਕੂਲਾਂ ਨੂੰ ਸਮਾਰਟ ਬਣਾਉਣ ਦਾ ਵਾਅਦਾ, ਪੰਜਾਬ ਦੇ ਬੱਚਿਆਂ ਲਈ ਵਧੀਆ ਕਾਲਜ ਤੇ ਯੂਨੀਵਰਸਿਟੀਆਂ ਬਣਾ ਕੇ ਦੇਣ ਦਾ ਵਾਅਦਾ, ਪਿੰਡਾਂ ਸ਼ਹਿਰਾਂ ਵਿੱਚ ਸਿਹਤ ਦੀ ਦੇਖਭਾਲ ਤੇ ਫਿਟਨੈਸ ਲਈ ਯੋਗਾ ਦੀਆਂ ਕਲਾਸਾਂ ਲਗਵਾਉਣੀਆਂ, ਘਰ ਦੀ ਰਸੋਈ ਦਾ ਰਾਸ਼ਨ ਦੇਣ ਵਰਗੇ ਸਾਰੇ ਵਾਅਦੇ ਪੂਰੇ ਕੀਤੇ ਤੇ ਹੁਣ ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਕੀਤੇ ਹੋਏ ਵਾਅਦਿਆਂ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ। ਜੇਕਰ ਅਸੀਂ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਹੋਏ ਕੰਮਾਂ ਨੂੰ ਹਰ ਘਰ ਤੱਕ ਪਹੁੰਚਾ ਦਿੱਤਾ ਤਾਂ 2027 ਵਿੱਚ ਕੋਈ ਵੀ ਰਾਜਨੀਤਿਕ ਪਾਰਟੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਨਹੀਂ ਰੋਕ ਸਕੇਗੀ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬਾਂ, ਮਜ਼ਦੂਰਾਂ, ਕਿਸਾਨਾਂ ਤੇ ਵਪਾਰੀਆਂ ਸਮੇਤ ਹਰ ਵਰਗ ਦੇ ਲੋਕਾਂ ਦੀ ਹਮਦਰਦ ਸਰਕਾਰ ਵਜੋਂ ਸਾਬਤ ਹੋਈ ਹੈ।

## ਭ੍ਰਿਸ਼ਟਾਚਾਰ, ਨਸ਼ੇ, ਗੈਂਗਸਟਰਵਾਦ ਦੇ ਕਾਰਨਾਂ ਦੀ ਖੋਜ ਕਰਕੇ ਮਾਨ ਸਰਕਾਰ ਜੜ੍ਹ ਪੁੱਟਣ ਲਈ ਗੰਭੀਰ: ਧਾਲੀਵਾਲ



ਅਜਨਾਲਾ, 4 ਅਪ੍ਰੈਲ (ਸੁਖਦੇਵ ਸਿੰਘ ਖਾਲਸਾ): ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸਾਲ 2022 ਦੇ ਦੂਜੇ ਪੰਦਰਵਾੜੇ ਤੱਕ ਪੰਜਾਬ ਦੀ ਸੱਤਾ ’ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਦੀਆਂ ਸਾਬਕਾ ਸਰਕਾਰਾਂ ’ਤੇ ਤਿੱਖੇ ਰਾਜਸੀ ਹਮਲੇ ਕੀਤੇ ਤੇ ਕਿਹਾ ਕਿ ਇਨ੍ਹਾਂ ਸਾਬਕਾ ਸਰਕਾਰਾਂ ਵੱਲੋਂ ਭ੍ਰਿਸ਼ਟਾਚਾਰ, ਗੈਂਗਸਟਰਵਾਦ, ਨਸ਼ੇ ਤੇ ਬੇਰੁਜ਼ਗਾਰੀ ਆਦਿ ਵੱਡੀਆਂ ਸਮਾਜਿਕ ਬੁਰਾਈਆਂ ਨੂੰ ਆਪਣੀਆਂ ਕਥਿਤ ਕੁਸ਼ਾਸਨ, ਭ੍ਰਿਸ਼ਟਾਚਾਰ ਦੀਆਂ ਨੀਤੀਆਂ ਲਾਗੂ ਕਰਕੇ ਪੰਜਾਬ ਵਾਸੀਆਂ ਨੂੰ ਦੁੱਖਾਂ ਦੀ ਦਲ-ਦਲ ਘੁੰਮਣਘੇਰੀ ’ਚ ਉਲਝਾ ਕੇ ਕਥਿਤ ਨਸਲਕੁਸ਼ੀ ਦੇ ਕੁਰਾਹੇ ਪਾਇਆ ਗਿਆ ਤੇ ਇਸ ਸੰਤਾਪ ਦੀਆਂ ਮਜ਼ਬੂਤ ਜੰਜ਼ੀਰਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਆਪਣੇ ਮੁੱਢਲੇ ਚਾਰ ਸਾਲ ਦੇ ਕਾਰਜਕਾਲ ’ਚ ਲੱਕ ਤੋੜ ਕੇ ਰੱਖ ਦਿੱਤਾ ਤੇ ਇਨ੍ਹਾਂ ਵੱਡੀਆਂ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਲਈ ਮਾਨ ਸਰਕਾਰ ਆਪਣੇ ਬਾਕੀ ਰਹਿੰਦੇ ਇਸ ਕਾਰਜਕਾਲ ’ਚ ਸਾਰੀ ਸ਼ਕਤੀ ਝੋਕਦਿਆਂ ਸਾਬਕਾ ਸਰਕਾਰਾਂ ਵੱਲੋਂ ਆਜ਼ਾਦੀ ਪਿੱਛੋਂ ਪੈਦਾ ਕੀਤੇ ਗਏ ਕਾਰਨਾਂ ਦਾ ਡੂੰਘਾ ਅਧਿਐਨ ਕਰ ਰਹੀ ਹੈ। ਸ੍ਰ.ਧਾਲੀਵਾਲ ਅੱਜ ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ ਤਹਿਤ ਅਜਨਾਲਾ ਹਲਕੇ ਦੇ ਪਿੰਡ ਪੰਜਗਰਾਈਆਂ ਵਾਹਲਾ, ਕੋਟ ਗੁਰਬਖਸ਼, ਪੈੜੇਵਾਲ, ਕੋਟਲੀ ਜ਼ਮੀਤ ਸਿੰਘ, ਥੋਬਾ ਤੇ ਚਾੜਪੁਰ ਆਦਿ ਪਿੰਡਾਂ ’ਚ ਵੱਖ-ਵੱਖ ਪੇਂਡੂ ਲੋਕਾਂ ਨਾਲ ਕਰਵਾਏ ਸਿੱਧੇ ਸੰਵਾਦ ਸਮਾਗਮਾਂ ਨੂੰ ਸੰਬੋਧਨ ਕਰ ਰਹੇ ਸਨ।ਸ੍ਰ. ਧਾਲੀਵਾਲ ਨੇ ਸਮਾਜਿਕ ਬੁਰਾਈਆਂ ਦੀ ਜੜ੍ਹ ਪੁੱਟਣ ਲਈ ਪੰਜਾਬ ਵਾਸੀਆਂ ਕੋਲੋਂ ਹੋਰ ਮਜ਼ਬੂਤ ਸਮਰਥਨ ਮੰਗਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਤਸਕਰਾਂ ਵਿਰੁੱਧ ਸਿੱਧੀ ਜੰਗ ਦੌਰਾਨ ਇੱਕ ਸਾਲ ’ਚ ਨਸ਼ਾ ਤਸਕਰਾਂ ਦੀ 760 ਕਰੋੜ ਰੁਪਏ ਦੀ ਜਾਇਦਾਦ, 15 ਕਰੋੜ ਡਰੱਗ ਮਨੀ ਜ਼ਬਤ ਕਰਕੇ, ਡਰੱਗ ਮਨੀ ਨਾਲ ਬਣੀਆਂ ਵਸੇਬਾ ਜਾਇਦਾਦਾਂ ’ਤੇ ਬੁਲਡੋਜ਼ਰ ਚਲਾ ਕੇ ਨਸ਼ਟ ਕਰਨ, ਅਰਬਾਂ ਰੁਪਏ ਮੁੱਲ ਦੀ 5480 ਕਿਲੋਗ੍ਰਾਮ ਹੈਰੋਇਨ ਬ੍ਰਾਮਦ ਤੇ ਤਸਕਰਾਂ ਦੀ ਡਰੱਗ ਮਨੀ ਨੂੰ ਇਧਰੋਂ-ਉਧਰ ਕਰਨ ਵਾਲੇ 64 ਹਵਾਲਾ ਕਾਰੋਬਾਰੀਆਂ ਨੂੰ ਗ੍ਰਿਫਤਾਰ ਕਰਕੇ ਲੋਕਾਂ ਦੇ ਸਹਿਯੋਗ ਨਾਲ ਕੌਮੀ ਪੱਧਰ ’ਤੇ ਇਤਿਹਾਸਕ ਮੀਲ ਪੱਥਰ ਕਾਇਮ ਕੀਤਾ।

## ਪ੍ਰਸ਼ਨ ਪੱਤਰਾਂ ’ਤੇ ਕਿਊ ਆਰ ਕੋਡ ਵੈਬ ਲਿੰਕ ਨਹੀਂ




ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ): ਸੀ.ਬੀ.ਐਸ.ਈ. ਨੇ ਇੱਕ ਸਲਾਹ ਜਾਰੀ ਕਰਕੇ ਪ੍ਰਸ਼ਨ ਪੱਤਰਾਂ ’ਤੇ ਛਪੇ ਕਿਊ ਆਰ ਕੋਡ ਦੇ ਮਕਸਦ ਨੂੰ ਸਾਫ ਕੀਤਾ ਹੈ। ਬੋਰਡ ਨੇ ਕਿਹਾ ਕਿ ਇਹ ਕਿਊਆਰ ਕੋਡ ਵੈਬ ਲਿੰਕ ਨਹੀਂ ਹੈ। ਇਹੋ ਸਲਾਹ ਹਾਲ ਹੀ ਦੀਆਂ ਉਨ੍ਹਾਂ ਘਟਨਾਵਾਂ ਦੇ ਬਾਅਦ ਆਈ ਹੈ, ਜਿਨ੍ਹਾਂ ’ਚ ਸੀ.ਬੀ.ਐਸ.ਈ. ਪ੍ਰੀਖਿਆਵਾਂ ਦੌਰਾਨ ਪ੍ਰਸ਼ਨ ਪੱਤਰਾਂ ’ਤੇ ਮੌਜੂਦ ਕਿਊ ਆਰ ਕੋਡ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਏ ਸਨ ਪਰ ਇਨ੍ਹਾਂ ਦੇ ਵਾਇਰਲ ਹੋਣ ਦਾ ਕਾਰਨ ਪ੍ਰੀਖਿਆ ਨਾਲ ਜੁੜਿਆ ਹੋਇਆ ਨਹੀਂ ਸੀ। ਸੀ.ਬੀ.ਐਸ.ਈ. ਦੇ ਪ੍ਰੀਖਿਆ ਕੰਟਰੋਲਰ ਸੰਯਮ ਭਾਰਦਵਾਜ ਨੇ ਕਿਹਾ ਕਿ ਸੀ.ਬੀ.ਐਸ.ਈ. ਦੇ ਪ੍ਰਸ਼ਨ ਪੱਤਰਾਂ ’ਤੇ ਛਪੇ ਕਿਊਆਰ ਕੋਡ ਦਾ ਮਕਸਦ ਸਿੱਧੇ ਇੰਟਰਨੈਟ ਹਾਈਪਰਲਿੰਕ ਦੇ ਤੌਰ ’ਤੇ ਕੰਮ ਕਰਨਾ ਨਹੀਂ ਹੈ। ਇਹ ਕੋਡ ਪ੍ਰਮਾਣੀਕਰਨ, ਟ੍ਰੈਕਿੰਗ ਤੇ ਪ੍ਰੀਖਿਆ ਦੀ ਇਕਸਾਰਤਾ ਬਣਾਈ ਰੱਖਣ ਲਈ ਬਣਾਈ ਗਈ ਅੰਦਰੂਨੀ ਪ੍ਰਣਾਲੀ ਦਾ ਹਿੱਸਾ ਹਨ। ਇਨ੍ਹਾਂ ਨੂੰ ਸਕੈਨ ਕਰਨ ’ਤੇ ਇਹ ਵੈਬ ਲਿੰਕ ਦੀ ਤਰ੍ਹਾਂ ਨਹੀਂ ਖੁੱਲ੍ਹਦੇ ਸਗੋਂ ਇਹ ਕੋਡ ਸਿਰਫ ਪਹਿਲਾਂ ਤੋਂ ਤੈਅ ਟੈਕਸਟ (ਲਿਖਾਵਟ) ਵਿੱਚ ਹੈ।

## ਸਿਵਲ ਹਸਪਤਾਲ ਵਿਖੇ ਪ੍ਰਾਈਵੇਟ ਹਸਪਤਾਲਾਂ ਵਾਂਗ ਫੋਲਡਰ ਸੇਵਾ ਦੀ ਸ਼ੁਰੂਆਤ



ਦਸੂਹਾ, 4 ਅਪ੍ਰੈਲ (ਰਾਜਿੰਦਰ ਸਿੰਘ ਦਸੂਹਾ): ਹਲਕਾ ਵਿਧਾਇਕ ਕਰਮਵੀਰ ਸਿੰਘ ਘੁੰਮਣ ਦੇ ਯਤਨਾਂ ਸਦਕਾ ਸਿਵਲ ਹਸਪਤਾਲ ਦਸੂਹਾ ਵਿਖੇ ਪ੍ਰਾਈਵੇਟ ਹਸਪਤਾਲਾਂ ਵਾਂਗ ਫੋਲਡਰ ਸੇਵਾ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ.ਮਨਮੋਹਨ ਸਿੰਘ ਸਿਵਲ ਹਸਪਤਾਲ ਦਸੂਹਾ ਨੇ ਦੱਸਿਆ ਕਿ ਇਹ ਫੋਲਡਰ ਦੀ ਸੇਵਾ ਮਾਡਰਨ ਬ੍ਰਿਕਸ, ਬਰੋਟਾ ਮੁਕੇਰੀਆਂ ਤੇ ਕਰਨ ਸਿੰਘ ਬ੍ਰਿਕਸ ਮੁਹੱਲਾ ਗੜ੍ਹਦੀਵਾਲਾ ਵੱਲੋਂ ਕੀਤੀ ਗਈ। ਅੱਗੇ ਉਨ੍ਹਾਂ ਦੱਸਿਆ ਕਿ ਜਿੱਥੇ ਪਹਿਲਾਂ ਤੋਂ ਹੀ ਸਿਵਲ ਹਸਪਤਾਲ ਦਸੂਹਾ ਇਲਾਕੇ ਨੂੰ ਸਿਹਤ ਸਹੂਲਤਾਂ ਦੇਣ ਵਿੱਚ ਮੋਹਰੀ ਰਿਹਾ ਹੈ, ਉਥੇ ਹੀ ਅੱਜ ਇੱਕ ਨਵੀਂ ਸਿਹਤ ਸਹੂਲਤ ਫੋਲਡਰ ਵਿਵਸਥਾ ਨਾਲ ਮਰੀਜ਼ਾਂ ਦੇ ਰਿਕਾਰਡ ਸੰਭਾਲਣ ਵਿੱਚ ਸੁਵਿਧਾ ਹੋਵੇਗੀ ਤੇ ਇਲਾਜ ਪ੍ਰਕਿਰਿਆ ਹੋਰ ਵੀ ਸੁਚਾਰੂ ਬਣੇਗੀ। ਅੱਗੇ ਉਨ੍ਹਾਂ ਦੱਸਿਆ ਕਿ ਇਸ ਕਦਮ ਨਾਲ ਮਰੀਜ਼ਾਂ ਨੂੰ ਲੰਬੇ ਸਮੇਂ ਤੱਕ ਆਪਣੇ ਇਲਾਜ ਦਾ ਰਿਕਾਰਡ ਸੰਭਾਲਣ ਵਿੱਚ ਆਸਾਨੀ ਰਹੇਗੀ ਤੇ ਡਾਕਟਰਾਂ ਨੂੰ ਵੀ ਪਿਛਲਾ ਇਤਿਹਾਸ ਦੇਖਣ ਵਿੱਚ ਸਹੂਲਤ ਮਿਲੇਗੀ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ.ਮਨਮੋਹਨ ਸਿੰਘ ਸਿਵਲ ਹਸਪਤਾਲ ਦਸੂਹਾ ਵੱਲੋਂ ਇਸ ਉਪਰਾਲੇ ਦੀ ਸਰਾਹਨਾ ਕੀਤੀ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਮੌਕੇ ਡਾ.ਕਰਨਜੀਤ ਸਿੰਘ, ਡਾ.ਕੁਲਵਿੰਦਰ ਸਿੰਘ, ਨਰਸਿੰਗ ਸਿਸਟਰ ਜਸਵਿੰਦਰ ਕੌਰ, ਡੀ.ਐਫ.ਪੀ.ਓ. ਅਰਜਨ ਸਿੰਘ ਦਸੂਹਾ, ਸੋਨੂੰ ਖ਼ਾਲਸਾ ਵਾਈਸ ਪ੍ਰਧਾਨ ਮਿਊਂਸੀਪਲ ਕਮੇਟੀ, ਗਗਨਦੀਪ ਪਾਰਟੀ ਆਗੂ, ਦੀਦਾਰ ਸਿੰਘ ਸ੍ਰੀ ਗੁਰੂ ਹਰਿਗੋਬਿੰਦ ਸੇਵਾ ਸੁਸਾਇਟੀ ਪ੍ਰਧਾਨ ਹਾਜ਼ਰ ਹੋਏ।

## ਪਿੰਡ ਰੌਲੀ ਦੇ ਐਸ.ਸੀ. ਮੁਹੱਲੇ ’ਚ ਸਰਕਾਰੀ ਗਲੀ ’ਚ ਨਾਜਾਇਜ਼ ਗੇਟ ਲੱਗਣ ਨਾਲ 8 ਘਰਾਂ ਦੇ ਲੋਕ ਪ੍ਰੇਸ਼ਾਨ



ਤਲਵਾੜਾ, 4 ਅਪ੍ਰੈਲ (ਜਗਮੋਹਨ ਸ਼ਰਮਾ): ਤਲਵਾੜਾ ਇਲਾਕੇ ਦੇ ਪਿੰਡ ਰੌਲੀ ਦੇ ਐਸ.ਸੀ. ਮੁਹੱਲੇ ਵਿੱਚ ਇੱਕ ਵਿਅਕਤੀ ਵੱਲੋਂ ਸਰਕਾਰੀ ਗਲੀ ਵਿੱਚ ਨਾਜਾਇਜ਼ ਤੌਰ ’ਤੇ ਗੇਟ ਬਣਾਉਣ ਕਾਰਨ ਲਗਭਗ 8 ਘਰਾਂ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਭਾਵਿਤ ਪਰਿਵਾਰਾਂ ਵਿੱਚ ਜੀਵਨ ਸਿੰਘ, ਵੀਨਾ ਦੇਵੀ, ਵਾਸਲਾ ਦੇਵੀ, ਮਨੋਜ ਕੁਮਾਰ, ਸ਼ਿਸ਼ਟਾ ਦੇਵੀ, ਮੰਦੂ ਬਾਲਾ ਤੇ ਓਮਾ ਦੇਵੀ ਆਦਿ ਸ਼ਾਮਲ ਹਨ। ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਦੇ ਘਰਾਂ ਤੱਕ ਜਾਣ ਲਈ ਇੱਕੋ ਪੰਚਾਇਤੀ ਰਸਤਾ ਹੈ, ਜਿਸ ’ਤੇ ਇੱਕ ਵਿਅਕਤੀ ਵੱਲੋਂ ਜ਼ਬਰਦਸਤੀ ਗੇਟ ਲਗਾ ਦਿੱਤਾ ਗਿਆ ਹੈ। ਉਨ੍ਹਾਂ ਮੁਤਾਬਿਕ ਇਹ ਗੇਟ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ ਤੇ ਉਨ੍ਹਾਂ ਨੇ ਕਈ ਵਾਰ ਇਸ ਦੀ ਉਸਾਰੀ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਸਬੰਧਤ ਵਿਅਕਤੀ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਤੇ ਉਲਟ ਧਮਕੀਭਰੇ ਲਹਿਜ਼ੇ ਵਿੱਚ ਕਿਹਾ ਕਿ ਉਹ ਗੇਟ ਇੱਥੇ ਹੀ ਲਗਾਏਗਾ।ਇਸ ਮਾਮਲੇ ਸਬੰਧੀ ਪਿੰਡ ਵਾਸੀਆਂ ਵੱਲੋਂ ਪੰਚਾਇਤ ਕੋਲ ਵੀ ਸ਼ਿਕਾਇਤ ਕੀਤੀ ਗਈ ਸੀ। ਪੰਚਾਇਤ ਨੇ ਮੌਕੇ ’ਤੇ ਪਹੁੰਚ ਕੇ ਗੇਟ ਦੀ ਉਸਾਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤੇ ਇਸ ਨੂੰ ਹਟਾਉਣ ਲਈ ਕਿਹਾ ਪਰ ਉਕਤ ਵਿਅਕਤੀ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਗੇਟ ਤਿਆਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਮਾਮਲਾ ਥਾਣਾ ਤਲਵਾੜਾ ਤੇ ਬੀਡੀਪੀਓ ਤਲਵਾੜਾ ਕੋਲ ਵੀ ਲਿਖਤੀ ਰੂਪ ਵਿੱਚ ਪੇਸ਼ ਕੀਤਾ ਗਿਆ, ਪਰ ਹੁਣ ਤੱਕ ਕੋਈ ਢੁੱਕਵੀਂ ਕਾਰਵਾਈ ਨਹੀਂ ਹੋ ਸਕੀ।ਪਿੰਡ ਰੌਲੀ ਦੇ ਸਰਪੰਚ ਸੰਜੀਵ ਕੁਮਾਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਉਹ ਤੁਰੰਤ ਮੌਕੇ ’ਤੇ ਪਹੁੰਚੇ। ਉਨ੍ਹਾਂ ਨੇ ਵੇਖਿਆ ਕਿ ਗੇਟ ਦੀ ਉਸਾਰੀ ਪੰਚਾਇਤ ਦੀ ਜ਼ਮੀਨ ’ਤੇ ਕੀਤੀ ਜਾ ਰਹੀ ਸੀ। ਉਨ੍ਹਾਂ ਵੱਲੋਂ ਉਸਾਰੀ ਨੂੰ ਤੁਰੰਤ ਰੋਕਣ ਲਈ ਕਿਹਾ ਗਿਆ, ਪਰ ਸਬੰਧਤ ਵਿਅਕਤੀ ਨੇ ਹੁਕਮਾਂ ਦੀ ਅਣਦੇਖੀ ਕਰਦਿਆਂ ਕੰਮ ਜਾਰੀ ਰੱਖਿਆ।ਇਸ ਸਬੰਧੀ ਬੀਡੀਪੀਓ ਤਲਵਾੜਾ ਸੁਖਪ੍ਰੀਤ ਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਦੀ ਜਾਣਕਾਰੀ ਮਿਲੀ ਹੈ ਤੇ ਪਿੰਡ ਹਾਲ ਹੀ ਵਿੱਚ ਉਨ੍ਹਾਂ ਦੇ ਅਧੀਨ ਆਇਆ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਪੂਰੀ ਜਾਂਚ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੀੜਤ ਪਰਿਵਾਰਾਂ ਨੇ ਪੰਜਾਬ ਸਰਕਾਰ ਤੇ ਸਬੰਧਤ ਵਿਭਾਗਾਂ ਕੋਲ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਜਲਦ ਤੋਂ ਜਲਦ ਕਾਰਵਾਈ ਕਰਕੇ ਨਾਜਾਇਜ਼ ਗੇਟ ਨੂੰ ਹਟਾਇਆ ਜਾਵੇ ਤੇ ਦੋਸ਼ੀ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਆਵਾਜਾਈ ਦੀ ਆ ਰਹੀ ਸਮੱਸਿਆ ਤੋਂ ਰਾਹਤ ਮਿਲ ਸਕੇ।

## ਦੀ ਨਵਾਂਸ਼ਹਿਰ ਕੇਂਦਰੀ ਸਹਿਕਾਰੀ ਬੈਂਕ ਨਵਾਂ ਸ਼ਹਿਰ ਨੇ 48 ਕਰੋੜ ਦਾ ਮੁਨਾਫਾ ਕਮਾਇਆ




ਨਵਾਂਸ਼ਹਿਰ, 4 ਅਪ੍ਰੈਲ (ਸੁਖਦੇਵ ਸਿੰਘ ਉੜਾਪੜ): ਦੀ ਨਵਾਂਸ਼ਹਿਰ ਕੇਂਦਰੀ ਸਹਿਕਾਰੀ ਬੈਂਕ ਨਵਾਂਸ਼ਹਿਰ ਨੇ ਵਿੱਤੀ ਸਾਲਾਂ 2025-2026 ਦਾ 48.7 ਕਰੋੜ ਦਾ ਮੁਨਾਫਾ ਕਮਾਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੈਂਕ ਦੇ ਜ਼ਿਲ੍ਹਾ ਮੈਨੇਜਰ ਸੰਜੀਵ ਗੌੜ ਨੇ ਦੱਸਿਆ ਕਿ ਬੈਂਕ ਦੀਆਂ 47 ਬ੍ਰਾਂਚਾਂ ਤੇ ਮੁੱਖ ਦਫਤਰ ਨਵਾਂਸ਼ਹਿਰ ਵਿੱਚ ਘੱਟ ਸਟਾਫ ਹੋਣ ਦੇ ਬਾਵਜੂਦ ਵੀ ਬੈਂਕ ਨੇ ਮੁਨਾਫਾ ਕਮਾਇਆ ਹੈ। ਬੈਂਕ ਦੀ ਕੁੱਲ ਜਮ੍ਹਾਂ ਰਾਸ਼ੀ 2130 ਕਰੋੜ ਹੋ ਗਈ ਹੈ। ਬੈਂਕ ਵੱਲੋਂ ਛੋਟੇ ਕਿਸਾਨਾਂ, ਛੋਟੇ ਉਦਮੀਆਂ ਕਿੱਤਾਕਾਰੀਆਂ ਮਹਿਲਾਵਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਸੌਖੇ ਤਰੀਕੇ ਨਾਲ ਕਰਜ਼ੇ ਦਿੱਤੇ ਜਾਂਦੇ ਹਨ।ਇਸ ਮੌਕੇ ਬੈਂਕ ਦੇ ਬੋਰਡ ਆਫ ਡਾਇਰੈਕਟਰ ਤੇ ਸਮੂਹ ਬੈਂਕ ਸਟਾਫ ਵੱਲੋਂ ਕੇਕ ਕੱਟ ਕੇ ਆਪਸ ਵਿੱਚ ਖੁਸ਼ੀ ਸਾਂਝੀ ਕੀਤੀ ਗਈ ਤੇ ਇੱਕ-ਦੂਜੇ ਨੂੰ ਵਧਾਈਆਂ ਦਿੱਤੀਆਂ ਗਈਆਂ। ਸ੍ਰੀ ਗੌੜ ਨੇ ਦੱਸਿਆ ਕਿ ਬੈਂਕ ਵੱਲੋਂ ਗ੍ਰਾਹਕਾਂ ਨੂੰ ਵਧੀਆ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਜ਼ਿਲ੍ਹਾ ਮੈਨੇਜਰ ਸੰਜੀਵ ਗੌੜ, ਬੈਂਕ ਦੇ ਐਮ.ਡੀ. ਜਸਪਾਲ ਜੱਸੀ, ਬੈਂਕ ਦੇ ਚੇਅਰਮੈਨ ਹਰਜੀਤ ਸਿੰਘ ਜਾਡਲੀ, ਸੀਨੀਅਰ ਮੈਨੇਜਰ ਗੁਰਦੀਪ ਸਿੰਘ ਸਿੱਧੂ, ਬੈਂਕ ਦੇ ਡਾਇਰੈਕਟਰ ਰਣਜੀਤ ਸਿੰਘ, ਜੰਗ ਬਹਾਦਰ ਰਾਣਾ, ਬਹਾਦਰ ਸਿੰਘ, ਜਰਨੈਲ ਸਿੰਘ, ਸ਼ਮਸ਼ੇਰ ਸਿੰਘ, ਮਲਕੀਤ ਸਿੰਘ ਬਾਹੜੋਵਾਲ, ਅਜੀਤ ਸਿੰਘ ਸੋਇਤਾ, ਅਮਰੀਕ ਸਿੰਘ ਕਾਹਮਾ, ਮਨਜਿੰਦਰ ਸਿੰਘ ਸੁੱਜੋਂ, ਸੁਖਦੇਵ ਸਿੰਘ ਬਘੌਰਾ, ਸੁਨੀਲ ਠਾਕੁਰ, ਬਲਵਿੰਦਰ ਸਿੰਘ ਢਿੱਲੋਂ, ਮੇਨ ਬ੍ਰਾਂਚ ਦੇ ਮੈਨੇਜਰ ਗੁਰਮੀਤ ਸਿੰਘ, ਹਰਮੇਸ਼ ਸਿੰਘ ਰਸੂਲਪੁਰ ਤੇ ਬੈਂਕ ਦੇ ਸਮੂਹ ਸਟਾਫ ਤੇ ਕਰਮਚਾਰੀ ਹਾਜ਼ਰ ਸਨ।

## ਮਾਨ ਕੌਰ ਸਿੰਘ ਵਿਖੇ ਚੱਲ ਰਹੇ ਸਟੱਡੀ ਸੈਂਟਰ ਦੇ ਬੱਚਿਆਂ ਨੇ ਸਿਨੇਮਾ ਰਾਹੀਂ ਦੇਸ਼ਭਗਤੀ ਦਾ ਅਨੁਭਵ ਕੀਤਾ



ਗੁਰਦਾਸਪੁਰ, 4 ਅਪ੍ਰੈਲ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਰਾਸ਼ਟਰੀ ਪੁਰਸਕਾਰ ਵਿਜੇਤਾ ਰਮੇਸ਼ ਮਹਾਜਨ ਨੇ ਮਾਨ ਕੌਰ ਸਿੰਘ ਝੁੱਗੀ-ਝੌਂਪੜੀ ਇਲਾਕੇ ਵਿੱਚ ਚੱਲ ਰਹੇ ਐਜੂਕੇਸ਼ਨ ਸਟੱਡੀ ਸੈਂਟਰ ਦੇ ਬੱਚਿਆਂ ਨੂੰ ਖ਼ਾਸ ਤੋਹਫ਼ਾ ਦਿੱਤਾ।ਇਸ ਵਿਸ਼ੇਸ਼ ਉਪਰਾਲੇ ਦੇ ਤਹਿਤ ਬੱਚਿਆਂ ਨੂੰ ਏ.ਜੀ.ਐਮ. ਮਾਲ ਥੀਏਟਰ, ਗੁਰਦਾਸਪੁਰ ਵਿੱਚ ਪ੍ਰੇਰਨਾਦਾਇਕ ਫ਼ਿਲਮ ਧੁਰੰਧਰ-2 ਦਿਖਾਈ ਗਈ। ਇਸ ਪ੍ਰੋਗਰਾਮ ਦੀ ਦੇਖ-ਰੇਖ ਬਖਸ਼ੀ ਰਾਜ, ਕੋਆਰਡੀਨੇਟਰ, ਚਾਈਲਡ ਵੈਲਫੇਅਰ ਕੌਂਸਲ ਗੁਰਦਾਸਪੁਰ ਵੱਲੋਂ ਕੀਤੀ ਗਈ। ਰਮੇਸ਼ ਮਹਾਜਨ ਨੇ ਦੱਸਿਆ ਕਿ ਬਹੁਤ ਸਾਰੇ ਬੱਚਿਆਂ ਲਈ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਪਹਿਲਾ ਮੌਕਾ ਸੀ ਜਦੋਂ ਉਨ੍ਹਾਂ ਨੇ ਕਿਸੇ ਸਿਨੇਮਾ ਹਾਲ ਵਿੱਚ ਫ਼ਿਲਮ ਦੇਖੀ, ਕਿਉਂਕਿ ਆਰਥਿਕ ਪਾਬੰਦੀਆਂ ਕਾਰਨ ਉਹ ਇਸ ਤਰ੍ਹਾਂ ਦੇ ਅਨੁਭਵ ਤੋਂ ਵਾਂਝੇ ਰਹਿੰਦੇ ਸਨ। ਉਨ੍ਹਾਂ ਦੱਸਿਆ ਕਿ ਦੇਸ਼ਭਗਤੀ ਭਾਵਨਾਵਾਂ ਨਾਲ ਭਰਪੂਰ ਇਸ ਫ਼ਿਲਮ ਨੇ ਬੱਚਿਆਂ ਦੇ ਮਨ ’ਤੇ ਡੂੰਘਾ ਅਸਰ ਛੱਡਿਆ। ਬੱਚਿਆਂ ਨੇ ਖ਼ੁਸ਼ੀ ਜਤਾਉਂਦੇ ਹੋਏ ਰਮੇਸ਼ ਮਹਾਜਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਅਸੀਂ ਪਹਿਲਾਂ ਕਦੇ ਵੀ ਥੀਏਟਰ ਵਿੱਚ ਫ਼ਿਲਮ ਨਹੀਂ ਦੇਖੀ। ਇਸ ਸ਼ਾਨਦਾਰ ਮੌਕੇ ਲਈ ਅਸੀਂ ਬਹੁਤ ਆਭਾਰੀ ਹਾਂ। ਇਹ ਫ਼ਿਲਮ ਸਿਰਫ਼ ਮਨੋਰੰਜਨ ਹੀ ਨਹੀਂ ਸੀ, ਸਗੋਂ ਇਸ ਨੇ ਬੱਚਿਆਂ ਵਿੱਚ ਦੇਸ਼ਭਗਤੀ ਦੀ ਭਾਵਨਾ ਨੂੰ ਵੀ ਜਗਾਇਆ। ਕਈ ਬੱਚਿਆਂ ਨੇ ਪ੍ਰੇਰਿਤ ਹੋ ਕੇ ਭਵਿੱਖ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਦੀ ਇੱਛਾ ਜਤਾਈ।ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾ ਸਿਰਫ਼ ਬੱਚਿਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਦੀਆਂ ਹਨ, ਸਗੋਂ ਉਨ੍ਹਾਂ ਦੇ ਵਿਅਕਤੀਗਤ ਵਿਕਾਸ ਤੇ ਸੋਚ ਨੂੰ ਵੀ ਵਿਸਥਾਰ ਦਿੰਦੀਆਂ ਹਨ।

## ਡਾ. ਰਵਜੋਤ ਸਿੰਘ ਵੱਲੋਂ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ’ਚ ਸਾਰੇ ਜੇਲ੍ਹ ਸੁਪਰਡੈਂਟਾਂ ਦੀ ਮੀਟਿੰਗ ਦੀ ਅਗਵਾਈ



ਹੁਸ਼ਿਆਰਪੁਰ, 4 ਅਪ੍ਰੈਲ (ਪਰਮਿੰਦਰ ਘੁੰਮਣ): ਪੰਜਾਬ ਦੇ ਸੰਸਦੀ ਮਾਮਲਿਆਂ ਐਨ.ਆਰ.ਆਈ. ਮਾਮਲੇ ਤੇ ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ ਸਾਰੇ ਜੇਲ੍ਹ ਸੁਪਰਡੈਂਟਾਂ ਦੀ ਮੀਟਿੰਗ ਦੀ ਅਗਵਾਈ ਕੀਤੀ। ਇਸ ਮੀਟਿੰਗ ਵਿੱਚ ਅਰੁਣ ਪਾਲ ਸਿੰਘ, ਆਈਪੀਐਸ, ਏਡੀਜੀਪੀ ਜੇਲ੍ਹਾਂ, ਸੁਰਿੰਦਰ ਪਾਲ ਸਿੰਘ ਮੰਡ, ਆਈਪੀਐਸ, ਡੀਆਈਜੀ ਜੇਲ੍ਹਾਂ (ਫਿਰੋਜ਼ਪੁਰ ਤੇ ਪਟਿਆਲਾ ਰੇਂਜ), ਸੁਖਮੰਦਰ ਸਿੰਘ ਮਾਨ, ਆਈਪੀਐਸ, ਡੀਆਈਜੀ ਜੇਲ੍ਹਾਂ (ਅੰਮ੍ਰਿਤਸਰ ਰੇਂਜ) ਤੇ ਮਨਮੋਹਨ ਕੁਮਾਰ, ਡੀਆਈਜੀ ਹੈਡਕੁਆਰਟਰ ਸਮੇਤ ਸਾਰੇ ਜੇਲ੍ਹ ਸੁਪਰਡੈਂਟ ਤੇ ਜੇਲ੍ਹ ਮੁੱਖ ਦਫ਼ਤਰ ਦੇ ਅਧਿਕਾਰੀ ਹਾਜ਼ਰ ਸਨ।ਇਹ ਮੀਟਿੰਗ ਜੇਲ੍ਹ ਅਧਿਕਾਰੀਆਂ ਨਾਲ ਸ਼ੁਰੂਆਤੀ ਜਾਣ-ਪਹਿਚਾਣ ਸਬੰਧੀ ਸੀ, ਜਿਸ ਦੌਰਾਨ ਜੇਲ੍ਹ ਮੰਤਰੀ ਨੂੰ ਵਿਭਾਗ ਦੀ ਸਮੁੱਚੀ ਕਾਰਗੁਜ਼ਾਰੀ ਤੇ ਅਹਿਮ ਪਹਿਲਕਦਮੀਆਂ ਬਾਰੇ ਜਾਣੂੰ ਕਰਵਾਇਆ ਗਿਆ, ਜਿਨ੍ਹਾਂ ਵਿੱਚ ਜੇਲ੍ਹਾਂ ਵਿੱਚ ਭੀੜਭਾੜ ਤੇ ਉਚ-ਖ਼ਤਰੇ ਵਾਲੇ ਕੈਦੀਆਂ ਦੇ ਪ੍ਰਬੰਧਨ ਵਰਗੀਆਂ ਚੁਣੌਤੀਆਂ ਦਾ ਹੱਲ ਕਰਨਾ ਸ਼ਾਮਲ ਹੈ। ਜੇਲ੍ਹ ਮੰਤਰੀ ਨੂੰ ਪ੍ਰਸਤਾਵਿਤ ਪੰਜਾਬ ਪ੍ਰਿਜ਼ਨਜ਼ ਐਂਡ ਕਰੈਕਸ਼ਨਲ ਸਰਵਿਸਿਜ਼ ਬਿੱਲ ਤੇ ਪੰਜਾਬ ਗੁੱਡ ਕੰਡਕਟ ਪ੍ਰਿਜ਼ਨਰਜ਼ ਬਿੱਲ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜੋ ਇਸ ਵੇਲੇ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹਨ। ਇਸ ਤੋਂ ਇਲਾਵਾ, ਵਿਭਾਗ ਦੀ ਪੁਨਰ-ਰਚਨਾ ਸਬੰਧੀ ਪ੍ਰਸਤਾਵਾਂ ’ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਸੂਬੇ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਕਾਰਗੁਜ਼ਾਰੀ ਮਜ਼ਬੂਤ ਕਰਨ ਲਈ ਵਾਧੂ ਅਸਾਮੀਆਂ ਦੀ ਲੋੜ ਸ਼ਾਮਲ ਹੈ।ਆਪਣੇ ਸੰਬੋਧਨ ਵਿੱਚ ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਇਮਾਨਦਾਰੀ, ਮਿਹਨਤ ਤੇ ਬਿਨਾਂ ਕਿਸੇ ਦਬਾਅ ਦੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

## ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੇ ਨਾਮ ’ਤੇ ਬਣੇਗਾ ਮੁਹੱਲਾ ਕਲੀਨਿਕ: ਵਿਧਾਇਕ ਸ਼ੈਰੀ ਕਲਸੀ



ਬਟਾਲਾ, 4 ਅਪ੍ਰੈਲ (ਸੁਖਦੇਵ ਸਿੰਘ ਰੰਧਾਵਾ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਅੱਜ ਸਵੇਰੇ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਚੌਕ ਵਿਖੇ ਲੇਬਰ ਵਾਲੇ, ਨੇੜਲੇ ਦੁਕਾਨਦਾਰਾਂ, ਦੁਕਾਨਾਂ ਵਿੱਚ ਕੰਮ ਕਰਦੀ ਲੇਬਰ, ਧਾਰਮਿਕ ਤੇ ਨਿਹੰਗ ਜਥੇਬੰਦੀ ਦੇ ਆਗੂਆਂ, ਸਮਾਜ ਸੇਵੀਆਂ, ਕਲੋਨੀ ਤੇ ਸ਼ਹਿਰ ਵਾਸੀਆਂ ਦੇ ਪਤਵੰਤੇ ਸੱਜਣਾਂ, ਮੌਜੂਦਗੀ ਵਿੱਚ ਸਾਰਿਆਂ ਦੀ ਸਹਿਮਤੀ ਨਾਲ ਸੰਗਤ ਰੂਪੀ ਫੈਸਲਾ ਲੈਂਦਿਆਂ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਪਾਰਕ ਦੇ ਇੱਕ ਕਾਰਨਰ ’ਤੇ ਨਾਨਕਸ਼ਾਹੀ ਇੱਟਾਂ ਨਾਲ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੇ ਨਾਮ ’ਤੇ ਮੁਹੱਲਾ ਕਲੀਨਿਕ ਬਣਾਉਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੇ ਨਾਮ ’ਤੇ ਉਸਾਰੇ ਜਾ ਰਹੇ ਮੁਹੱਲਾ ਕਲੀਨਿਕ ਦੇ ਖੁੱਲ੍ਹ ਜਾਣ ਨਾਲ ਲੇਬਰ ਵਾਲਿਆਂ ਤੇ ਆਮ ਲੋਕਾਂ ਨੂੰ ਸਿਹਤ ਪੱਖੋਂ ਵੱਡੀ ਸਹੂਲਤ ਮਿਲੇਗੀ।ਲੇਬਰ ਵਾਲੇ ਮੁਹੱਲਾ ਕਲੀਨਿਕ ਵਿੱਚ ਮੁਫਤ ਦਵਾਈ ਤੇ ਆਪਣੇ ਟੈਸਟ ਕਰਵਾ ਸਕਣਗੇ ਤੇ ਉਨ੍ਹਾਂ ਨੂੰ ਦੂਰ-ਦੁਰਾਡੇ ਤੋਂ ਦਵਾਈ ਲੈਣ ਤੋਂ ਰਾਹਤ ਮਿਲੇਗੀ।ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਸਤਨਾਮ ਸਿੰਘ ਮੁੱਖ ਸੇਵਾਦਾਰ ਜੋੜਾਘਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਚੇਅਰਮੈਨ ਯਸ਼ਪਾਲ ਚੌਹਾਨ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਮਾਸਟਰ ਤਿਲਕ ਰਾਜ, ਚੇਅਰਮੈਨ ਮਾਨਿਕ ਮਹਿਤਾ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਪ੍ਰਧਾਨ ਸਰਬਜੀਤ ਸਿੰਘ ਬੀ.ਸੀ ਵਿੰਗ ਆਦਿ ਹਾਜ਼ਰ ਸਨ।

## ਪਿੰਡ ਜੀਵਨ ਨੰਗਲ ਵਿਖੇ ਗੁਰਪ੍ਰੀਤ ਕੌਰ ਪੰਨੂੰ ਵੱਲੋਂ ਹਲਕਾ ਕੋਆਰਡੀਨੇਟਰ ਸਮੇਤ ਮੀਟਿੰਗ




ਫਤਹਿਗੜ੍ਹ ਚੂੜੀਆਂ, 4 ਅਪ੍ਰੈਲ (ਰਾਜਨ ਸ਼ਰਮਾ): ਸ਼ਾਨਦਾਰ 4 ਸਾਲ, ਭਗਵੰਤ ਮਾਨ ਦੇ ਨਾਲ ਤਹਿਤ ਹਲਕਾ ਫਤਹਿਗੜ੍ਹ ਚੂੜੀਆਂ ਦੇ ਪਿੰਡ ਜੀਵਨ ਨੰਗਲ ਵਿਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਪੰਨੂੰ, ਹਲਕਾ ਕੋਆਰਡੀਨੇਟਰ ਦਵਿੰਦਰ ਕੌਰ, ਮਨਦੀਪ ਕੌਰ ਪੰਨੂੰ ਤੇ ਸਰਪੰਚ ਰਾਜਵਿੰਦਰ ਕੌਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਮੌਕੇ ਗੁਰਵਿੰਦਰ ਸਿੰਘ, ਬੂਆ ਸਿੰਘ, ਸਤਨਾਮ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਕੁਲਦੀਪ ਕੌਰ, ਗੁਰਵੰਤ ਕੌਰ, ਰਜਵੰਤ ਕੌਰ, ਸਰਬਜੀਤ ਕੌਰ, ਹਰਭਜਨ ਕੌਰ, ਰਿਟਾ. ਲਖਵਿੰਦਰ ਕੌਰ, ਮਨਜੀਤ ਕੌਰ, ਕੁਲਦੀਪ, ਰਣਜੋਧ ਸਿੰਘ, ਗੁਰਲਾਲ ਸਿੰਘ, ਸਵਿੰਦਰ ਸਿੰਘ, ਰਣਜੀਤ ਕੌਰ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਰਹੇ। ਬੀਤੇ 4 ਸਾਲਾਂ ਦੌਰਾਨ ਮਾਨ ਸਰਕਾਰ ਵੱਲੋਂ ਪੰਜਾਬ ਦੀ ਤਰੱਕੀ ਤੇ ਲੋਕਾਂ ਦੀ ਭਲਾਈ ਲਈ ਚਲਾਈਆਂ ਸਹੂਲਤਾਂ ਬਾਰੇ ਇਲਾਕਾ ਵਾਸੀਆਂ ਨੂੰ ਜਾਣਕਾਰੀ ਦਿੱਤੀ, ਸਰਕਾਰ ਦੇ ਫ਼ੈਸਲਿਆਂ ਦੀ ਸ਼ਲਾਘਾ ਕਰਦੇ ਹੋਏ ਜਨਤਾ ਨੇ ਦੁਹਰਾਇਆ 2027 ’ਚ ਦੁਬਾਰਾ ਮਾਨ ਸਰਕਾਰ ਲਿਆਉਣ ਦਾ ਨਿਸ਼ਚਾ ਹੈ।

## ਡਰਾਈਵਰ ਤੇ ਟੈਕਨੀਕਲ ਇੰਪਲਾਈਜ਼ ਯੂਨੀਅਨ ਦੀ ਮੀਟਿੰਗ ’ਚ ਪੁਰਾਣੀ ਯੂਨੀਅਨ ਭੰਗ, ਨਵੀਂ ਯੂਨੀਅਨ ਦਾ ਗਠਨ

### ☛ਸਰਬਸੰਮਤੀ ਨਾਲ ਨਵੀਂ ਬਾਡੀ ਦੀ ਚੋਣ, ਊਧਮ ਸਿੰਘ ਬੋਨੀ ਜ਼ਿਲ੍ਹਾ ਪ੍ਰਧਾਨ ਬਣੇ



ਧਾਰੀਵਾਲ, 4 ਅਪ੍ਰੈਲ (ਅਸ਼ੋਕ ਕੁਮਾਰ): ਅੱਜ ਡਰਾਈਵਰ ਤੇ ਟੈਕਨੀਕਲ ਇੰਪਲਾਈਜ਼ ਯੂਨੀਅਨ ਗੁਰਦਾਸਪੁਰ ਦੀ ਇੱਕ ਅਹਿਮ ਮੀਟਿੰਗ ਡੀ.ਸੀ. ਕੰਪਲੈਕਸ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਗੁਰਨਾਮ ਸਿੰਘ (ਪ੍ਰਧਾਨ) ਵੱਲੋਂ ਕੀਤੀ ਗਈ, ਜਿਸ ਵਿੱਚ ਸਮੂਹ ਯੂਨੀਅਨ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੁਰਾਣੀ ਯੂਨੀਅਨ ਨੂੰ ਭੰਗ ਕਰ ਦਿੱਤਾ ਗਿਆ। ਇਹ ਫੈਸਲਾ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਕਿ ਗੁਰਨਾਮ ਸਿੰਘ 30 ਅਪ੍ਰੈਲ 2026 ਨੂੰ ਸੇਵਾਮੁਕਤ ਹੋ ਰਹੇ ਹਨ। ਇਸਦੇ ਨਾਲ ਹੀ ਨਵੀਂ ਯੂਨੀਅਨ ਦੇ ਗਠਨ ਦੀ ਸਿਫਾਰਸ਼ ਕਰਕੇ ਤੁਰੰਤ ਨਵੀਂ ਬਾਡੀ ਦਾ ਐਲਾਨ ਕੀਤਾ ਗਿਆ। ਪੰਜਾਬ ਸਰਕਾਰ ਡਰਾਈਵਰ ਤੇ ਟੈਕਨੀਕਲ ਇੰਪਲਾਈਜ਼ ਯੂਨੀਅਨ ਦੀ ਨਵੀਂ ਬਾਡੀ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ। ਇਸ ਵਿੱਚ ਊਧਮ ਸਿੰਘ ਬੋਨੀ ਨੂੰ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ, ਜਦਕਿ ਸੁਖਵਿੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਹਰਦੀਪ ਸਿੰਘ ਰਾਣਾ ਨੂੰ ਪ੍ਰੈਸ ਸਕੱਤਰ, ਅਵਤਾਰ ਸਿੰਘ ਨੂੰ ਜਨਰਲ ਸਕੱਤਰ, ਸ਼ਰਨਜੀਤ ਸਿੰਘ ਸ਼ਾਲੂ ਨੂੰ ਸਹਾਇਕ ਜਨਰਲ ਸਕੱਤਰ ਤੇ ਇੰਦਰਜੀਤ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਕੁਲਵੰਤ ਸਿੰਘ ਨੂੰ ਮੁੱਖ ਸਲਾਹਕਾਰ, ਅਜਮੇਰ ਸਿੰਘ, ਗੁਰਮੁਖ ਸਿੰਘ ਤੇ ਦੀਪਕ ਕੁਮਾਰ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ। ਬਾਡੀ ਦੇ ਮੈਂਬਰਾਂ ਵਿੱਚ ਸੰਜੀਵ ਕੁਮਾਰ, ਸੁਖਦੇਵ ਸਿੰਘ ਚੌਰ, ਅਮਨ, ਗੁਰਦੇਵ ਸਿੰਘ, ਦਲਜੀਤ ਸਿੰਘ, ਸ਼ਿਵਦਿਆਲ ਸਿੰਘ, ਸੁਰਿੰਦਰਪਾਲ ਕੁਮਾਰ ਤੇ ਕਮਲਜੀਤ ਸਿੰਘ ਆਦਿ ਸ਼ਾਮਲ ਹਨ। ਮੀਟਿੰਗ ਦੌਰਾਨ ਸਾਰੇ ਮੈਂਬਰਾਂ ਨੇ ਨਵੀਂ ਬਾਡੀ ਨੂੰ ਵਧਾਈ ਦਿੱਤੀ।

## ਪ੍ਰਾਈਵੇਟ ਬਿਲਡਿੰਗ ’ਚ ਚੱਲ ਰਿਹਾ ਫੂਡ ਸਪਲਾਈ ਵਿਭਾਗ ਦਾ ਦਫ਼ਤਰ ਹੋਇਆ ਬੰਦ



ਕਾਹਨੂੰਵਾਨ, 4 ਅਪ੍ਰੈਲ (ਕੁਲਜੀਤ ਸਿੰਘ ਖੋਖਰ): ਕਾਹਨੂੰਵਾਨ ਸਠਿਆਲੀ ਮੁੱਖ ਮਾਰਗ ਉਪਰ ਇੱਕ ਪ੍ਰਾਈਵੇਟ ਬਿਲਡਿੰਗ ਦੇ ਵਿੱਚ ਚੱਲ ਰਿਹਾ ਸਿਵਲ ਸਪਲਾਈ ਵਿਭਾਗ ਦਾ ਦਫਤਰ ਬੰਦ ਹੋਣ ਕਾਰਨ ਇਸ ਦਫਤਰ ਵਿੱਚ ਕੰਮ ਕਰਵਾਉਣ ਆਏ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਵਿਭਾਗ ਵੱਲੋਂ ਬਿਲਡਿੰਗ ਮਾਲਕ ਨੂੰ ਦਫਤਰ ਦਾ ਕਿਰਾਇਆ ਨਾ ਦੇਣ ਕਾਰਨ ਬਿਲਡਿੰਗ ਮਾਲਕ ਵੱਲੋਂ ਇਸ ਦਫਤਰ ਨੂੰ ਤਾਲਾ ਜੜ ਦਿੱਤਾ ਗਿਆ ਹੈ। ਇਸ ਦਫਤਰ ਵਿੱਚ ਆਪਣੇ ਰਾਸ਼ਨ ਕਾਰਡ ਸਬੰਧੀ ਕੰਮ ਕਰਵਾਉਣ ਆਏ ਵਿਜੇ ਮਸੀਹ ਵਾਸੀ ਸਠਿਆਲੀ ਨੇ ਕਿਹਾ ਕਿ ਉਹ ਆਪਣੇ ਰਾਸ਼ਨ ਕਾਰਡ ਵਿੱਚ ਕਿਸੇ ਗਲਤੀ ਨੂੰ ਸੁਧਾਰਨ ਦੇ ਲਈ ਸਿਵਲ ਸਪਲਾਈ ਦਫਤਰ ਵਿੱਚ ਛੁੱਟੀ ਵਾਲਾ ਦਿਨ ਨਾ ਹੋਣ ਦੇ ਬਾਵਜੂਦ ਵੀ ਇਸ ਦਫਤਰ ਨੂੰ ਤਾਲਾ ਲੱਗਾ ਹੋਇਆ ਹੈ, ਜਿਸ ਕਾਰਨ ਉਸਨੂੰ ਨਿਰਾਸ਼ ਆਪਣੇ ਘਰ ਜਾਣਾ ਪੈ ਰਿਹਾ ਹੈ। ਇਸ ਸਬੰਧੀ ਜਦੋਂ ਬਿਲਡਿੰਗ ਦੇ ਮਾਲਕ ਰਜਿੰਦਰ ਸਿੰਘ ਨੂੰ ਦਫਤਰ ਬੰਦ ਹੋਣ ਦੇ ਕਾਰਨ ਬਾਰੇ ਪੁੱਛਿਆ ਤਾਂ ਉਸ ਨੂੰ ਦੱਸਿਆ ਕਿ ਇਸ ਦਫਤਰ ਵੱਲੋਂ ਉਸ ਨੂੰ ਦਫਤਰ ਦਾ ਕਿਰਾਇਆ ਨਹੀਂ ਦਿੱਤਾ ਗਿਆ, ਜਿਸ ਕਾਰਨ ਉਸ ਵੱਲੋਂ ਦਫਤਰ ਨੂੰ ਤਾਰਾ ਲਗਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦਫਤਰ ਅੰਦਰ ਵਿਭਾਗ ਦਾ ਕੀਮਤੀ ਰਿਕਾਰਡ ਪਿਆ ਹੈ। ਪਰ ਸਬੰਧਤ ਵਿਭਾਗ ਇਸ ਦਫਤਰ ਵਿੱਚ ਪਿਆ ਆਪਣਾ ਰਿਕਾਰਡ ਵੀ ਆਪਣੇ ਕਬਜ਼ੇ ਵਿੱਚ ਨਹੀਂ ਲੈ ਰਿਹਾ। ਜੇ ਇਸ ਦਫਤਰ ਦੇ ਰਿਕਾਰਡ ਨਾਲ ਕੋਈ ਹੇਰਾ-ਫੇਰੀ ਹੁੰਦੀ ਹੈ ਤਾਂ ਉਸਦੀ ਕੋਈ ਜ਼ਿੰਮੇਵਾਰੀ ਨਹੀਂ। ਇਸ ਜਦੋਂ ਫੂਡ ਸਪਲਾਈ ਵਿਭਾਗ ਦੇ ਇੰਸਪੈਕਟਰ ਸੁਮਿਤ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਦਫਤਰ ਇੱਥੋਂ ਤਬਦੀਲ ਕਰਕੇ ਆਪਣੇ ਦਫਤਰ ਨੂੰ ਆਪਣੇ ਗੋਦਾਮ ਦੇ ਵਿੱਚ ਹੀ ਸ਼ਿਫਟ ਕਰ ਦਿੱਤਾ ਹੈ। ਸਾਡਾ ਰਿਕਾਰਡ ਉਸ ਦਫਤਰ ਵਿੱਚ ਕੋਈ ਨਹੀਂ ਹੈ, ਅਸੀਂ ਆਪਣਾ ਰਿਕਾਰਡ ਆਪਣੇ ਨਵੇਂ ਦਫਤਰ ਵਿੱਚ ਸ਼ਿਫਟ ਕਰ ਲਿਆ ਗਿਆ ਹੈ। ਦਫਤਰ ਦੇ ਮਾਲਕ ਨੂੰ ਉਸਦਾ ਜਲਦ ਬਕਾਇਆ ਕਰਾਇਆ ਦੇ ਦਿੱਤਾ ਜਾਵੇਗਾ।

# ਮੰਤਰਾਲੇ ਨੇ ਸੀਟ ਚੋਣ ਆਦੇਸ਼ ਵਾਪਸ ਲਿਆ

ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ): ਕੁਝ ਦਿਨ ਪਹਿਲਾਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਹਵਾਈ ਯਾਤਰੀਆਂ ਨੂੰ ਰਾਹਤ ਦਿੰਦੇ ਹੋਏ ਇੱਕ ਆਦੇਸ਼ ਜਾਰੀ ਕੀਤਾ ਸੀ, ਜਿਸਦੇ ਅਨੁਸਾਰ ਉਡਾਣਾਂ 'ਚ ਘੱਟੋ-ਘੱਟ 60 ਫ਼ੀਸਦੀ ਸੀਟਾਂ ਦੀ ਚੋਣ ਮੁਫਤ 'ਚ ਕੀਤੀ ਜਾ ਸਕਦੀ ਸੀ।ਹਾਲਾਂਕਿ, ਇਹ ਰਾਹਤ ਥੋੜ੍ਹੇ ਸਮੇਂ ਲਈ ਸਾਬਤ ਹੋਈ ਤੇ ਕੁਝ ਦਿਨਾਂ ਦੇ ਅੰਦਰ ਹੀ ਅਲੋਪ ਹੋ ਗਈ, ਜਦੋਂ ਮੰਤਰਾਲੇ ਨੇ ਹੁਣ ਆਪਣੇ ਆਦੇਸ਼ ਨੂੰ ਵਾਪਸ ਲੈ ਲਿਆ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਅਗਲੇ ਨੋਟਿਸ ਤੱਕ ਆਪਣੇ ਨਿਰਦੇਸ਼ ਨੂੰ ਮੁਅੱਤਲ ਕਰ ਦਿੱਤਾ ਹੈ। ਦਰਅਸਲ, ਸਰਕਾਰ ਨੇ ਸ਼ੁਰੂ 'ਚ ਏਅਰਲਾਈਨਾਂ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਯਾਤਰੀਆਂ ਨੂੰ ਰਾਹਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਹਰੇਕ ਉਡਾਣ 'ਚ 60 ਫ਼ੀਸਦੀ ਸੀਟਾਂ ਬਿਨਾਂ ਕਿਸੇ ਵਾਧੂ ਖਰਚੇ ਦੇ ਪੇਸ਼ ਕਰਨ। ਹਾਲਾਂਕਿ, ਏਅਰਲਾਈਨਾਂ ਉਦਯੋਗ ਸੰਗਠਨਾਂ ਨੇ ਇਸ ਕਦਮ 'ਤੇ ਇਤਰਾਜ਼ ਜਤਾਇਆ। ਉਨ੍ਹਾਂ ਨੇ ਦਲੀਲ ਦਿੱਤੀ ਕਿ ਇਹ ਸਰਕਾਰੀ ਪਹਿਲ ਉਨ੍ਹਾਂ ਦੇ ਸੰਚਾਲਨ ਖਰਚਿਆਂ ਤੇ ਕਿਰਾਏ ਢਾਂਚੇ 'ਤੇ ਮਾੜਾ ਪ੍ਰਭਾਵ ਪਾਵੇਗੀ। ਨਤੀਜੇ ਵਜੋਂ ਮੰਤਰਾਲੇ ਦੁਆਰਾ ਜਾਰੀ ਇੱਕ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਨਵਾਂ ਨਿਯਮ ਉਦੋਂ ਤੱਕ ਲਾਗੂ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਇਸਦੇ ਸੰਭਾਵੀ ਪ੍ਰਭਾਵ ਦਾ ਵਿਆਪਕ ਮੁਲਾਂਕਣ ਨਹੀਂ ਹੋ ਜਾਂਦਾ) ਇਸ ਦਾ ਸਿੱਧਾ ਅਰਥ ਇਹ ਹੈ ਕਿ, ਫਿਲਹਾਲ, ਯਾਤਰੀਆਂ ਤੋਂ ਸੀਟ ਚੋਣ ਲਈ ਚਾਰਜ ਲਏ ਜਾਂਦੇ ਰਹਿਣਗੇ, ਜਿਵੇਂ ਕਿ ਪਹਿਲਾਂ ਹੁੰਦਾ ਸੀ।



# ਪ੍ਰਮਾਣੂ ਪਣਡੁੱਬੀਆਂ ਵਾਲੇ ਮੁਲਕਾਂ 'ਚ ਭਾਰਤ ਹੋਇਆ ਸ਼ਾਮਲ

## ☛'ਪ੍ਰਮਾਣੂ ਪਣਡੁੱਬੀ ਆਈਐਨਐਸ ਅਰਿਧਮਨ' ਜਲ ਸੈਨਾ 'ਚ ਸ਼ਾਮਲ

ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ): ਭਾਰਤ ਨੇ ਦੇਸ਼ 'ਚ ਬਣੀ ਨਵੀਂ ਪ੍ਰਮਾਣੂ ਨਾਲ ਚੱਲਣ ਵਾਲੀ ਬੈਲਿਸਟਿਕ ਮਿਜ਼ਾਈਲ ਨਾਲ ਲੈਸ ਪਣਡੁੱਬੀ ਆਈਐਨਐਸ ਅਰਿਧਮਨ ਨੂੰ ਬੀਤੇ ਦਿਨ ਜਲ ਸੈਨਾ 'ਚ ਸ਼ਾਮਲ ਕਰ ਲਿਆ। ਪ੍ਰਮਾਣੂ ਆਧਾਰਿਤ ਬੈਲਿਸਟਿਕ ਮਿਜ਼ਾਈਲ ਪਣਡੁੱਬੀ ਪ੍ਰੋਗਰਾਮ ਦੀ ਇਹ ਤੀਜੀ ਪਣਡੁੱਬੀ ਹੈ। ਇਸ ਨਾਲ ਜਲ ਸੈਨਾ ਨੂੰ ਹੋਰ ਮਜ਼ਬੂਤੀ ਮਿਲੀ ਹੈ। ਸੂਤਰਾਂ ਨੇ ਦੱਸਿਆ ਕਿ ਆਈਐਨਐਸ ਅਰਿਹੰਤ ਪਹਿਲੀ ਪਣਡੁੱਬੀ ਸੀ, ਜੋ ਪ੍ਰਮਾਣੂ ਤਾਕਤ ਬੈਲਿਸਟਿਕ ਮਿਜ਼ਾਈਲ ਪਣਡੁੱਬੀ ਪ੍ਰੋਗਰਾਮ ਦਾ ਹਿੱਸਾ ਸੀ। ਇਸ ਮਗਰੋਂ ਪਣਡੁੱਬੀ 'ਆਈਐਨਐਸ ਅਰਿਘਾਤ' ਆਈ। ਭਾਰਤ ਉਨ੍ਹਾਂ ਚੋਣਵੇਂ ਮੁਲਕਾਂ 'ਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਕੋਲ ਪ੍ਰਮਾਣੂ ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਹਨ। ਇਨ੍ਹਾਂ 'ਚ ਅਮਰੀਕਾ, ਰੂਸ, ਬਰਤਾਨੀਆ, ਫਰਾਂਸ ਤੇ ਚੀਨ ਸ਼ਾਮਲ ਹਨ। ਕਈ ਮਹੀਨਿਆਂ ਤੱਕ ਚੱਲੇ ਸਮੁੰਦਰੀ ਤਜਰਬਿਆਂ ਮਗਰੋਂ ਆਈਐਨਐਸ ਅਰਿਧਮਨ ਨੂੰ ਸੇਵਾ 'ਚ ਸ਼ਾਮਲ ਕੀਤਾ ਗਿਆ ਹੈ। ਜਾਣਕਾਰੀ ਮੁਤਾਬਿਕ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੇਰਲਾ ਸਥਿਤ ਜਲ ਸੈਨਾ ਦੇ ਅੱਡੇ 'ਤੇ ਹੋਏ ਸਮਾਗਮ 'ਚ ਸ਼ਿਰਕਤ ਕੀਤੀ। ਉਂਝ ਪਣਡੁੱਬੀ ਨੂੰ ਜਲ ਸੈਨਾ 'ਚ ਸ਼ਾਮਲ ਕੀਤੇ ਜਾਣ ਦੇ ਸਬੰਧ 'ਚ ਹਾਲੇ ਤੱਕ ਕੋਈ ਅਧਿਕਾਰਤ ਜਾਣਕਾਰੀ ਨਹੀਂ ਮਿਲੀ ਹੈ। ਰੱਖਿਆ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ 'ਚ ਕਿਹਾ ਕਿ ਸ਼ਬਦ ਨਹੀਂ ਸ਼ਕਤੀ ਹੈ, ਅਰਿਧਮਨ। ਭਾਰਤ ਕੋਲ ਹਵਾ ਤੇ ਜ਼ਮੀਨ ਤੋਂ ਦਾਗੀ ਜਾਣ ਵਾਲੀ ਪ੍ਰਮਾਣੂ ਸਮਰੱਥਾ ਹੈ ਪਰ ਹੁਣ ਉਹ ਪਾਣੀਆਂ 'ਚ ਵੀ ਪ੍ਰਮਾਣੂ ਤਾਕਤ ਵਧਾਉਣ 'ਤੇ ਧਿਆਨ ਕੇਂਦਰਤ ਕਰ ਰਿਹਾ ਹੈ।



# ਸ਼੍ਰੋਮਣੀ ਕਮੇਟੀ ਨੇ ਵੱਖ-ਵੱਖ ਸਿੱਖ ਸੰਸਥਾਵਾਂ, ਟਕਸਾਲਾਂ ਤੇ ਸਿੱਖ ਵਿਦਵਾਨਾਂ ਨੂੰ 6 ਦੀ 'ਪੰਥਕ ਇਕੱਤਰਤਾ' ਲਈ ਭੇਜੇ ਸੱਦਾ ਪੱਤਰ

## ☛ਸਿੱਖ ਸੰਸਥਾਵਾਂ, ਟਕਸਾਲਾਂ, ਵਿਦੇਸ਼ਾਂ ਤੋਂ ਵੀ ਸਿੱਖ ਜਥੇਬੰਦੀਆਂ ਦੇ ਸੇਵਾ ਵਾਲੇ ਮਹਾਂਪੁਰਸ਼ ਆਗੂ ਤੇ ਬੁੱਧੀਜੀਵੀ, ਨਿਰਮਲੇ, ਆਨਲਾਈਨ ਸ਼ਿਰਕਤ ਕਰਨਗੇ

ਅੰਮ੍ਰਿਤਸਰ, 4 ਅਪ੍ਰੈਲ (ਚ.ਨ.ਸ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ 6 ਅਪ੍ਰੈਲ ਨੂੰ ਸੱਦੀ ਗਈ ਪੰਥਕ ਇਕੱਤਰਤਾ ਲਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਵੱਲੋਂ ਵੱਖ-ਵੱਖ ਨਿਹੰਗ ਸਿੰਘ ਦਲਾਂ, ਕਾਰ ਸਿੱਖ ਜੱਜਾਂ, ਵਕੀਲਾਂ ਤੇ ਉਦਾਸੀ, ਸੇਵਾ ਪੰਥੀ ਸੰਸਥਾਵਾਂ, ਸਿੰਘ ਸਭਾਵਾਂ, ਸਿੱਖ ਵਿਦਿਆਰਥੀ ਫੈਡਰੇਸ਼ਨਾਂ ਤੇ ਸਮੂਹ ਸਿੱਖ ਸੰਪ੍ਰਦਾਵਾਂ ਦੇ ਮੁਖੀਆਂ ਤੇ ਪ੍ਰਤੀਨਿਧਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਪ੍ਰਾਪਤ ਵੇਰਵਿਆਂ ਅਨੁਸਾਰ 6 ਅਪ੍ਰੈਲ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਵੇਰੇ 11 ਵਜੇ ਸੱਦੀ ਗਈ, ਇਸ 'ਪੰਥਕ ਇਕੱਤਰਤਾ' ਦੌਰਾਨ ਮੁੱਖ ਰੂਪ ਵਿੱਚ ਭਾਵੇਂ ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਕਾਨੂੰਨ ਬਣਾਏ ਜਾਣ ਜਾਂ ਪਹਿਲਾਂ ਤੋਂ ਮੌਜੂਦ ਕਾਨੂੰਨ ਵਿੱਚ ਸੋਧ ਕਰਨ ਦੀ ਪ੍ਰਕਿਰਿਆ ਸਬੰਧੀ 13 ਅਪ੍ਰੈਲ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਗਏ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਇਸ ਸੰਜੀਦੇ ਧਾਰਮਿਕ ਤੇ ਪੰਥਕ ਮਸਲੇ 'ਤੇ ਵਿਚਾਰ ਚਰਚੇ ਕਰਨ ਤੇ ਸਾਂਝੀ ਪੰਥਕ ਰਾਇ ਬਣਾਉਣਾ ਹੈ, ਪਰ ਇਸ ਦੇ ਨਾਲ ਹੀ ਬੀਤੇ ਦਿਨ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਸਜ਼ਾ ਤਬਦੀਲੀ ਲਈ ਪਾਈ ਪਟੀਸ਼ਨ ਸ਼੍ਰੋਮਣੀ ਕਮੇਟੀ ਨੂੰ 10 ਦਿਨਾਂ ਅੰਦਰ ਵਾਪਸ ਲੈਣ ਦਾ ਆਦੇਸ਼ ਜਾਰੀ ਕਰਨ ਲਈ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਲਿਖੇ ਪੱਤਰ ਦੇ ਗੰਭੀਰ ਪੰਥਕ ਮਾਮਲੇ 'ਤੇ ਵੀ ਪੰਥਕ ਜਥੇਬੰਦੀਆਂ ਦੀ ਰਾਏ ਲਈ ਜਾਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਗਠਿਤ ਕੀਤੀ ਗਈ, ਵਿਸ਼ੇਸ਼ ਕਮੇਟੀ ਦੇ ਮੁਖੀ ਤੇ 'ਆਪ' ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਵੀ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿੱਚ ਸੱਦਾ ਪੱਤਰ ਭੇਜਿਆ ਗਿਆ ਹੈ। ਵਿਦੇਸ਼ਾਂ ਤੋਂ ਵੀ ਸਿੱਖ ਜਥੇਬੰਦੀਆਂ ਦੇ ਆਗੂ ਤੇ ਬੁੱਧੀਜੀਵੀ ਇਕੱਤਰਤਾ 'ਚ 'ਆਨਲਾਈਨ' ਸ਼ਿਰਕਤ ਕਰਨਗੇ।




# ਦੇਸ਼ ਭਗਤ ਯੂਨੀਵਰਸਿਟੀ 'ਚ ਜੋਸ਼ ਨਾਲ ਸੱਭਿਆਚਾਰਕ ਬਿਹਾਰ ਦਿਵਸ ਮਨਾਇਆ



ਮੰਡੀ ਗੋਬਿੰਦਗੜ੍ਹ, 4 ਅਪ੍ਰੈਲ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਇੰਜੀਨੀਅਰਿੰਗ, ਟੈਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਵੱਲੋਂ 'ਇਕ ਭਾਰਤ ਸ੍ਰੇਸ਼ਠ ਭਾਰਤ' ਪਹਿਲ ਦੇ ਤਹਿਤ ਬਿਹਾਰ ਦਿਵਸ ਮਨਾਇਆ ਗਿਆ, ਜਿਸਦਾ ਉਦੇਸ਼ ਸੱਭਿਆਚਾਰਕ ਸਾਂਝ ਤੇ ਰਾਸ਼ਟਰੀ ਏਕਤਾ ਨੂੰ ਪ੍ਰੋਤਸਾਹਿਤ ਕਰਨਾ ਸੀ। ਸਮਾਗਮ ਵਿੱਚ ਬਿਹਾਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਰੰਗ-ਬਿਰੰਗੀਆਂ ਪ੍ਰਸਤੁਤੀਆਂ, ਪ੍ਰੰਪਰਾਗਤ ਕਾਰਜਾਂ ਤੇ ਵਿਦਿਆਰਥੀਆਂ ਦੀ ਉਤਸ਼ਾਹਪੂਰਨ ਭਾਗੀਦਾਰੀ ਰਾਹੀਂ ਸੁੰਦਰ ਢੰਗ ਨਾਲ ਦਰਸਾਇਆ ਗਿਆ। ਭਾਗੀਦਾਰਾਂ ਦੀ ਊਰਜਾ ਤੇ ਸਮਰਪਣ ਨੇ ਇਸ ਸਮਾਰੋਹ ਨੂੰ ਯਾਦਗਾਰ ਬਣਾ ਦਿੱਤਾ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ, ਟੀਮ ਵਰਕ ਤੇ ਸਮਰਪਣ ਭਾਵਨਾ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਬਿਹਾਰ ਦੇ ਲੋਕਾਂ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਬਿਹਾਰੀ ਵਿਦਿਆਰਥੀਆਂ ਦੇ ਮਜ਼ਬੂਤ ਮੁੱਲਾਂ ਜਿਵੇਂ ਦੇਸ਼ ਭਗਤੀ, ਸਰੋਤਾਂ ਦੀ ਸੰਭਾਲ ਤੇ ਸਮਰਪਣ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਨੇ ਪਾਣੀ ਤੇ ਖਾਣੇ ਦੀ ਬੱਚਤ ਵਰਗੀਆਂ ਉਨ੍ਹਾਂ ਦੀਆਂ ਸੋਚ-ਵਿਚਾਰ ਵਾਲੀਆਂ ਆਦਤਾਂ ਤੇ ਰਾਸ਼ਟਰੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਰੋਸ਼ਨ ਕੀਤਾ। ਇਸੇ ਤਰ੍ਹਾਂ ਪ੍ਰੋ.ਚਾਂਸਲਰ ਡਾ. ਤਜਿੰਦਰ ਕੌਰ ਨੇ ਬਿਹਾਰ ਦੀਆਂ ਅਮੀਰ ਸੱਭਿਆਚਾਰਕ ਪ੍ਰੰਪਰਾਵਾਂ ਦੀ ਪ੍ਰਸ਼ੰਸਾ ਕੀਤੀ ਤੇ ਵਿਦਿਆਰਥੀਆਂ ਵੱਲੋਂ ਕੀਤੀਆਂ ਸੁੰਦਰ ਪ੍ਰਸਤੁਤੀਆਂ ਦੀ ਵੀ ਸਰਾਹਨਾ ਕੀਤੀ। ਪ੍ਰੋ.ਵਾਈਸ ਚਾਂਸਲਰ ਡਾ. ਬੂਟਾ ਸਿੰਘ ਨੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਤੇ ਅਕਾਦਮਿਕ ਗਤੀਵਿਧੀਆਂ ਵਿੱਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ, ਜੋ ਏਕਤਾ ਤੇ ਸਮੁੱਚੀ ਸਿੱਖਿਆ ਨੂੰ ਵਧਾਉਣ ਵਿੱਚ ਮਦਦ ਕਰਦੀਆਂ ਹਨ। ਡਾ. ਖੁਸ਼ਬੂ ਬਾਂਸਲ ਨੇ ਧੰਨਵਾਦ ਕੀਤਾ।

# ਸੀ.ਬੀ.ਐਸ.ਈ. ਵੱਲੋਂ 6ਵੀਂ ਜਮਾਤ ਤੋਂ ਤਿੰਨ-ਭਾਸ਼ਾਈ ਫਾਰਮੂਲਾ ਲਾਗੂ

ਨਵੀਂ ਦਿੱਲੀ, 4 ਅਪ੍ਰੈਲ (ਚ.ਨ.ਸ): ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਨੇ ਆਪਣਾ ਨਵਾਂ ਪਾਠਕ੍ਰਮ ਜਾਰੀ ਕਰ ਦਿੱਤਾ ਹੈ। ਅਧਿਕਾਰੀਆਂ ਨੇ ਕਿਹਾ ਕਿ 2026-27 ਦੇ ਵਿਦਿਅਕ ਸੈਸ਼ਨ ਤੋਂ ਛੇਵੀਂ ਜਮਾਤ ਲਈ ਤਿੰਨ-ਭਾਸ਼ਾਈ ਫਾਰਮੂਲੇ ਪੜਾਅਵਾਰ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ ਤੇ ਨੌਵੀਂ ਜਮਾਤ ਲਈ ਗਣਿਤ ਤੇ ਵਿਗਿਆਨ ਦੀ ਦੋ-ਪੱਧਰੀ ਪ੍ਰਣਾਲੀ ਸ਼ੁਰੂ ਹੋਵੇਗੀ। ਜਦੋਂ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਤਹਿਤ ਲਾਜ਼ਮੀ ਤਿੰਨ-ਭਾਸ਼ਾਈ ਫਾਰਮੂਲਾ 2026 ਤੋਂ ਜਮਾਤ 6ਵੀਂ ਲਈ ਲਾਗੂ ਕੀਤਾ ਜਾਵੇਗਾ, ਜਦਕਿ 9ਵੀਂ ਜਮਾਤ ਲਈ ਗਣਿਤ ਤੇ ਵਿਗਿਆਨ 'ਚ ਲਾਜ਼ਮੀ ਮਿਆਰੀ ਤੇ ਵਿਕਲਪਿਕ ਉਨਤ ਕੋਰਸਾਂ ਦੀ ਦੋ-ਪੱਧਰੀ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ। ਇੱਕ ਸੀਨੀਅਰ ਬੋਰਡ ਅਧਿਕਾਰੀ ਨੇ ਕਿਹਾ ਕਿ ਭਾਸ਼ਾਵਾਂ ਨੂੰ ਵੱਖ-ਵੱਖ ਪੜਾਵਾਂ, ਆਰ1, ਆਰ2, ਆਰ3 'ਚ ਇੱਕ ਸੰਰਚਿਤ ਤਿੰਨ-ਭਾਸ਼ੀ ਢਾਂਚੇ ਰਹੀਂ ਵਿਵਸਥਿਤ ਕੀਤਾ ਜਾਵੇਗਾ। ਨਵੇਂ ਰਾਸ਼ਟਰੀ ਪਾਠਕ੍ਰਮ ਢਾਂਚੇ ਦੀਆਂ ਸਿਫ਼ਾਰਸ਼ਾਂ ਅਨੁਸਾਰ ਇਨ੍ਹਾਂ ਤਿੰਨਾਂ 'ਚੋਂ ਦੋ ਭਾਸ਼ਾਵਾਂ ਭਾਰਤ ਦੀਆਂ ਮੂਲ ਭਾਸ਼ਾਵਾਂ ਹੋਣੀਆਂ ਚਾਹੀਦੀਆਂ ਹਨ। ਬਹੁ-ਭਾਸ਼ਾਈ ਸਿੱਖਿਆ ਨੂੰ ਪੜਾਅਵਾਰ ਤਰੀਕੇ ਨਾਲ ਲਾਗੂ ਕਰਨ ਦੀ ਬੋਰਡ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਂਦੇ ਹੋਏ 2026-27 ਦੇ ਵਿੱਦਿਅਕ ਸੈਸ਼ਨ ਤੋਂ ਕਲਾਸ 6 ਲਈ ਤੀਜੀ ਭਾਸ਼ਾ ਨੂੰ ਲਾਜ਼ਮੀ ਕਰ ਦਿੱਤਾ ਜਾਵੇਗਾ ਤਾਂਕਿ ਇਹ ਯਕੀਨੀ ਹੋ ਸਕੇ ਕਿ ਹਰੇਕ ਸਿਖਿਆਰਥੀ ਘੱਟੋ-ਘੱਟ ਦੋ ਭਾਰਤੀ ਭਾਸ਼ਾਵਾਂ ਪੜ੍ਹ ਸਕੇ। ਅਧਿਕਾਰੀ ਨੇ ਅੱਗੇ ਕਿਹਾ ਕਿ ਹਾਲਾਂਕਿ ਇਹ ਫਾਇਦੇਮੰਦ ਹੈ ਕਿ ਭਾਸ਼ਾਵਾਂ ਦੀ ਇਸੇ ਯੋਜਨਾ ਨੂੰ ਅਪਣਾਇਆ ਜਾਵੇ, ਪਰ ਕੁਝ ਵਿਸ਼ੇਸ਼ ਹਾਲਾਤਾਂ 'ਚ-ਜਿਵੇਂ ਵਿਦੇਸ਼ੀ ਸਕੂਲਾਂ ਤੋਂ ਵਾਪਸ ਆਉਣ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ, ਜਿਥੇ ਉਨ੍ਹਾਂ ਨੇ 8ਵੀਂ ਜਾਂ 9ਵੀਂ ਤੱਕ ਜਿਸ ਤੀਜੀ ਭਾਸ਼ਾ ਦਾ ਅਧਿਐਨ ਕੀਤਾ ਹੈ, ਉਹ ਇਥੋਂ ਦੇ ਸਕੂਲਾਂ 'ਚ ਉਪਲਬਧ ਨਹੀਂ ਹੈ, ਅਜਿਹੇ ਵਿਦਿਆਰਥੀਆਂ ਨੂੰ ਵਿਦਿਆਰਥੀਆਂ ਨੂੰ ਪ੍ਰਵਾਨਿਤ ਨਿਯਮਾਂ ਅਨੁਸਾਰ ਛੋਟ ਦਿੱਤੀ ਜਾ ਸਕਦੀ ਹੈ।ਹਾਲਾਂਕਿ, ਅਜਿਹੇ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਯੋਜਨਾ 'ਚ ਨਿਰਧਾਰਤ ਵਿਸ਼ਿਆਂ ਦੀ ਕੁੱਲ ਗਿਣਤੀ ਦਾ ਅਧਿਐਨ ਕਰਨਾ ਜ਼ਰੂਰੀ ਹੋਵੇਗਾ। 2026-27 ਦੇ ਅਕਾਦਮਿਕ ਸੈਸ਼ਨ ਤੋਂ ਸ਼ੁਰੂ ਹੋਣ ਵਾਲੀ ਦੋ-ਪੱਧਰੀ ਪ੍ਰਣਾਲੀ ਦੀ ਸ਼ੁਰੂਆਤ ਨਾਲ ਗਣਿਤ ਤੇ ਵਿਗਿਆਨ 'ਚ ਵੱਡੀ ਢਾਂਚਾਗਤ ਤਬਦੀਲੀ ਆਵੇਗੀ।




## ਅਮਰੀਕਾ ਨੇ ਫੌਜ ਦਾ ਸਿਖਰਲਾ ਅਧਿਕਾਰੀ ਬਦਲਿਆ

# ਜਨਰਲ ਕ੍ਰਿਸਟੋਫ਼ਰ ਲਾਨੇਵ ਨਵੇਂ ਕਾਰਜਕਾਰੀ ਫ਼ੌਜ ਮੁਖੀ ਹੋਣਗੇ

ਵਾਸ਼ਿੰਗਟਨ, 4 ਅਪ੍ਰੈਲ (ਚ.ਨ.ਸ): ਅਮਰੀਕੀ ਰੱਖਿਆ ਮੰਤਰਾਲੇ ਦੇ ਮੁੱਖ ਦਫ਼ਤਰ ਪੈਂਟਾਗਨ ਨੇ ਐਲਾਨ ਕੀਤਾ ਕਿ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਫੌਜ ਦੇ ਸਿਖਰਲੇ ਅਧਿਕਾਰੀ ਤੇ ਹੋਰ ਦੋ ਜਨਰਲਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਹੈ। ਈਰਾਨ ਵਿਰੁੱਧ ਜਾਰੀ ਜੰਗ ਦੇ ਵਿਚਕਾਰ ਫੌਜ ਦੇ ਸਿਖਰਲੇ ਅਧਿਕਾਰੀਆਂ ਨੂੰ ਹਟਾਉਣ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੈਂਟਾਗਨ ਦੇ ਮੁੱਖ ਬੁਲਾਰੇ ਸੀਨ ਪਾਰਨੇਲ ਨੇ ਕਿਹਾ ਕਿ ਜਨਰਲ ਰੈਂਡੀ ਜਾਰਜ ਫੌਜ ਦੇ 41ਵੇਂ ਚੀਫ਼ ਆਫ਼ ਸਟਾਫ਼ ਦੇ ਅਹੁਦੇ ਤੋਂ ਤੁਰੰਤ ਪ੍ਰਭਾਵ ਨਾਲ ਰਿਟਾਇਰ ਹੋ ਰਹੇ ਹਨ। ਜਾਰਜ ਨੇ ਅਗਸਤ 2023 ਵਿੱਚ ਬਾਈਡਨ ਪ੍ਰਸ਼ਾਸਨ ਦੇ ਤਹਿਤ ਫੌਜ ਮੁਖੀ ਦਾ ਅਹੁਦਾ ਸੰਭਾਲਿਆ ਸੀ। ਪੈਂਟਾਗਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਜਨਰਲ ਕ੍ਰਿਸਟੋਫਰ ਲਾਨੇਵ ਕਾਰਜਕਾਰੀ ਚੀਫ਼ ਆਫ਼ ਸਟਾਫ਼ ਹੋਣਗੇ। ਲਾਨੇਵ ਹੇਗਸੇਥ ਦੇ ਸਿਖਰਲੇ ਫੌਜੀ ਸਲਾਹਕਾਰ ਵਜੋਂ ਕੰਮ ਕਰ ਰਹੇ ਸਨ। ਪਿਛਲੇ ਅਕਤੂਬਰ ਵਿੱਚ ਟਰੰਪ ਨੇ ਅਚਾਨਕ ਉਨ੍ਹਾਂ ਨੂੰ ਫੌਜ ਦੇ ਉਪ-ਮੁੱਖ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਦੋ ਸਾਲ ਪਹਿਲਾਂ ਤੱਕ ਸਿਰਫ਼ ਦੋ-ਸਟਾਰ ਜਨਰਲ ਰਹੇ ਕ੍ਰਿਸਟੋਫਰ ਲਾਨੇਵ ਲਈ ਇਹ ਇੱਕ ਅਭੂਤਪੂਰਵ ਤਰੱਕੀ ਸੀ।



# ਸ੍ਰੀ ਬਜਰੰਗ ਭਵਨ ਮੰਦਰ 'ਚ ਸ੍ਰੀ ਹਨੂੰਮਾਨ ਜਨਮ ਉਤਸਵ ਮਨਾਇਆ



ਜ਼ੀਰਾ, 4 ਅਪ੍ਰੈਲ (ਦੀਪਕ ਭਾਰਗੋ): ਜ਼ੀਰਾ ਸ਼ਹਿਰ ਦੀ ਸਿਰਮੌਰ ਸੰਸਥਾ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵੱਲੋਂ ਭਗਵਾਨ ਸ੍ਰੀ ਰਾਮ ਜੀ ਦੇ ਅਨੰਨੈ ਭਗਤ ਤੇ ਮਾਤਾ ਅੰਜਨੀ ਜੀ ਦੇ ਲਾਲ ਭਗਵਾਨ ਸ੍ਰੀ ਹਨੂੰਮਾਨ ਜੀ ਦਾ ਜਨਮ ਉਤਸਵ ਧੂਮਧਾਮ ਨਾਲ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਬਜਰੰਗ ਭਵਨ ਮੰਦਰ ਦੀ ਬਹੁਤ ਹੀ ਵਧੀਆ ਢੰਗ ਨਾਲ ਸਜਾਵਟ ਕੀਤੀ ਗਈ ਤੇ ਸ੍ਰੀ ਬਜਰੰਗ ਭਵਨ ਮੰਦਰ ਦੀ ਇਸਤਰੀ ਸੰਕੀਰਤਨ ਮੰਡਲੀ ਜ਼ੀਰਾ ਦੀਆਂ ਮਹਿਲਾਵਾਂ ਵੱਲੋਂ ਸ੍ਰੀ ਹਨੂੰਮਾਨ ਜੀ ਦੇ ਸੁੰਦਰ ਕਾਂਡ ਦੇ ਪਾਠ ਕੀਤੇ ਗਏ। ਇਸ ਮੌਕੇ ਧਰਮਪਾਲ ਚੁੱਘ, ਸਰਪ੍ਰਸਤ ਸ਼ਮੀ ਜੈਨ, ਸਕੱਤਰ ਵਿਪਨ ਸੇਠੀ, ਪ੍ਰੈਸ ਸਕੱਤਰ ਦੀਪਕ ਭਾਰਗੋ, ਵਿਜੇ ਸ਼ਰਮਾ, ਰਾਜੇਸ਼ ਕੁਮਾਰ ਲੱਕੀ ਪਾਸੀ, ਪੰਡਤ ਯੋਗੇਸ਼ ਸ਼ਰਮਾ, ਵਿਕਾਸ ਗਰੋਵਰ, ਸੁਨੀਲ ਗਰੋਵਰ, ਪ੍ਰਵੀਨ ਉਪਲ, ਤਰਲੋਕ ਸਿੰਘ ਮਿਰਜਾ, ਗੁਰਦੇਵ ਸਿੰਘ ਸਿੱਧੂ, ਰਾਜ ਕੁਮਾਰ ਚੁੱਘ, ਸੋਨੂੰ ਮਹਿਰਾ, ਗੁਰਪ੍ਰੀਤ ਸਿੰਘ ਭੁੱਲਰ, ਸੰਤੋਸ਼ ਸਚਦੇਵਾ, ਕਮਲਾ ਰਾਣੀ, ਰੰਜਨਾ ਉਪਲ, ਮੀਨੂ ਮੋਗਾ, ਨੀਰੂ ਚੌਧਰੀ, ਅਵੰਤਿਕਾ ਗਰੋਵਰ, ਕਵਿਤਾ ਜੈਨ, ਰਾਜ ਰਾਨੀ, ਕਮਲੇਸ਼ ਰਾਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਵੱਲੋਂ ਸ੍ਰੀ ਹਨੂੰਮਾਨ ਜੀ ਦਾ ਗੁਣਗਾਨ ਕੀਤਾ ਗਿਆ ਤੇ ਆਪਣੇ ਜੀਵਨ ਨੂੰ ਸਫਲ ਕੀਤਾ।

# ਆੜ੍ਹਤੀ ਕਿਸਾਨਾਂ ਦੀ ਅਹਿਮ ਕੜੀ, ਉਨ੍ਹਾਂ ਦੇ ਮਸਲੇ ਹੱਲ ਕਰਨੇ ਲਾਜ਼ਮੀ: ਨਾਗਰਾ

ਸ੍ਰੀ ਫ਼ਤਹਿਗੜ੍ਹ ਸਾਹਿਬ, 4 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਪਿੰਡ ਭੱਟਮਾਜਰਾ ਵਿਖੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਭਰਵੀਂ ਮੀਟਿੰਗ ਕੀਤੀ। ਇਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਣਕ ਦੀ ਫ਼ਸਲ ਮੰਡੀਆਂ ਵਿੱਚ ਆਉਣੀ ਸ਼ੁਰੂ ਹੋਣ ਵਾਲੀ ਹੈ ਪਰ ਸਰਕਾਰ ਵੱਲੋਂ ਆੜ੍ਹਤੀਆਂ ਦੇ ਮੁੱਖ ਮਸਲਿਆਂ ਨੂੰ ਅਜੇ ਤੱਕ ਹੱਲ ਨਹੀਂ ਕੀਤਾ ਗਿਆ, ਜੋ ਕਿ ਚਿੰਤਾਜਨਕ ਗੱਲ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਆੜ੍ਹਤੀਆਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਇਸਦਾ ਸਿੱਧਾ ਅਸਰ ਕਣਕ ਦੀ ਖਰੀਦ ਪ੍ਰਕਿਰਿਆ 'ਤੇ ਪਵੇਗਾ ਤੇ ਇਸ ਦਾ ਖਾਮਿਆਜ਼ਾ ਸਿੱਧਾ ਕਿਸਾਨਾਂ ਨੂੰ ਭੁਗਤਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਮੰਡੀਆਂ ਵਿੱਚ ਸੁਚੱਜੀ ਖਰੀਦ ਯਕੀਨੀ ਬਣਾਉਣ ਲਈ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਆੜ੍ਹਤੀਆਂ ਦੇ ਮਸਲੇ ਲੰਬੇ ਸਮੇਂ ਤੋਂ ਲਟਕੇ ਹੋਏ ਹਨ, ਜਿਸ ਨਾਲ ਖਰੀਦ ਪ੍ਰਣਾਲੀ 'ਤੇ ਗੰਭੀਰ ਅਸਰ ਪੈ ਸਕਦਾ ਹੈ। ਸ੍ਰ. ਨਾਗਰਾ ਨੇ ਦੱਸਿਆ ਕਿ ਪੰਜਾਬ ਦੀ ਅਰਥਵਿਵਸਥਾ ਦਾ ਵੱਡਾ ਹਿੱਸਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ ਤੇ ਜੇਕਰ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਸੁਚਾਰੂ ਨਾ ਰਹੀ ਤਾਂ ਇਸਦਾ ਵਿਆਪਕ ਪ੍ਰਭਾਵ ਪਵੇਗਾ। ਉਨ੍ਹਾਂ ਨੇ ਕਿਹਾ ਕਿ ਆੜ੍ਹਤੀ ਕਿਸਾਨਾਂ ਤੇ ਸਰਕਾਰ ਦੇ ਵਿਚਕਾਰ ਇੱਕ ਮਹੱਤਵਪੂਰਨ ਕੜੀ ਹਨ, ਇਸ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨੇ ਤੇ ਮੰਡੀਆਂ ਵਿੱਚ ਸਹੂਲਤਾਂ ਨੂੰ ਬਿਹਤਰ ਬਣਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਦੌਰਾਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ।ਨਾਗਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਕਿਸਾਨਾਂ ਤੇ ਆੜ੍ਹਤੀਆਂ ਦੇ ਹੱਕਾਂ ਲਈ ਖੜ੍ਹੀ ਰਹੀ ਹੈ ਤੇ ਅੱਗੇ ਵੀ ਉਨ੍ਹਾਂ ਦੀ ਆਵਾਜ਼ ਬੁਲੰਦ ਕਰਦੀ ਰਹੇਗੀ। ਇਸ ਮੌਕੇ ਬਲਾਕ ਪ੍ਰਧਾਨ ਗੁਰਮੁੱਖ ਸਿੰਘ ਪੰਡਰਾਲੀ, ਸੀਨੀਅਰ ਕਾਂਗਰਸੀ ਆਗੂ ਦਵਿੰਦਰ ਕੁਮਾਰ ਭੱਟਮਾਜਰਾ, ਸਾਬਕਾ ਸਰਪੰਚ ਦਵਿੰਦਰ ਸਿੰਘ ਜੱਲਾ, ਮੰਡਲ ਪ੍ਰਧਾਨ ਧਰਮਿੰਦਰ ਸਿੰਘ ਨਬੀਪੁਰ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ, ਅਵਤਾਰ ਸਿੰਘ, ਜਸਵਿੰਦਰ ਸਿੰਘ, ਅਮਰਜੀਤ ਸਿੰਘ, ਗੁਰਮੁੱਖ ਸਿੰਘ, ਰਕੇਸ਼ ਪਰਾਸਰ, ਦਵਿੰਦਰ ਸਿੰਘ, ਸੁਖਬੀਰ ਸਿੰਘ, ਗੌਰਵ ਸਿੰਘ, ਮਨੀਸ਼ ਕੁਮਾਰ, ਮਨਵਿੰਦਰ ਸਿੰਘ, ਸ਼ਿਵ ਕੁਮਾਰ, ਅਜੀਤ ਸਿੰਘ, ਹਰਦੀਪ ਸਿੰਘ, ਸੰਦੀਪ ਸਿੰਘ, ਸੁਖਵਿੰਦਰ ਸਿੰਘ, ਲਵਪ੍ਰੀਤ ਸਿੰਘ, ਪਰਦੀਪ ਕੁਮਾਰ, ਬਲਵਿੰਦਰ ਕੁਮਾਰ, ਗੁਰਪ੍ਰੀਤ ਸਿੰਘ, ਭਗਵਾਨ ਦਾਸ, ਜਤਿਨ ਰੱਤੀ, ਪੰਕਜ ਰੱਤੀ, ਜਸ਼ਨਦੀਪ ਸਿੰਘ, ਜਸਵੀਰ ਸਿੰਘ, ਤਰਸੇਮ ਲਾਲ, ਦਵਿੰਦਰ ਸਿੰਘ, ਲਖਵੀਰ ਸਿੰਘ, ਹਰਦੀਪ ਸਿੰਘ, ਗੁਰਜੰਟ ਸਿੰਘ, ਸ਼ਿਵ ਸਾਰਦਾ, ਵਿਪਨ ਅਭਿਸ਼ੇਕ, ਗੁਰਮੀਤ ਸਿੰਘ, ਗੁਰਵਿੰਦਰ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਸਨ।

# ਪਿੰਡ ਅਬਦੁੱਲਾਪੁਰ ਦੀ ਪੰਚਾਇਤ ਨੇ ਫੜਿਆ 'ਆਪ' ਦਾ ਪੱਲਾ, ਪਾਰਟੀ ਨੂੰ ਮਿਲਿਆ ਭਾਰੀ ਬਲ: ਪ੍ਰੋ.ਜੀ.ਐਸ. ਮੁਲਤਾਨੀ



ਮੁਕੇਰੀਆਂ, 4 ਅਪ੍ਰੈਲ (ਧਰਮ ਚੰਦ): ਆਮ ਆਦਮੀ ਪਾਰਟੀ ਨੂੰ ਉਸ ਵਕਤ ਭਾਰੀ ਮਜ਼ਬੂਤੀ ਤੇ ਬਲ ਮਿਲਿਆ ਜਦੋਂ ਪਿੰਡ ਅਬਦੁੱਲਾ ਪੁਰ ਦੀ ਸਮੂਹ ਪੰਚਾਇਤ ਨੇ ਆਪਣੇ ਸਾਥੀਆਂ ਸਮੇਤ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਜਿਨ੍ਹਾਂ ਦਾ ਸਵਾਗਤ ਆਪ ਹਲਕਾ ਇੰਚਾਰਜ ਪ੍ਰੋ.ਜੀ.ਐਸ. ਮੁਲਤਾਨੀ ਹੋਰਾਂ ਵੱਲੋਂ ਪਾਰਟੀ ਮਫਲਰ ਪਾ ਕੇ ਕੀਤਾ। ਗੱਲਬਤ ਰਾਹੀਂ ਜਿੱਥੇ ਆਪ ਜੁਆਇੰਨ ਕਰਨ ਵਾਲੇ ਪਿੰਡ ਦੇ ਸਰਪੰਚ ਸੁਨੀਲ ਸ਼ਰਮਾ, ਮੈਂਬਰ ਤਰਸੇਮ ਲਾਲ, ਮੈਂਬਰ ਗਣੇਸ਼ ਪਾਲ, ਮੈਂਬਰ ਰਾਮ ਪ੍ਰਤਾਪ ਸਿੰਘ, ਮੈਂਬਰ ਕੁਸਮ, ਮੈਂਬਰ ਗੁਰਵਿੰਦਰ ਸਿੰਘ ਤੇ ਉਨ੍ਹਾਂ ਦੇ ਨਾਲ ਸੀਮਾ, ਦੇਵੀ, ਅਨੀਤਾ, ਆਸ਼ਾ, ਕਮਲੇਸ਼, ਰਜਨੀ, ਪੂਨਮ ਰਾਣੀ, ਚੰਦਨ, ਕਲਾਸ਼ੋਂ ਤੇ ਕੰਚਨ ਹੋਰਾਂ ਆਪ ਵਿੱਚ ਸ਼ਾਮਲ ਹੋਣ ਦੇ ਪਿੱਛੇ ਦਾ ਕਾਰਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੇ ਕੀਤੇ ਜਾ ਰਹੇ ਵਿਕਾਸ ਕਾਰਜ ਦੱਸਿਆ। ਉਥੇ ਪ੍ਰੋ.ਮੁਲਤਾਨੀ ਹੋਰਾਂ ਵੀ ਆਪ ਪਰਿਵਾਰ ਵਿੱਚ ਸ਼ਾਮਲ ਹੋਏ ਮੈਂਬਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਮਾਣ-ਸਨਮਾਨ ਵਿੱਚ ਕੋਈ ਕਮੀ ਨਾ ਆਉਣ ਦੇਣ ਦੀ ਗੱਲ ਆਖਦਿਆਂ ਸਮੂਹ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਪਾਰਟੀ ਨੂੰ ਸਪੋਰਟ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਪ੍ਰਧਾਨ ਜਨਰਲ ਕੈਟਾਗਰੀ ਸੁਰਿੰਦਰ ਠਾਕੁਰ, ਸੰਮਤੀ ਮੈਂਬਰ ਮਸਜਿੰਦਰ ਸਿੰਘ, ਬਲਾਕ ਪ੍ਰਧਾਨ ਅਮਿਤ ਕੁਮਾਰ, ਬਲਾਕ ਪ੍ਰਧਾਨ ਜਤਿੰਦਰ ਸ਼ਰਮਾ, ਪ੍ਰਧਾਨ ਯੂਥ ਵਿੰਗ ਅਮਨ ਠਾਕੁਰ, ਬਲਾਕ ਪ੍ਰਧਾਨ ਦਰਸ਼ਨ ਸਿੰਘ, ਸੰਨੀ ਬਰੋਟਾ, ਅਮਨਿੰਦਰ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।

# ਪ੍ਰੈਸ ਕਲੱਬ ਦੀ ਮੀਟਿੰਗ, ਆਈ ਕਾਰਡ ਦੇ ਕੇ ਸਨਮਾਨ ਕੀਤਾ

ਆਦਮਪੁਰ/ਭੋਗਪੁਰ, 4 ਅਪ੍ਰੈਲ (ਜੰਡੀਰ ਸੈਣੀ): ਪੰਜਾਬ ਚੰਡੀਗੜ੍ਹ ਜਰਨਲਿਸਟ ਪ੍ਰੈਸ ਕਲੱਬ ਯੂਨਿਟ ਭੋਗਪੁਰ ਦੀ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੰਗੂ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਅਮਰਜੀਤ ਸਿੰਘ ਜੰਡੀਰ ਚੇਅਰਮੈਨ ਆਦਮਪੁਰ ਭੋਗਪੁਰ, ਰਾਜ ਕੁਮਾਰ ਰਾਜੂ ਪ੍ਰਧਾਨ ਦੁਆਬੇ ਦੀ ਆਵਾਜ਼ ਸੰਪਾਦਕ, ਹੁਸਨ ਲਾਲ ਸੀ. ਮੀਤ ਪ੍ਰਧਾਨ ਕਿਸ਼ਨਗੜ੍ਹ, ਤਰਨ ਚੱਢਾ ਮੀ.ਪ੍ਰਧਾਨ ਕਿਸ਼ਨਗੜ੍ਹ, ਮਨਪ੍ਰੀਤ ਹਨੀ ਮੀ. ਪ੍ਰਧਾਨ ਕਿਸ਼ਨਗੜ੍ਹ, ਹਰਨਾਮ ਸਿੰਘ ਮਿਨਹਾਸ ਨੰਬਰਦਾਰ ਭੋਗਪੁਰ, ਸੁਖਵਿੰਦਰ ਸਿੰਘ ਪ੍ਰਧਾਨ ਜਾਗਰਨ ਭੋਗਪੁਰ, ਹੰਸਰਾਜ ਹੰਸ ਭੋਗਪੁਰ, ਰਾਜੇਸ਼ ਕੌਸ਼ਲ ਭੋਗਪੁਰ, ਬਾਬਾ ਸੁਰਜੀਤ ਸਿੰਘ ਪ੍ਰਧਾਨ ਭੋਗਪੁਰ, ਸੁਖਜੀਤ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ 'ਤੇ ਬਲਵਿੰਦਰ ਸਿੰਘ ਭੰਗੂ ਨੇ ਅਗਲੀ ਮੀਟਿੰਗ ਜਲਦ ਰੱਖਣ ਦਾ ਫੈਸਲਾ ਕੀਤਾ ਤੇ ਸਾਰੇ ਹੀ ਪੱਤਰਕਾਰਾਂ ਨੂੰ ਸਨਮਾਨਤ ਵੀ ਕੀਤਾ ਤੇ ਪ੍ਰੈਸ ਕਲੱਬ ਦੇ ਆਈ ਕਾਰਡ ਸਾਰਿਆਂ ਨੂੰ ਸੌਂਪ ਕੇ ਇਮਾਨਦਾਰੀ ਤੇ ਮਿਹਨਤ ਨਾਲ ਪੱਤਰਕਾਰ ਜਮਾਤ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਚੇਅਰਮੈਨ ਅਮਰਜੀਤ ਸਿੰਘ ਜੰਡੀਰ ਨੇ ਕਿਹਾ ਕਿ ਪੱਤਰਕਾਰੀ ਕਲਾਸ ਤੇ ਪੁਲਿਸ ਕਲਾਸ ਦੇਸ਼ ਦੀ ਰੀੜ੍ਹ ਦੀ ਹੱਡੀ ਵਾਂਗ ਹੁੰਦੀ ਹੈ, ਦੇਖਿਆ ਜਾਵੇ ਤਾਂ ਇਨ੍ਹਾਂ ਦੋਵਾਂ ਕਲਾਸਾਂ ਨੂੰ ਜਥੇਬੰਦੀਆਂ ਜਾਂ ਫਿਰ ਹੜਤਾਲਾਂ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਪੱਤਰਕਾਰ ਦੀ ਕਲਮ ਤੇ ਆਵਾਜ਼ ਤੇਜ਼ ਹਥਿਆਰ ਦੀ ਤਰ੍ਹਾਂ ਹੁੰਦੀ ਹੈ ਤੇ ਇਨ੍ਹਾਂ ਹਥਿਆਰਾਂ ਅੱਗੇ ਵੱਡੇ ਵੱਡੇ ਹਥਿਆਰ ਫੇਲ੍ਹ ਹੋ ਜਾਂਦੇ ਹਨ। ਇਸ ਮੌਕੇ 'ਤੇ ਬਲਵਿੰਦਰ ਸਿੰਘ ਭੰਗੂ ਨੇ ਕਿਹਾ ਕਿ ਪੰਜਾਬ ਵਿੱਚੋਂ ਭ੍ਰਿਸ਼ਟਾਚਾਰੀ ਨੂੰ ਖਤਮ ਕਰਨਾ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ, ਪੰਜਾਬ ਦੇ ਨੌਜਵਾਨਾਂ ਨੂੰ ਸਮਾਜ ਸੇਵਕ ਬਣਨਾ ਬਹੁਤ ਜ਼ਰੂਰੀ ਹੈ। ਬਲਵਿੰਦਰ ਭੰਗੂ ਨੇ ਕਿਹਾ ਕਿ ਸੱਚ ਦੀ ਕਲਮ ਕਿਸੇ ਦੀ ਮੁਹਤਾਜ ਨਹੀਂ ਹੁੰਦੀ, ਕਲਮ ਨਾਲ ਵੱਡੇ-ਵੱਡੇ ਫੈਸਲੇ ਕੀਤੇ ਵੀ ਜਾਂਦੇ ਹਨ ਤੇ ਨਬੇੜੇ ਵੀ ਜਾਂਦੇ ਹਨ। ਬਲਵਿੰਦਰ ਭੰਗੂ ਨੇ ਕਿਹਾ ਕਿ ਇਮਾਨਦਾਰ ਪੱਤਰਕਾਰ ਕਿਸੇ ਭ੍ਰਿਸ਼ਟਾਚਾਰੀ ਦੀ ਪ੍ਰਵਾਹ ਨਹੀਂ ਕਰਦੇ ਤੇ ਪੱਤਰਕਾਰਾਂ ਦਾ ਫਰਜ਼ ਬਣਦਾ ਲੋਕਾਂ ਦੀ ਆਵਾਜ਼ ਨੂੰ ਬੁਲੰਦ ਰੱਖਣਾ, ਲੋਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣਾ ਤੇ ਸਰਕਾਰ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਉਣਾ, ਪੱਤਰਕਾਰਾਂ ਦਾ ਪਹਿਲਾ ਫਰਜ਼ ਬਣਦਾ ਹੈ। ਇਸ ਮੌਕੇ 'ਤੇ ਕਾਫੀ ਪੱਤਰਕਾਰ ਹਾਜ਼ਰ ਸਨ।



# ਸ੍ਰੀ ਰਾਮ ਮੰਦਰ ਵਿਖੇ ਸ੍ਰੀ ਹਨੂੰਮਾਨ ਜਨਮ ਉਤਸਵ ਸ਼ਰਧਾ ਨਾਲ ਮਨਾਇਆ

ਮੰਡੀ ਗੋਬਿੰਦਗੜ੍ਹ, 4 ਅਪ੍ਰੈਲ (ਸੂਦ): ਸਨਾਤਨ ਧਰਮ ਮਹਾਂਵੀਰ ਮੰਦਰ ਚੈਰੀਟੇਬਲ ਟਰੱਸਟ ਸ੍ਰੀ ਰਾਮ ਮੰਦਰ, ਜੀਟੀ ਰੋਡ, ਲੋਹਾ ਨਗਰੀ ਵਿਖੇ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਸ੍ਰੀ ਹਨੂੰਮਾਨ ਜਨਮ ਉਤਸਵ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਪ੍ਰਸਿੱਧ ਧਾਰਮਿਕ ਸੰਸਥਾ ਸ੍ਰੀ ਸੁੰਦਰਕਾਂਡ ਸੇਵਾ ਮੰਡਲ ਵੱਲੋਂ ਪਵਿੱਤਰ ਸੁੰਦਰ ਕਾਂਡ ਦਾ ਪਾਠ ਕੀਤਾ ਗਿਆ। ਯਜਮਾਨ ਮੰਦਰ ਟਰੱਸਟ ਦੇ ਪ੍ਰਧਾਨ ਸੁਰੇਸ਼ ਸਿੰਗਲਾ ਬੱਬਲੀ, ਆਸ਼ਾ ਸਿੰਗਲਾ, ਪਵਨ ਸ਼ਰਮਾ, ਦਰਸ਼ਨਾ ਸ਼ਰਮਾ ਤੇ ਸ਼ਸ਼ੀ ਸਿੰਗਲਾ ਨੇ ਮੰਦਰ ਦੇ ਪੁਜਾਰੀ ਆਚਾਰੀਆ ਪੰਡਤ ਸੱਤਿਆ ਪ੍ਰਕਾਸ਼ ਰਾਹੀਂ ਸ੍ਰੀ ਹਨੂੰਮਾਨ ਤੇ ਸ੍ਰੀ ਰਾਮਾਇਣ ਦੀ ਪੂਜਾ ਕਰਵਾਈ। ਇਸ ਮੌਕੇ ਮੰਡਲ ਦੇ ਸਰਪ੍ਰਸਤ ਅਰੁਣ ਸ਼ਰਮਾ, ਪ੍ਰਧਾਨ ਨਰਿੰਦਰ ਭਾਟੀਆ, ਪੂਜਾ ਮਿੱਤਲ, ਓਮ ਸੈਨ ਤੇ ਸ਼ੰਭੂ ਪ੍ਰਸਾਦ ਨੇ ਹਨੂੰਮਾਨ ਚਾਲੀਸਾ ਉਪਰੰਤ ਪਵਿੱਤਰ ਸ੍ਰੀ ਸੁੰਦਰਕਾਂਡ ਦਾ ਪਾਠ ਕੀਤਾ। ਇਸ ਮੌਕੇ ਭਜਨਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ, ਪਵਨ ਸ਼ਰਮਾ ਸਿੰਗਾਪੁਰ, ਰਾਜੀਵ ਰਤਨ, ਰਜਿੰਦਰ ਜਿੰਦਲ, ਅਮਨ ਸ਼ਰਮਾ, ਅਰੁਣ ਮੜਕਣ, ਬਲਜਿੰਦਰ ਸਿੰਗਲਾ, ਅਭਿਜਿਤ ਸਿੰਗਲਾ, ਸ਼ਸ਼ੀ ਸਿੰਗਲਾ, ਆਸ਼ਾ ਸਿੰਗਲਾ, ਸੋਫੀਆ ਸਿੰਗਲਾ, ਆਸ਼ੀ ਜਿੰਦਲ, ਮਧੂ ਸਿੰਗਲਾ, ਰੇਣੂ ਚੰਨੀ, ਅੰਜੂ, ਗੀਟਾ ਮੋਦੀ, ਸਰੋਜ ਚੋਪੜਾ, ਸਵਰਨ ਕੁਮਾਰ, ਸਰੋਜ ਚੋਪੜਾ, ਉਮਾ ਪੂਰੀ, ਸਰਿਤਾ ਸਿੰਗਲਾ, ਮਨੀਸ਼ਾ ਮਿੱਤਲ, ਸਵਰਨ ਲਤਾ, ਮੀਨੂੰ ਗਰਗ, ਸੁਮਨ ਗੋਇਲ, ਸੁਨੀਤਾ ਸੱਗੜ, ਆਰਤੀ ਸਿੰਗਲਾ, ਮੰਡਲ ਸਰਪ੍ਰਸਤ ਅਰੁਣ ਸ਼ਰਮਾ, ਪ੍ਰਧਾਨ ਨਰਿੰਦਰ ਭਾਟੀਆ, ਓਮ ਸੈਨ, ਸ਼ੰਭੂ ਪ੍ਰਸਾਦ, ਰਜਿੰਦਰ ਕਪਲਿਸ਼, ਡਾ. ਕ੍ਰਿਸ਼ਨ ਭਾਰਦਵਾਜ, ਸਿਮਰਨਜੀਤ ਸਿੰਘ ਵਿੱਕੀ, ਸੰਜੇ ਗਰਗ, ਮਾਲਤੀ ਦੇਵੀ, ਮੋਨਿਕਾ ਭਾਟੀਆ, ਅਨੀਤਾ ਦੇਵੀ, ਮੋਤੀ ਦੇਵੀ, ਮੋਨਿਕਾ ਭਾਟੀਆ, ਗਾਯਤ੍ਰੀ ਦੇਵੀ, ਸੁਨੀਤਾ ਦੇਵੀ, ਤਲਵਾੜ, ਮਾਸਟਰ ਜਗਪਾਲ ਤਲਵਾੜ, ਮਾਸਟਰ ਹਰਮਿੰਦਰ ਸਿੰਘ ਮਾਹੀ, ਮੋਨੂੰ ਮਹਿਤਾ, ਰੋਹਿਤ ਕੁਮਾਰ ਤੇ ਪੰਡਤ ਮਮਲੇਸ਼ਵਰ ਪ੍ਰਸਾਦ ਹਾਜ਼ਰ ਸਨ।



# ਹੋਲੀ ਹਾਰਟ ਸਕੂਲ ਅਜੀਤਵਾਲ ਲੋਕਾਂ ਲਈ ਬਣਿਆ ਨੰਬਰ ਵਨ ਸਕੂਲ: ਸੁਭਾਸ਼ ਪਲਤਾ

ਮੋਗਾ, 4 ਅਪ੍ਰੈਲ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਹੋਲੀ ਹਾਰਟ ਸਕੂਲ ਅਜੀਤਵਾਲ ਲੋਕਾਂ ਦੀ ਸਭ ਤੋਂ ਪਹਿਲੀ ਪਸੰਦੀ ਦਾ ਸਕੂਲ ਬਣਿਆ ਕਿਉਂਕਿ ਸਕੂਲ ਦੇ ਨਤੀਜੇ ਵੀ 100 ਪ੍ਰਤੀਸ਼ਤ ਰਹੇ ਤੇ ਜਿਹੜਾ ਸਕੂਲ ਕੈਂਪਸ ਹੈ, ਉਹ ਵੀ ਬਹੁਤ ਵਧੀਆ ਹੈ। ਸਕੂਲ ਦੇ ਵਿੱਚ ਸਿੱਖਿਆ ਦੇ ਨਾਲ-ਨਾਲ ਨੈਤਿਕ-ਕਦਰਾਂ ਅਨੁਸ਼ਾਸਨ ਗਤੀਵਿਧੀਆਂ 'ਤੇ ਖਾਸ ਧਿਆਨ ਦਿੱਤਾ ਜਾਂਦਾ ਹੈ, ਇਸ ਸਕੂਲ ਵਿੱਚ ਨਵੇਂ ਸਾਲ ਲਈ ਦਾਖਲਾ ਨੂੰ ਲੈ ਕੇ ਮਾਪਿਆਂ ਦੇ ਵਿੱਚ ਬਹੁਤ ਉਤਸ਼ਾਹ ਹੈ ਤੇ ਇਸ ਸਕੂਲ ਵਿੱਚ ਬੱਚਿਆਂ ਨੂੰ ਉਚਾਈਆਂ 'ਤੇ ਪਹੁੰਚਾਉਣ ਲਈ ਹਰ ਕੋਸ਼ਿਸ਼ ਕੀਤੀ ਜਾਂਦੀ ਹੈ, ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਹੋਲੀ ਹਾਰਟ ਸਕੂਲ ਦੀ ਪ੍ਰਾਪਤੀ ਇਹ ਸਾਬਿਤ ਕਰਦੀ ਹੈ, ਜੇਕਰ ਸਹੀ ਦਿਸ਼ਾ 'ਤੇ ਮਿਹਨਤ ਨਾਲ ਕੰਮ ਕੀਤਾ ਜਾਵੇ ਤਾਂ ਹਰ ਲਕਸ਼ ਹਾਸਲ ਕੀਤਾ ਜਾ ਸਕਦਾ ਹੈ, ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਉਪਲਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਤੇ ਅਧਿਆਪਕਾਂ ਦੀ ਮਿਹਨਤ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਨੇ ਕਿਹਾ ਕਿ ਅਧਿਆਪਕਾਂ ਦੀ ਮਿਹਨਤ ਨਾਲ ਇੱਥੋਂ ਤੱਕ ਸਕੂਲ ਪਹੁੰਚ ਗਿਆ ਹੈ ਤੇ ਅਜੀਤਵਾਲ ਦੇ ਲੋਕਾਂ ਦੀ ਨੰਬਰ ਵਨ ਦੀ ਸੂਚੀ ਵਿੱਚ ਆ ਗਿਆ ਹੈ ਤੇ ਆਉਣ ਵਾਲੇ ਟਾਈਮ ਵਿੱਚ ਅਸੀਂ ਸਾਰੇ ਰਲ ਕੇ ਹੋਰ ਵੀ ਮਿਹਨਤ ਕਰਾਂਗੇ ਤਾਂ ਕਿ ਸਕੂਲ ਦੇ ਵਿੱਚ ਕੋਈ ਵੀ ਕਮੀ ਨਾ ਰਹੇ। ਡਾਇਰੈਕਟਰ ਅਮਿਤ ਪਲਤਾ ਤੇ ਸਰੇਆ ਪਲਤਾ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਖੇਡਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ, ਕਿਉਂਕਿ ਬੱਚਿਆਂ ਲਈ ਖੇਡਾਂ ਵੀ ਬਹੁਤ ਜ਼ਰੂਰੀ ਹਨ, ਇਸ ਲਈ ਇਸ ਸਕੂਲ ਵਿੱਚ ਹਰ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ, ਖੇਡਾਂ ਦੇ ਨਾਲ ਬੱਚੇ ਤੰਦਰੁਸਤ ਰਹਿੰਦੇ ਹਨ।



# ਛਤਰਪਤੀ ਸ਼ਿਵਾਜੀ ਦੀ 346ਵੀਂ ਬਰਸੀ ਮਨਾਈ



ਫਾਜ਼ਿਲਕਾ, 4 ਅਪ੍ਰੈਲ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਏਕਲ ਫਾਊਂਡੇਸ਼ਨ ਆਫ ਇੰਡੀਆ ਦੇ ਤਹਿਤ ਚੱਲ ਰਹੇ ਏਕਲ ਵਿਦਿਆਲਿਆ ਦੇ ਫਾਜ਼ਿਲਕਾ ਬਲਾਕ ਵੱਲੋਂ ਦੇਸ਼ ਦੇ ਮਹਾਨ ਸਪੂਤ ਤੇ ਦੇਸ਼ ਭਗਤ ਛਤਰਪਤੀ ਸ਼ਿਵਾਜੀ ਦੀ 346ਵੀਂ ਬਰਸੀ 'ਤੇ ਉਨ੍ਹਾਂ ਨੂੰ ਨਮਨ ਕੀਤਾ ਗਿਆ। ਇਸ ਮੌਕੇ ਏਕਲ ਅਭਿਆਨ ਦੇ ਪੂਰਬੀ ਪੰਜਾਬ ਦੇ ਪ੍ਰਧਾਨ ਲੀਲਾਧਰ ਸ਼ਰਮਾ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਮੁਲਡੀ (ਚੇਅਰਮੈਨ ਖੱਤਰੀ ਸਭਾ), ਕੁਲਦੀਪ ਸਿੰਘ, ਚਰਨਜੀਤ ਸਿੰਘ, ਰਮੇਸ਼ ਕੁਮਾਰ, ਪਰਮਜੀਤ ਕੌਰ ਤੇ ਹੋਰਨਾਂ ਨੇ ਮਿਲ ਕੇ ਸ਼ਿਵਾਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪਾਰਕ ਵਿੱਚ ਪੌਦੇ ਲਗਾਏ।

# ਪੰਜਾਬ ਸਰਕਾਰ ਨੇ ਬੁਢਾਪਾ ਪੈਨਸ਼ਨ ਸਕੀਮ ਤਹਿਤ 3,806 ਕਰੋੜ ਰੁਪਏ ਜਾਰੀ ਕੀਤੇ: ਵਿਧਾਇਕ ਰਾਏ

ਸ੍ਰੀ ਫ਼ਤਹਿਗੜ੍ਹ ਸਾਹਿਬ, 4 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗ ਨਾਗਰਿਕਾਂ ਨੂੰ ਨਾ ਸਿਰਫ਼ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਮੰਨਦੀ ਹੈ, ਸਗੋਂ ਆਪਣੀ ਜੀਵੰਤ ਵਿਰਾਸਤ ਤੇ ਮਾਣ ਵੀ ਮੰਨਦੀ ਹੈ। ਰਾਜ ਸਰਕਾਰ ਨੇ ਵਿੱਤੀ ਸਾਲ 2025-26 ਦੌਰਾਨ ਜਨਵਰੀ 2026 ਤੱਕ ਬੁਢਾਪਾ ਪੈਨਸ਼ਨ ਯੋਜਨਾ ਤਹਿਤ 3,806 ਕਰੋੜ ਰੁਪਏ ਤੋਂ ਵੱਧ ਜਾਰੀ ਕਰਕੇ ਸਾਡੇ ਬਜ਼ੁਰਗ, ਸਾਡਾ ਮਾਣ ਦੇ ਨਾਅਰੇ ਨੂੰ ਅਮਲੀ ਰੂਪ ਦਿੱਤਾ ਹੈ। ਇਹ ਪ੍ਰਗਟਾਵਾ ਕਰਦਿਆਂ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਭਰ ਵਿੱਚ 23.62 ਲੱਖ ਤੋਂ ਵੱਧ ਯੋਗ ਬਜ਼ੁਰਗ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਸਕੀਮ ਅਧੀਨ ਨਿਯਮਤ ਤੌਰ 'ਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹਰੇਕ ਯੋਗ ਬਜ਼ੁਰਗ ਨਾਗਰਿਕਾਂ ਨੂੰ 1500 ਰੁਪਏ ਦੀ ਮਹੀਨਾਵਾਰ ਪੈਨਸ਼ਨ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਮਾਣ, ਸੁਰੱਖਿਆ ਤੇ ਆਜ਼ਾਦੀ ਨਾਲ ਜੀਅ ਸਕਣ।ਵਿਧਾਇਕ ਰਾਏ ਨੇ ਕਿਹਾ ਕਿ ਸਾਰੇ ਲਾਭਪਾਤਰੀਆਂ ਲਈ ਸਮੇਂ ਸਿਰ ਤੇ ਪਾਰਦਰਸ਼ੀ ਢੰਗ ਨਾਲ ਪੈਨਸ਼ਨਾਂ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੇ 4,100 ਕਰੋੜ ਰੁਪਏ ਦਾ ਬਜਟ ਉਪਬੰਧ ਰੱਖਿਆ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਕਿਸੇ ਵੀ ਬਜ਼ੁਰਗ ਨਾਗਰਿਕ ਨੂੰ ਆਪਣੀ ਯੋਗ ਸਹਾਇਤਾ ਪ੍ਰਾਪਤ ਕਰਨ ਵਿੱਚ ਕਿਸੇ ਵੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।



# ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਅਕੈਡਮੀ ਅਲਾਇੰਸ ਵਿਦ ਕੌਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿਖੇ ਨਵੇਂ ਵਿੱਦਿਅਕ ਸੈਸ਼ਨ ਦਾ ਸ਼ਾਨਦਾਰ ਆਗਾਜ਼

ਫਾਜ਼ਿਲਕਾ, 4 ਅਪ੍ਰੈਲ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਅਕੈਡਮੀ ਅਲਾਇੰਸ ਵਿਦ ਕੌਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ, ਹੀਰਾਂਵਾਲੀ ਵਿਖੇ ਨਵੇਂ ਵਿੱਦਿਅਕ ਸੈਸ਼ਨ 2026-27 ਦੀ ਸ਼ੁਰੂਆਤ ਉਤਸ਼ਾਹ ਤੇ ਖੁਸ਼ੀ ਨਾਲ ਕੀਤੀ ਗਈ। ਇਸ ਮੌਕੇ ਮਾਂ ਸਰਸਵਤੀ ਦੇ ਚਰਨਾਂ ਵਿੱਚ ਨਮਨ ਕਰਦਿਆਂ ਸਕੂਲ ਕੈਂਪਸ ਵਿੱਚ ਹਵਨ ਤੇ ਪੂਜਾ-ਪਾਠ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਸਕੂਲ ਪ੍ਰਬੰਧਕਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਵੱਧ-ਚੜ੍ਹ ਕੇ ਭਾਗ ਲਿਆ।ਸਕੂਲ ਦੇ ਚੇਅਰਮੈਨ ਗੌਰਵ ਝੀਂਝਾ, ਡੀ.ਪੀ.ਆਈ.ਐਸ. ਸਕੂਲ ਦੇ ਡਾਇਰੈਕਟਰ ਸੁਜੀਤ ਸਿੰਘ ਤੇ ਪ੍ਰਿੰਸੀਪਲ ਡਾ. ਸ਼ੀਨਮ ਨਾਗਪਾਲ ਨੇ ਵਿਧੀਵਤ ਰੂਪ ਵਿੱਚ ਪੂਜਾ-ਅਰਚਨਾ ਕੀਤੀ ਤੇ ਵਿਦਿਆਰਥੀਆਂ ਦੇ ਉਜਵੱਲ ਭਵਿੱਖ, ਸਿਹਤ ਤੇ ਵਧੀਆ ਸਿੱਖਿਆ ਲਈ ਅਰਦਾਸ ਕੀਤੀ। ਵਿਦਿਆਰਥੀਆਂ ਨੇ ਵੀ ਅਧਿਆਪਕਾਂ ਦੀ ਅਗਵਾਈ ਹੇਠ ਯੱਗ ਵਿੱਚ ਆਹੂਤੀਆਂ ਪਾ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਯੱਗ ਭਾਰਤੀ ਸੰਸਕ੍ਰਿਤੀ ਦਾ ਅਨਿੱਖੜਵਾਂ ਅੰਗ ਹੈ ਤੇ ਇਹ ਨਾ ਸਿਰਫ਼ ਵਾਤਾਵਰਨ ਨੂੰ ਸ਼ੁੱਧ ਕਰਦਾ ਹੈ, ਸਗੋਂ ਮਾਨਸਿਕ ਤੇ ਸਰੀਰਕ ਸ਼ੁੱਧੀ ਵਿੱਚ ਵੀ ਸਹਾਈ ਹੁੰਦਾ ਹੈ। ਯੱਗ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਸਕੂਲ ਦੇ ਚੇਅਰਮੈਨ ਗੌਰਵ ਝੀਂਝਾ ਨੇ ਕਿਹਾ ਕਿ ਕਿਸੇ ਵੀ ਸ਼ੁਭ ਕਾਰਜ ਦੇ ਸ਼ੁਰੂ ਵਿੱਚ ਯੱਗ ਕਰਨਾ ਬਹੁਤ ਫਲਦਾਇਕ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੰਪਰਾ ਵਿਦਿਆਰਥੀਆਂ ਨੂੰ ਸਾਡੀ ਪ੍ਰਾਚੀਨ ਵੈਦਿਕ ਸੰਸਕ੍ਰਿਤੀ ਨਾਲ ਜੋੜਨ ਵਿੱਚ ਸਹਾਈ ਸਿੱਧ ਹੁੰਦੀ ਹੈ। ਡੀ.ਪੀ.ਆਈ.ਐਸ. ਸਕੂਲ ਦੇ ਡਾਇਰੈਕਟਰ ਸੁਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਸੰਸਕਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ।



# ਮੰਤਰੀ ਅਰੋੜਾ ਨੇ ਲੁਧਿਆਣਾ 'ਚ 4.10 ਕਰੋੜ ਦੇ ਸੜਕੀ ਪ੍ਰੋਜੈਕਟ ਲਾਂਚ ਕੀਤੇ

ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ): ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਸਥਾਨਕ ਸਰਕਾਰਾਂ, ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਬਿਜਲੀ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਲੁਧਿਆਣਾ ਪੱਛਮੀ ਵਿੱਚ ਲੱਗਭੱਗ 8 ਕਿਲੋਮੀਟਰ ਦੀ ਲੰਬਾਈ ਵਾਲੇ 4.10 ਕਰੋੜ ਰੁਪਏ ਦੇ ਕਈ ਸੜਕ ਨਿਰਮਾਣ ਪ੍ਰੋਜੈਕਟ ਲਾਂਚ ਕੀਤੇ।



ਇਹ ਪ੍ਰੋਜੈਕਟ ਲੁਧਿਆਣਾ ਪੱਛਮੀ ਹਲਕੇ ਦੇ ਕਈ ਵਾਰਡਾਂ ਵਿੱਚ ਫੈਲੇ ਹੋਏ ਹਨ। ਇਨ੍ਹਾਂ ਵਿੱਚ ਲੱਗਭੱਗ 71 ਲੱਖ ਰੁਪਏ ਦੀ ਲਾਗਤ ਨਾਲ ਨਿਊ ਬੀਆਰਐਸ ਨਗਰ, ਸ਼ਾਮ ਨਗਰ ਅਤੇ ਨਿਊ ਸ਼ਾਮ ਨਗਰ (ਵਾਰਡ 56) ਵਿੱਚ ਗਲੀਆਂ ਦੀ ਉਸਾਰੀ ਸ਼ਾਮਲ ਹੈ। ਇਸ ਤੋਂ ਇਲਾਵਾ, ਰਾਜਗੁਰੂ ਨਗਰ ਦੇ ਬਲਾਕ-ਜੇ ਅਤੇ ਬਲਾਕ ਐਚ ਜੇ ਵਿੱਚ ਮੁੱਖ ਸੜਕਾਂ, ਲੋਧੀ ਕਲੱਬ ਤੋਂ ਨਾਮਦੇਵ ਚੌਕ ਤੱਕ ਸੜਕ, ਅਤੇ ਅੰਡਰਪਾਸ (ਵਾਰਡ 58) ਦੇ ਨੇੜੇ ਇੱਕ ਸਲਿੱਪਵੇਅ ਲਈ ਕੰਮ ਲੱਗਭੱਗ 96.89 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਪ੍ਰੋਜੈਕਟਾਂ ਵਿੱਚ ਲੋਧੀ ਕਲੱਬ ਦੇ ਨੇੜੇ ਬੀਆਰਐਸ ਨਗਰ (ਵਾਰਡ 57) ਦੇ ਬਲਾਕ-ਈ ਵਿੱਚ ?55.77 ਲੱਖ ਦੀ ਲਾਗਤ ਨਾਲ ਗਲੀਆਂ ਦੀ ਉਸਾਰੀ ਅਤੇ ਸਰਾਭਾ ਨਗਰ (ਵਾਰਡ 55) ਵਿੱਚ ਐਮਸੀ ਦੇ ਜ਼ੋਨ-ਡੀ ਦਫ਼ਤਰ ਨੂੰ ਫਿਰੋਜ਼ਪੁਰ ਰੋਡ ਨਾਲ ਜੋੜਨ ਵਾਲੀ ਮੁੱਖ ਸੜਕ ਦਾ ਵਿਕਾਸ ਸ਼ਾਮਲ ਹੈ ਜਿਸਦੀ ਅਨੁਮਾਨਤ ਲਾਗਤ ?73.08 ਲੱਖ ਹੈ। ਇੱਕ ਹੋਰ ਵੱਡੇ ਪ੍ਰੋਜੈਕਟ ਵਿੱਚ ਲੱਗਭੱਗ ?1.13 ਕਰੋੜ ਦੀ ਲਾਗਤ ਨਾਲ ਅਫਸਰ ਕਲੋਨੀ ਅਤੇ ਰੱਖ ਬਾਗ (ਵਾਰਡ 71) ਦੇ ਨਾਲ ਲੱਗਦੇ ਖੇਤਰਾਂ ਵਿੱਚ ਗਲੀਆਂ ਦੀ ਉਸਾਰੀ ਸ਼ਾਮਲ ਹੈ। ਅਰੋੜਾ ਨੇ ਅਧਿਕਾਰੀਆਂ ਨੂੰ ਸਾਰੇ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਣਵੱਤਾ ਦੇ ਮਿਆਰਾਂ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਘਟੀਆ ਕੰਮ ਦੇ ਦੋਸ਼ੀ ਪਾਏ ਗਏ ਠੇਕੇਦਾਰਾਂ ਨੂੰ ਬਲੈਕਲਿਸਟ ਕੀਤਾ ਜਾਵੇਗਾ, ਅਤੇ ਜ਼ੋਰ ਦਿੱਤਾ ਕਿ ਠੇਕੇਦਾਰ ਤਿੰਨ ਸਾਲਾਂ ਲਈ ਸੜਕਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਹੋਣਗੇ। ਮਾਨਯੋਗ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ, ਮੰਤਰੀ ਨੇ ਕਿਹਾ ਕਿ ਪੰਜਾਬ ਇੱਕ ਜੀਵੰਤ 'ਰੰਗਲਾ ਪੰਜਾਬ' ਬਣਾਉਣ ਵੱਲ ਲਗਾਤਾਰ ਅੱਗੇ ਵੱਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਜ ਵਿੱਚ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਇਸ ਸਮੇਂ ਲੱਗਭੱਗ ?1300 ਕਰੋੜ ਦੇ ਪ੍ਰੋਜੈਕਟ ਚਲਾਏ ਜਾ ਰਹੇ ਹਨ। ਇਸ ਤੋਂ ਇਲਾਵਾ, ਲੋਕ ਨਿਰਮਾਣ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਰਗੇ ਵਿਭਾਗ ਵੀ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰ ਰਹੇ ਹਨ। ਉਦਘਾਟਨ ਦੌਰਾਨ, ਮੰਤਰੀ ਦੇ ਨਾਲ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਨਗਰ ਨਿਗਮ ਕਮਿਸ਼ਨਰ ਡਾ. ਨੀਰੂ ਕਤਿਆਲ ਗੁਪਤਾ, ਨਗਰ ਨਿਗਮ ਦੇ ਸੀਨੀਅਰ ਅਧਿਕਾਰੀ, ਚੁਣੇ ਹੋਏ ਨੁਮਾਇੰਦੇ ਅਤੇ ਪ੍ਰਮੁੱਖ ਨਾਗਰਿਕ ਮੌਜੂਦ ਸਨ।

# ਵਿਧਾਇਕ ਗਰੇਵਾਲ ਵੱਲੋਂ ਸੀਵਰੇਜ ਕਾਰਜਾਂ ਦਾ ਉਦਘਾਟਨ

ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਅੱਜ ਵਾਰਡ ਨੰਬਰ 2 ਅਧੀਨ ਨੂਰਵਾਲਾ ਰੋਡ ਵਿਖੇ ਕਰੀਬ 1.26 ਕਰੋੜ ਦੀ ਲਾਗਤ ਨਾਲ ਸੀਵਰੇਜ ਦੇ ਨਵੇਂ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਇਲਾਕਾ ਨਿਵਾਸੀਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਵਸਨੀਕਾਂ ਵੱਲੋਂ ਪਿਛਲੇ ਸਮੇਂ ਦੌਰਾਨ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਮੰਗ ਕੀਤੀ ਜਾ ਰਹੀ ਸੀ ਕਿ ਉਹਨਾਂ ਦੇ ਇਲਾਕੇ ਵਿੱਚ ਬਰਸਾਤਾਂ ਦੇ ਮੌਕੇ ਓਵਰਫਲੋ ਕਾਰਨ ਇਲਾਕੇ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਸੋ ਇਸ ਮੁਸ਼ਕਿਲ ਨੂੰ ਦੇਖਦੇ ਹੋਏ ਸੀਵਰੇਜ ਦੀਆਂ ਪਾਈਪਾਂ ਨੂੰ ਦੁਬਾਰਾ ਤੋਂ ਪਾਇਆ ਜਾ ਰਿਹਾ ਹੈ, ਤਾਂ ਜੋ ਇਲਾਕਾ ਨਿਵਾਸੀਆਂ ਨੂੰ ਰਾਹਤ ਮਿਲ ਸਕੇ। ਵਿਧਾਇਕ ਗਰੇਵਾਲ ਨੇ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਇਸ ਮੰਗ ਨੂੰ ਪੂਰਾ ਕਰਦੇ ਹੋਏ ਅੱਜ ਸੀਵਰੇਜ ਦੀਆਂ ਨਵੀਆਂ ਪਾਈਪਾਂ ਪਾਉਣ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਜਿਸ ਨੂੰ ਤੈਅ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।



ਉਹਨਾਂ ਕਿਹਾ ਕਿ ਇਹਨਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਇਲਾਕਾ ਨਿਵਾਸੀਆਂ ਨੂੰ ਆ ਰਹੀ ਮੁਸ਼ਕਿਲ ਤੋਂ ਛੁਟਕਾਰਾ ਮਿਲੇਗਾ। ਵਿਧਾਇਕ ਗਰੇਵਾਲ ਨੇ ਕਿਹਾ ਕਿ ਹਲਕਾ ਪੂਰਬੀ ਦੇ ਹਰ ਵਾਰਡ ਵਿੱਚ ਕਰੀਬ 90 ਫੀਸਦੀ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਬਾਕੀ ਰਹਿੰਦੇ ਕਾਰਜਾਂ ਨੂੰ ਵੀ 100 ਫੀਸਦੀ ਮੁਕੰਮਲ ਕਰ ਹਲਕਾ ਪੂਰਬੀ ਨੂੰ ਵਿਕਾਸ ਪੱਖੋਂ ਪਹਿਲੇ ਸਥਾਨ 'ਤੇ ਲਿਆਂਦਾ ਜਾਵੇਗਾ। ਵਿਧਾਇਕ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਸੂਬੇ ਦੇ ਵਸਨੀਕਾਂ ਨੂੰ ਹਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾ ਕੇ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਵਾਉਣਾ ਹੈ। ਇਸ ਮੌਕੇ ਵਾਰਡ ਨੰਬਰ 2 ਇੰਚਾਰਜ ਸੁਰਿੰਦਰ ਮਜਨ, ਵਾਰਡ ਨੰਬਰ 3 ਦੇ ਇੰਚਾਰਜ ਜਸਵਿੰਦਰ ਸੰਧੂ, ਵਾਰਡ ਨੰਬਰ 4 ਦੇ ਇੰਚਾਰਜ ਸੰਜੀਵ ਬਾਬੂ ਸ਼ਰਮਾ, ਰਾਜ ਗਰੇਵਾਲ, ਵਰਿੰਦਰ ਪਾਂਡੇ, ਮਹਾਂਵੀਰ ਸਿਸੋਦੀਆ, ਮਨਜੀਤ ਸਿੰਘ, ਹਕੀਕਤ ਭਾਟੀਆ, ਸੰਨੀ ਸਹਾਰਨ, ਵਿਜੇ ਕੁਮਾਰ, ਗਗਨ ਕੁਮਾਰ, ਹਰਪ੍ਰੀਤ ਬਾਮੜਾ, ਸੁੱਚਾ ਸਿੰਘ ਫਾਮ ਬੜਾ, ਰਾਜਵੀਰ ਸਿੰਘ, ਦਲਜੀਤ ਘੁਰਾ, ਅਨਿਲ ਵਿਨਾਇਕ, ਰੋਮੀ ਵਰਮਾ, ਰਕੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਬਲੌਸਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦੇ ਨਵੇਂ ਸੈਸ਼ਨ ਲਈ ਸਵਾਗਤ ਆਰੰਭਤਾ



ਜਗਰਾਓਂ, 4 ਅਪ੍ਰੈਲ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਬਲੌਸਮਜ਼ ਕਾਨਵੈਂਟ ਸਕੂਲ ਵੱਲੋਂ ਨਵੇਂ ਸੈਸ਼ਨ ਦੀ ਆਰੰਭਤਾ 'ਤੇ ਵਿਦਿਆਰਥੀਆਂ ਨੂੰ ਜੀ ਆਇਆ ਆਖਦੇ ਉਹਨਾਂ ਦਾ ਅਗਲੇਰੀਆਂ ਜਮਾਤਾਂ ਵਿਚ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਸਾਰੇ ਹੀ ਵਿਦਿਆਰਥੀ ਬਹੁਤ ਹੀ ਚਾਅ ਅਤੇ ਨਵੀ ਉਮੀਦ ਨਾਲ ਸਕੂਲ ਪਹੁੰਚੇ ਤੇ ਫੁੱਲਾਂ ਦੀ ਵਰਖਾ ਨਾਲ ਹੋਏ ਸਵਾਗਤ ਦਾ ਖੁਸ਼ੀ ਨਾਲ ਆਨੰਦ ਮਾਣਿਆ। ਇਸ ਖੁਸ਼ੀ ਦੇ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ:ਨਵਨੀਤ ਕੌਰ ਕਿਹਾ ਕਿ ਸਕੂਲ ਭਵਿੱਖ ਨੂੰ ਸੰਵਾਰਨ ਦਾ ਸਥਾਨ ਹੁੰਦਾ ਹੈ। ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਸੀਂ ਹਮੇਸ਼ਾ ਉਹਨਾਂ ਦੀ ਸੋਚ ਤੇ ਉਮੀਦਾਂ ਨੂੰ ਪਹਿਲ ਦਿੰਦੇ ਹਾਂ। ਅਸੀਂ ਨਵੇਂ ਸੈਸ਼ਨ ਤੇ ਇਹਨਾਂ ਨੂੰ ਨਵੀਂ ਸੋਚ ਨਾਲ ਅੱਗੇ ਦੀਆਂ ਜਮਾਤਾਂ ਲਈ ਤਿਆਰੀ ਸ਼ੁਰੂ ਕਰਵਾ ਰਹੇ ਹਾਂ ਤਾਂ ਜੋ ਆਉਣ ਵਾਲੇ ਸਾਲਾਂ ਵਿਚ ਚੰਗੇ ਨਤੀਜੇ ਸਾਹਮਣੇ ਆਉਣ ਅਤੇ ਉਨ੍ਹਾਂ ਦਾ ਸਰਵ-ਪੱਖੀ ਵਿਕਾਸ ਵੀ ਹੋ ਸਕੇ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸ:ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਮਾਪਿਆਂ ਨੂੰ ਵਿਸਵਾਸ਼ ਦਿਵਾਉਂਦੇ ਹਾਂ ਕਿ ਅਸੀਂ ਵਿਦਿਆਰਥੀਆਂ ਦੇ ਭਵਿੱਖ ਨੂੰ ਉਜਵਲ ਕਰਨ ਲਈ ਵਚਨਬੱਧ ਹਾਂ।

# ਮੰਤਰੀ ਮੁੰਡੀਆਂ 'ਤੇ ਸੌਂਦ ਵੱਲੋਂ ਬੀ.ਡੀ.ਪੀ.ਓ ਦਫ਼ਤਰ ਦਾ ਉਦਘਾਟਨ

ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ): ਪੰਜਾਬ ਸਰਕਾਰ ਵੱਲੋਂ ਬਲਾਕ ਕੂੰਮ ਕਲਾਂ ਨਵਾਂ ਬਣਾਇਆ ਗਿਆ ਹੈ। ਇਸ ਬਲਾਕ ਦਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ (ਬੀ.ਡੀ.ਪੀ.ਓ) ਕੂੰਮ ਕਲਾਂ ਦਾ ਦਫਤਰ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ 'ਤੇ ਖੋਲ੍ਹਿਆ ਗਿਆ ਹੈ। ਇਸ ਦਫਤਰ ਦਾ ਉਦਘਾਟਨ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੇ ਕੀਤਾ। ਹਲਕਾ ਸਾਹਨੇਵਾਲ ਦੇ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੀ ਵਰਸੋਈ ਪਵਿੱਤਰ ਧਰਤੀ 'ਤੇ ਪੰਜਾਬ ਸਰਕਾਰ ਵੱਲੋਂ ਬੀ.ਡੀ.ਪੀ.ਓ ਦਫਤਰ ਕੂੰਮ ਕਲਾਂ ਖੋਲ੍ਹਣ 'ਤੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਹਿਲਾਂ ਪੰਚਾਇਤਾਂ ਨੂੰ ਪਿੰਡ ਦੇ ਕੰਮਾਂ ਲਈ ਲੁਧਿਆਣੇ ਜਾਣਾ ਪੈਂਦਾ ਸੀ, ਪਰ ਹੁਣ ਨਵਾਂ ਬਲਾਕ ਕੂੰਮ ਕਲਾਂ ਬਣਨ ਨਾਲ ਪੰਚਾਇਤਾਂ ਨੂੰ ਕੰਮ ਕਰਵਾਉਣ ਵਿੱਚ ਸੌਖ ਹੋਵੇਗੀ ਅਤੇ ਸਮੇਂ ਦੀ ਬੱਚਤ ਵੀ ਹੋਵੇਗੀ। ਉਨ੍ਹਾਂ ਬੀ.ਡੀ.ਪੀ.ਓ ਕੂੰਮ ਕਲਾਂ ਰਾਜਵਿੰਦਰ ਸਿੰਘ ਨੂੰ ਕਿਹਾ ਕਿ ਬਲਾਕ ਕੂਮ ਕਲਾਂ ਦੇ ਵਿਕਾਸ ਨਾਲ ਸਬੰਧਿਤ ਜਿੰਨੇ ਵੀ ਪੈਂਡਿੰਗ ਕੰਮ ਹਨ, ਉਹਨਾਂ ਨੂੰ ਜਲਦੀ ਤੋਂ ਜਲਦੀ ਕੀਤਾ ਜਾਵੇ ਤਾਂ ਜੋ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਲਾਭ ਦਿੱਤਾ ਜਾ ਸਕੇ।



ਉਨ੍ਹਾਂ ਕਿਹਾ ਕਿ ਬਲਾਕ ਕੂੰਮ ਕਲਾਂ ਦੀਆਂ ਸਾਰੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਜਿਹੜੀਆਂ ਬਲਾਕ ਸੰਮਤੀ ਦੀਆਂ ਗਰਾਂਟਾਂ ਹੋਣਗੀਆਂ ਉਹ ਚੇਅਰਮੈਨ ਬਲਾਕ ਸੰਮਤੀ ਕੂੰਮ ਕਲਾਂ ਗੁਰਪ੍ਰੀਤ ਸਿੰਘ ਗੋਪੀ ਸਬੰਧਿਤ ਪੰਚਾਇਤਾਂ ਨੂੰ ਜਲਦ ਮੁਹੱਈਆ ਕਰਵਾਉਣਗੇ ਤਾਂ ਜੋ ਇਸ ਬਲਾਕ ਕੂੰਮ ਕਲਾਂ ਅਤੇ ਸਾਹਨੇਵਾਲ ਹਲਕੇ ਦਾ ਵਿਕਾਸ ਹੋ ਸਕੇ। ਉਹਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਲਕਾ ਸਾਹਨੇਵਾਲ ਦੇ ਵਿਕਾਸ ਕਾਰਜਾਂ ਲਈ ਜਿੰਨੇ ਵੀ ਫੰਡ ਮੰਗੇ ਗਏ ਹਨ ਉਹ ਤੁਰੰਤ ਮੁਹੱਈਆ ਕਰਵਾਏ ਗਏ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਪੰਜਾਬ ਦੇ ਜੋ ਬਲਾਕ ਸਨ ਉਨ੍ਹਾਂ ਵਿੱਚ ਬਹੁਤ ਵੱਡੀ ਮੁਸ਼ਕਿਲ ਸੀ, ਉਦਾਹਰਨ ਲਈ ਮੰਨ ਲਓ ਕਿਸੇ ਇੱਕ ਹਲਕੇ ਵਿੱਚ 60 ਪਿੰਡ ਸਨ, ਉਨ੍ਹਾਂ ਵਿੱਚੋਂ 40 ਪਿੰਡ ਇੱਕ ਬਲਾਕ ਵਿੱਚ ਪੈ ਜਾਂਦੇ ਸਨ ਅਤੇ ਬਾਕੀ 20 ਪਿੰਡ ਕਿਸੇ ਹੋਰ ਬਲਾਕ ਵਿੱਚ ਪੈ ਜਾਂਦੇ ਸਨ। ਜਿਸ ਕਰਕੇ ਉਹਨਾਂ ਪਿੰਡਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਸੀ। ਇਹ ਬਹੁਤ ਵੱਡੀ ਸਮੱਸਿਆ ਸੀ। ਜਦੋਂ ਤੋਂ ਇਹ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਮੇਰੇ ਕੋਲ ਆਇਆ ਤਾਂ ਮੈਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕੀਤੀ ਕਿ ਜੋ ਪਿੰਡ ਦੂਸਰੇ ਬਲਾਕਾਂ ਵਿੱਚ ਚਲੇ ਜਾਂਦੇ ਹਨ, ਨਾ ਤਾਂ ਉਹਨਾਂ ਨੂੰ ਰੁਪਇਆ ਪਹੁੰਚਦਾ ਹੈ ਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਉਹਨਾਂ ਵੱਲ ਕੋਈ ਧਿਆਨ ਦੇ ਪਾਉਂਦੇ ਹਨ। ਉਸੇ ਵੇਲੇ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਨੂੰ ਆਦੇਸ਼ ਦਿੱਤੇ ਕਿ ਪ੍ਰਪੋਜ਼ਲ ਬਣਾ ਕੇ ਲੈ ਕੇ ਆਓ, ਕੈਬਨਿਟ ਵਿੱਚ ਲਿਜਾ ਕੇ ਇਸ ਨੂੰ ਪ੍ਰਵਾਨਗੀ ਦੇਵਾਂਗੇ ਅਤੇ ਸਾਰੇ ਬਲਾਕਾਂ ਦੀ ਵੰਡ ਹਲਕਾ ਵਾਈਜ਼ ਕਰਾਂਗੇ। ਸ਼ੋ ਪੂਰੇ ਪੰਜਾਬ ਦੇ ਬਲਾਕ ਹਲਕਾ ਵਾਈਜ਼ ਬਣਾਏ ਗਏ ਹਨ। ਸਬੰਧਤ ਸਾਰੀਆਂ ਮਨਜ਼ੂਰੀਆਂ ਅਤੇ ਕਲੈਰੀਫਿਕੇਸ਼ਨਾਂ ਲੈ ਕੇ ਕੈਬਨਿਟ ਵਿੱਚ ਇਸ ਨੂੰ ਪਾਸ ਕਰਕੇ ਲਾਗੂ ਕੀਤਾ ਗਿਆ ਹੈ। ਇਸੇ ਤਹਿਤ ਕੂੰਮ ਕਲਾਂ ਬਲਾਕ ਵੀ ਨਵਾਂ ਬਣਿਆ ਹੈ। ਜਦੋਂ ਇਹ ਬਲਾਕ ਨਹੀਂ ਸੀ ਤਾਂ ਲੋਕਾਂ ਨੂੰ ਕੰਮ ਕਰਵਾਉਣ ਲਈ ਲੁਧਿਆਣੇ ਜਾਣਾ ਪੈਂਦਾ ਸੀ, ਜਿਸ ਨਾਲ ਲੋਕਾਂ ਦੀ ਬਹੁਤ ਖੱਜਲ ਖੁਆਰੀ ਹੁੰਦੀ ਸੀ ਪਰ ਇਸ ਬਲਾਕ ਦੇ ਬਣਨ ਨਾਲ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਲੋਕਾਂ ਦੀਆਂ ਰੋਜ਼ਮਰਾ ਦੀਆਂ ਪਰੇਸ਼ਾਨੀਆਂ ਦਾ ਹੱਲ ਇਸ ਬਲਾਕ ਦੇ ਬੀ.ਡੀ.ਪੀ.ਓ ਦਫਤਰ ਵਿੱਚ ਹੀ ਹੋ ਜਾਇਆ ਕਰੇਗਾ। ਸੋ ਆਉਣ ਵਾਲੇ ਸਮੇਂ ਵਿੱਚ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਚਾਇਤ ਵਿਭਾਗ ਦੇ ਕੀਤੇ ਕੰਮਾਂ ਨੂੰ ਯਾਦ ਕਰਨਗੇ। ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਪੱਖੀ ਨੀਤੀਆਂ ਦੀ ਸਰਕਾਰ ਹੈ। ਇਸ ਮੌਕੇ ਨਾਮਧਾਰੀ ਜਗਤ ਦੇ ਸਿਰਕੱਢ ਆਗੂ, ਬੀ.ਡੀ.ਪੀ.ਓ ਕੂੰਮ ਕਲਾਂ ਰਾਜਵਿੰਦਰ ਸਿੰਘ, ਚੇਅਰਮੈਨ ਬਲਾਕ ਸੰਮਤੀ ਕੂੰਮ ਕਲਾਂ ਗੁਰਪ੍ਰੀਤ ਸਿੰਘ ਗੋਪੀ, ਵਾਈਸ ਚੇਅਰਮੈਨ ਰਮਨਪ੍ਰੀਤ ਕੌਰ, ਚੇਅਰਮੈਨ ਬਲਾਕ ਸੰਮਤੀ ਲੁਧਿਆਣਾ-2 ਦਰਸ਼ਨ ਸਿੰਘ ਮਾਹਲਾ, ਹਲਕਾ ਸੰਗਠਨ ਇੰਚਾਰਜ ਸਾਹਨੇਵਾਲ ਤੇਜਿੰਦਰ ਸਿੰਘ ਮਿੱਠੂ, ਕੌਂਸਲਰ ਜਸਪਾਲ ਸਿੰਘ ਗਰੇਵਾਲ, ਪ੍ਰਧਾਨ ਬਲਵਿੰਦਰ ਸਿੰਘ, ਸਰਪੰਚ ਗੁਰਦੇਵ ਸਿੰਘ ਜਾਲਖੇੜੀ, ਸਰਪੰਚ ਬਹਾਦਰ ਸਿੰਘ, ਸਾਬਕਾ ਸਰਪੰਚ ਸਰਬਜੀਤ ਸਿੰਘ, ਜਸਵਿੰਦਰ ਸਿੰਘ, ਨਿੱਕਾ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ, ਕੁਲਦੀਪ ਸਿੰਘ, ਕੁਲਦੀਪ ਐਰੀ, ਇਕਬਾਲ ਸਿੰਘ ਜੰਡਿਆਲੀ, ਸੋਢੀ ਕਟਾਣੀ, ਪ੍ਰਧਾਨ ਰਾਜ ਕੁਮਾਰ ਵਰਮਾ, ਸਰਪੰਚ ਰਵਿੰਦਰ ਸਿੰਘ ਰਾਜੂ ਗਰੇਵਾਲ, ਅਮਨ ਕਟਾਣੀ, ਗੁਰਦੇਵ ਸਿੰਘ ਚੀਮਾ, ਸਨੀ ਕਟਾਣੀ ਤੋਂ ਇਲਾਵਾ ਵੱਡੀ ਗਿਣਤੀ ਹਲਕਾ ਸਾਹਨੇਵਾਲ ਅਤੇ ਬਲਾਕ ਕੂੰਮ ਕਲਾਂ ਦੇ ਸਰਪੰਚ ਅਤੇ ਪੰਚਾਇਤ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਭਗਵਾਨ ਹਨੂੰਮਾਨ ਜੀ ਦੇ ਜਨਮ ਦਿਵਸ ਦੀ ਯਾਦ ਵਿੱਚ ਮਾਂ ਬਗਲਾਮੁਖੀ ਧਾਮ ਵਿਖੇ ਯੱਗ

## ਭਗਵਾਨ ਹਨੂੰਮਾਨ ਜੀ ਦੇ ਚਰਨਾਂ ਵਿੱਚ ਸਿਰਫ਼ ਮੱਥਾ ਟੇਕਣ ਨਾਲ ਹੀ ਸੰਸਾਰਿਕ ਮੁਸੀਬਤਾਂ ਤੋਂ ਛੁਟਕਾਰਾ ਮਿਲਦੈ : ਮਹੰਤ ਪ੍ਰਵੀਨ ਚੌਧਰੀ



ਲੁਧਿਆਣਾ, 4 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਭਗਵਾਨ ਹਨੂੰਮਾਨ ਜੀ ਦੇ ਜਨਮ ਦਿਵਸ ਦੀ ਯਾਦ ਵਿੱਚ ਪੱਖੋਵਾਲ ਰੋਡ ਸਥਿਤ ਮਾਂ ਬਗਲਾਮੁਖੀ ਧਾਮ ਵਿਖੇ ਇੱਕ ਵਿਸ਼ੇਸ਼ ਹਵਨ (ਅਗਨੀ ਬਲੀ) ਦਾ ਆਯੋਜਨ ਕੀਤਾ ਗਿਆ। ਮਹੰਤ ਪ੍ਰਵੀਨ ਚੌਧਰੀ ਦੀ ਮੌਜੂਦਗੀ ਵਿੱਚ, ਮੇਜ਼ਬਾਨ ਪਰਿਵਾਰਾਂ ਨੇ ਭੇਟਾਂ ਚੜ੍ਹਾਈਆਂ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤੋਂ ਪਹਿਲਾਂ, ਧਾਮ ਦੇ ਮੈਂਬਰਾਂ ਨੇ ਭਗਵਾਨ ਬਾਲਾ ਜੀ ਨੂੰ ਬਹੁਤ ਧੂਮਧਾਮ ਨਾਲ ਸਜਾਇਆ ਅਤੇ ਆਰਤੀ ਕੀਤੀ। ਭਜਨ ਗਾਇਕਾਂ ਨੇ ਕੀਰਤਨ ਗਾਏ ਅਤੇ ਭਗਵਾਨ ਬਾਲਾ ਜੀ ਦੀ ਉਸਤਤ ਕਰਨ ਵਾਲੇ ਭਜਨਾਂ ਦੀਆਂ ਸੁਰੀਲੀਆਂ ਧੁਨਾਂ 'ਤੇ ਸ਼ਰਧਾਲੂਆਂ ਨੇ ਭਗਵਾਨ ਅੰਜਲੀ ਦੇ ਚਰਨਾਂ ਵਿੱਚ ਪ੍ਰਾਰਥਨਾ ਕੀਤੀ, ਆਪਣੀਆਂ ਸਮੱਸਿਆਵਾਂ ਦੇ ਸੁਧਾਰ ਲਈ ਪ੍ਰਾਰਥਨਾ ਕੀਤੀ। ਮਹੰਤ ਪ੍ਰਵੀਨ ਚੌਧਰੀ ਨੇ ਭਗਵਾਨ ਬਾਲਾਜੀ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਚਰਨਾਂ ਵਿੱਚ ਸਿਰਫ਼ ਮੱਥਾ ਟੇਕਣ ਨਾਲ ਹੀ ਸੰਸਾਰਿਕ ਮੁਸੀਬਤਾਂ ਤੋਂ ਰਾਹਤ ਮਿਲਦੀ ਹੈ। ਯੱਗ ਦੀ ਸਮਾਪਤੀ ਆਰਤੀ ਨਾਲ ਹੋਈ। ਭਗਵਾਨ ਬਾਲਾ ਜੀ ਨੂੰ ਚੜ੍ਹਾਏ ਗਏ ਲੱਡੂ ਪ੍ਰਸ਼ਾਦ ਵਜੋਂ ਵੰਡੇ ਗਏ। ਇਸ ਮੌਕੇ ਮਨਪ੍ਰੀਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਪਰਮਵੀਰ ਚੌਧਰੀ, ਸੰਦੀਪ ਸੂਦ, ਸੁਨੀਲ ਹਾਂਡਾ, ਨਰਿੰਦਰ ਸਿੰਗਲਾ, ਇਕਬਾਲ ਸਿੰਘ, ਬਲਜੀਤ ਸਿੰਘ ਤ੍ਰਿਖਾ, ਬਲਜੀਤ ਸਿੰਘ ਆਦਿ ਹਾਜ਼ਰ ਸਨ। ਚੌਧਰੀ, ਅੰਕੁਸ਼ ਸਿੰਗਲਾ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਰਮਨ ਸ਼ਰਮਾ, ਅਦਿੱਤਿਆ ਗੁਪਤਾ, ਵਰੁਣ ਚੋਪੜਾ, ਤੁਸ਼ਾਰ ਬਾਂਸਲ, ਧੀਰਜ ਗੁਪਤਾ, ਜਨਕ ਪੰਕਜ, ਜਨਕ ਰਾਜ ਸਿੰਘ, ਬੌਸ਼ਰਾਜ ਸਿੰਘ, ਜਨਾਬ ਰਾਕੀ, ਸ.ਗੁਨੀਤ ਖਹਿਰਾ, ਅਜੈ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੁਪਿੰਦਰ ਸਿੰਘ, ਵੇਦ ਲੂਥਰਾ, ਸੁਨੀਲ ਹਾਂਡਾ, ਵਰੁਣ ਸ਼ਰਮਾ, ਪਵਨ ਪਾਰਿਕ, ਅਨੁਜ ਵਧਵਾ, ਆਸ਼ੂਤੋਸ਼, ਪ੍ਰਦੀਪ ਟਾਟਾ ਤੇ ਹੋਰ ਵੀ ਮੌਜੂਦ ਸਨ।

# ਚੇਤਨ ਛਾਬੜਾ ਨੇ ਪੂਲ ਚੈਂਪੀਅਨਸ਼ਿਪ 'ਚ ਬਣਾਇਆ ਦਬਦਬਾ



ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ): ਮਨੀਸ਼ਾ ਕੰਸਟਰਕਸ਼ਨਜ਼ ਨੈਸ਼ਨਲ ਪੂਲ ਚੈਂਪੀਅਨਸ਼ਿਪ 2026 ਵਿੱਚ ਜ਼ੋਰਦਾਰ ਮੁਕਾਬਲੇ ਜਾਰੀ ਰਹੇ। ਪੁਰਸ਼ਾਂ ਦੇ 10-ਬਾਲ 'ਆਖਰੀ 16' ਰਾਊਂਡ ਵਿੱਚ ਕੁਝ ਖਿਡਾਰੀਆਂ ਨੇ ਕੁਝ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤੇ, ਜਦੋਂ ਕਿ ਕੁਝ ਵੱਡੇ ਉਲਟਫੇਰ ਵੀ ਹੋਏ; ਇਸ ਦੌਰਾਨ, ਔਰਤਾਂ ਦਾ 10-ਬਾਲ 'ਡਬਲ ਐਲੀਮੀਨੇਸ਼ਨ' ਪੜਾਅ ਹੁਣ ਸੈਮੀਫਾਈਨਲ ਲਾਈਨਅੱਪ ਦੇ ਨੇੜੇ ਆ ਗਿਆ ਹੈ। ਚੇਤਨ ਛਾਬੜਾ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ ਸਭ ਤੋਂ ਖਾਸ ਇਸ ਰਾਊਂਡ ਦੇ ਸ਼ਾਨਦਾਰ ਪ੍ਰਦਰਸ਼ਨਾਂ ਵਿੱਚੋਂ ਇੱਕ ਚੇਤਨ ਛਾਬੜਾ (ਤੇਲੰਗਾਨਾ) ਦਾ ਸੀ, ਜਿਨ੍ਹਾਂ ਨੇ ਧਰੁਵ ਵਰਮਾ (ਪੰਜਾਬ) 'ਤੇ ਇੱਕਪਾਸੜ 8-1 ਦੀ ਜਿੱਤ ਦਰਜ ਕੀਤੀ। ਇੱਕ ਪੂਰੀ ਤਰ੍ਹਾਂ ਇੱਕ ਪਾਸੜ ਮੁਕਾਬਲੇ ਵਿੱਚ, ਛਾਬੜਾ ਨੇ ਸ਼ੁਰੂਆਤ ਤੋਂ ਹੀ ਮੈਚ 'ਤੇ ਪੂਰਾ ਕੰਟਰੋਲ ਬਣਾਈ ਰੱਖਿਆ। ਉਨ੍ਹਾਂ ਨੇ ਆਪਣੇ ਵਿਰੋਧੀ ਨੂੰ ਇੱਕ ਸੰਜਮੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ। ਦਿਵਿਆ ਸ਼ਰਮਾ ਨੇ ਇੱਕ ਰੋਮਾਂਚਕ ਮੁਕਾਬਲੇ ਵਿੱਚ ਨਿਤਿਨ ਸ਼ਰਮਾ ਨੂੰ ਹਰਾਇਆ ਇਸ ਦੌਰ ਦੇ ਸਭ ਤੋਂ ਵੱਡੇ ਉਲਟਫੇਰਾਂ ਵਿੱਚੋਂ ਇੱਕ ਵਿੱਚ, ਦਿਵਿਆ ਸ਼ਰਮਾ (ਹਰਿਆਣਾ) ਨੇ ਨਿਤਿਨ ਸ਼ਰਮਾ (ਚੰਡੀਗੜ੍ਹ), ਜੋ ਕਿ 9-ਬਾਲ ਵਿੱਚ ਭਾਰਤ ਦੀ ਮੌਜੂਦਾ ਨੰਬਰ 2 ਖਿਡਾਰੀ ਹਨ, ਨੂੰ ਇੱਕ ਰੋਮਾਂਚਕ ਨੇੜਲੇ ਮੁਕਾਬਲੇ ਵਿੱਚ 8-7 ਨਾਲ ਹਰਾਇਆ। ਮੈਚ ਆਖਰੀ ਫਰੇਮ ਤੱਕ ਗਿਆ, ਦਿਵਿਆ ਨੇ ਟੂਰਨਾਮੈਂਟ ਦੇ ਚੋਟੀ ਦੇ ਦਾਅਵੇਦਾਰਾਂ ਵਿੱਚੋਂ ਇੱਕ ਨੂੰ ਬਾਹਰ ਕਰਨ ਦੇ ਦਬਾਅ ਦੇ ਬਾਵਜੂਦ ਆਪਣਾ ਸੰਜਮ ਬਣਾਈ ਰੱਖਿਆ।

# ਲੋਕ ਇਨਸਾਫ਼ ਮੰਚ ਵੱਲੋਂ ਫਿਲੌਰ ਦੇ ਮਾਤਾ ਕਲਸਾ ਨਗਰ ਦੇ ਉਜਾੜੇ ਨੂੰ ਰੋਕਣ ਲਈ ਸੰਘਰਸ਼ ਦਾ ਐਲਾਨ

## ਭਲਕੇ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਕੀਤਾ ਜਾਵੇਗਾ ਐਲਾਨ : ਜਰਨੈਲ ਫਿਲੌਰ



ਫਿਲੌਰ, 4 ਅਪ੍ਰੈਲ (ਅਜੇ ਸਿੰਘ ਨਾਗੀ): ਬੀਤੇ 40 ਸਾਲਾਂ ਤੋਂ ਫ਼ਿਲੌਰ ਵਿਚ ਵਸੇ ਮਾਤਾ ਕਲਸਾ ਨਗਰ ਨੂੰ ਢਹਿ ਢੇਰੀ ਕਰਨ ਲਈ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਜਿਸ ਕਾਰਨ ਓਥੇ ਵਸੇ ਲੋਕ ਤੇ ਦੁਕਾਨਦਾਰ ਕਾਫੀ ਚਿੰਤਿਤ ਹਨ। ਲੋਕ ਇਨਸਾਫ਼ ਮੰਚ ਤਹਸੀਲ ਫ਼ਿਲੌਰ ਦੇ ਆਗੂਆਂ ਵੱਲੋਂ ਮਾਤਾ ਕਲਸਾ ਨਗਰ ਦਾ ਉਜਾੜਾ ਰੋਕਣ ਲਈ ਸੰਘਰਸ਼ ਕਰਨ ਲਈ ਮਿਤੀ 06 ਅਪ੍ਰੈਲ ਨੂੰ ਹੰਗਾਮੀ ਮੀਟਿੰਗ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਵਿਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪਰਸ਼ੋਤਮ ਫ਼ਿਲੌਰ ਅਤੇ ਮਾਸਟਰ ਹੰਸ ਰਾਜ, ਲਾਡੀ ਮਹਿਸਮਪੁਰ ਨੇ ਕਿਹਾ ਕੇ ਕਿਸੇ ਵੀ ਕੀਮਤ 'ਤੇ ਮਾਤਾ ਕਲਸਾ ਨਗਰ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ਼ ਲੈਕੇ ਸੰਘਰਸ਼ ਕੀਤਾ ਜਾਵੇਗਾ। ਇਸ ਸਮੇਂ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕਿਹਾ ਕਿ ਮਾਤਾ ਕਲਸਾ ਨਗਰ ਵਿੱਚ ਵਸੇ ਲੋਕ ਪਿਛਲੇ ਚਾਲੀ ਵਰ੍ਹਿਆਂ ਤੋਂ ਦੁਕਾਨਦਾਰੀ ਕਰਕੇ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ ਪਰ ਮਜੂਦਾ ਬਦਲਾਅ ਵਾਲ਼ੀ ਸਰਕਾਰ ਇਹਨਾਂ ਨੂੰ ਉਜਾੜਨਾ ਚਾਹੁੰਦੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਓਹਨਾਂ ਕਿਹਾ ਕਿ ਪਹਿਲ਼ਾਂ ਵੀ ਪੁਰਾਣੀਆਂ ਸਰਕਾਰਾਂ ਵਲੋਂ ਕਈ ਵਾਰ ਇਸ ਨਗਰ ਨੂੰ ਉਜਾੜਨ ਦੀ ਕੋਸ਼ਿਸ਼ ਕੀਤੀ, ਪਰ ਲੋਕਾਂ ਵੱਲੋਂ ਜਨਤਕ ਜੱਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਕਰਕੇ ਉਜਾੜੇ ਨੂੰ ਰੋਕਿਆ ਗਿਆ ਸੀ। ਇਸ ਸਮੇਂ, ਰਾਮਜੀ ਦਾਸ, ਡਾਕਟਰ , ਹੰਸ ਰਾਜ ਗੜ੍ਹਾ ਸਾਬਕਾ ਸਰਪੰਚ, ਸੰਦੀਪ ਕੁਮਾਰ, ਹਨੀ ਸੰਤੋਖਪੁਰਾ, ਸੁਨੀਲ ਗੰਨਾ ਪਿੰਡ, ਸੁਰਜੀਤ ਸਿੰਘ ਸਾਬਕਾ ਸਰਪੰਚ ਤੇਹਿੰਗ, ਸਰੂਪ ਕਲੇਰ, ਗੋਬਿੰਦ ਰਾਮ ਬਿੰਦਰ ਸਿੰਘ, ਗੁਰਬਚਨ ਰਾਮ, ਰਵੀ ਸੁਲਤਾਨਪੁਰ, ਸੁਨੀਤਾ ਫਿਲੌਰ, ਹੰਸ ਕੌਰ, ਕਮਲਜੀਤ ਕੌਰ, ਆਦਿ ਹਾਜ਼ਰ ਸਨ।

# ਪ੍ਰੀ-ਐਸ.ਆਈ.ਆਰ ਗਤੀਵਿਧੀਆਂ ਸ਼ੁਰੂ ਡੀ.ਸੀ. ਵੱਲੋਂ ਵੋਟਰਾਂ ਨੂੰ ਸਹਿਯੋਗ ਕਰਨ ਦੀ ਅਪੀਲ



ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਸ਼ਨੀਵਾਰ ਨੂੰ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹੇ ਵਿੱਚ ਪ੍ਰੀ-ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਪ੍ਰੀ-ਐਸ.ਆਈ.ਆਰ) ਗਤੀਵਿਧੀਆਂ ਦੇ ਹਿੱਸੇ ਵਜੋਂ ਕੀਤੀ ਜਾ ਰਹੀ ਘਰ-ਘਰ ਜਾ ਕੇ ਤਸਦੀਕ ਕਰਨ ਵਿੱਚ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਆਪਣਾ ਪੂਰਾ ਸਹਿਯੋਗ ਦੇਣ।

ਹਿਮਾਂਸ਼ੂ ਜੈਨ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਅਤੇ ਪੰਜਾਬ ਦੇ ਮੁੱਖ ਚੋਣ ਅਫ਼ਸਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ, ਇਸ ਮਹੀਨੇ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ) ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਦੀ ਤਿਆਰੀ ਲਈ, ਪ੍ਰੀ-ਐਸ.ਆਈ.ਆਰ ਗਤੀਵਿਧੀਆਂ ਇਸ ਸਮੇਂ ਚੱਲ ਰਹੀਆਂ ਹਨ, ਜਿਸ ਤਹਿਤ ਮੌਜੂਦਾ ਵੋਟਰ ਸੂਚੀ ਵਿੱਚ ਵੋਟਰਾਂ ਦਾ ਮੇਲ/ਮੈਪਿੰਗ 2003 ਦੀ ਵੋਟਰ ਸੂਚੀ ਨਾਲ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਅੱਗੇ ਕਿਹਾ ਕਿ ਇਸ ਉਦੇਸ਼ ਲਈ, ਵਿਧਾਨ ਸਭਾ ਹਲਕਿਆਂ ਦੇ ਬੂਥ ਲੈਵਲ ਅਫ਼ਸਰ (ਬੀ.ਐਲ.ਓ) ਆਪਣੇ-ਆਪਣੇ ਬੂਥਾਂ ਵਿੱਚ ਵਿਸ਼ੇਸ਼ ਕੈਂਪ ਲਗਾ ਰਹੇ ਹਨ ਅਤੇ 2003 ਦੀ ਵੋਟਰ ਸੂਚੀ ਨਾਲ ਮੇਲ/ਮੈਪਿੰਗ ਲਈ ਘਰ-ਘਰ ਜਾ ਕੇ ਤਸਦੀਕ ਕਰ ਰਹੇ ਹਨ। ਉਨ੍ਹਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਚੋਣ ਕਮਿਸ਼ਨ ਦੇ ਇਸ ਮਹੱਤਵਪੂਰਨ ਅਭਿਆਸ ਵਿੱਚ ਆਪਣਾ ਸਹਿਯੋਗ ਦੇਣ ਅਤੇ ਵਿਸ਼ੇਸ਼ ਤੀਬਰ ਸੋਧ ਦੌਰਾਨ ਬੀ.ਐਲ.ਓ ਨੂੰ ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨ। ਵੋਟਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੌਜੂਦਾ ਵੋਟਰ ਸੂਚੀ ਵਿੱਚ ਉਨ੍ਹਾਂ ਦਾ ਨਾਮ 2003 ਦੀ ਵੋਟਰ ਸੂਚੀ ਨਾਲ ਸਹੀ ਢੰਗ ਨਾਲ ਮੈਪ ਕੀਤਾ ਗਿਆ ਹੈ।

# ਐਲ.ਪੀ.ਜੀ. ਦੀ ਘਾਟ ਨੂੰ ਲੈ ਕੇ ਲੁਧਿਆਣਾ ਵਿੱਚ ਕੰਟਰੋਲ ਰੂਮ ਸਥਾਪਿਤ



ਲੁਧਿਆਣਾ, 4 ਅਪ੍ਰੈਲ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ): ਘਰਾਂ, ਪ੍ਰਵਾਸੀ ਕਾਮਿਆਂ ਅਤੇ ਉਦਯੋਗਿਕ ਇਕਾਈਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਚੱਲ ਰਹੀਆਂ ਐਲ.ਪੀ.ਜੀ ਸਪਲਾਈ ਦੀਆਂ ਰੁਕਾਵਟਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਨੇ ਇੱਕ ਵਿਆਪਕ ਰਾਹਤ ਮੁਹਿੰਮ ਸ਼ੁਰੂ ਕੀਤੀ ਹੈ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਸਮੇਂ ਸਿਰ ਸ਼ਿਕਾਇਤ ਨਿਵਾਰਣ ਅਤੇ ਵੰਡ ਨੂੰ ਸੁਚਾਰੂ ਬਣਾਉਣ ਲਈ ਦਫਤਰ ਗਲਾਡਾ ਦੇ ਕਮੇਟੀ ਰੂਮ ਵਿੱਚ ਇੱਕ ਸਮਰਪਿਤ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜੋ ਰੋਜ਼ਾਨਾ ਸਵੇਰੇ 9:00 ਵਜੇ ਤੋਂ ਸ਼ਾਮ 5:30 ਵਜੇ ਤੱਕ ਕੰਮ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਾਗਰਿਕ ਹੈਲਪਲਾਈਨ ਨੰਬਰ 9915155072 ਰਾਹੀਂ ਸਹਾਇਤਾ ਲਈ ਸਿੱਧੇ ਸੰਪਰਕ ਕਰ ਸਕਦੇ ਹਨ।

ਇਹ ਕੇਂਦਰੀਕ੍ਰਿਤ ਕੰਟਰੋਲ ਰੂਮ ਵਸਨੀਕਾਂ, ਮਜ਼ਦੂਰਾਂ ਅਤੇ ਵਪਾਰਕ ਸੰਸਥਾਵਾਂ ਤੋਂ ਐਲ.ਪੀ.ਜੀ ਨਾਲ ਸਬੰਧਤ ਸ਼ਿਕਾਇਤਾਂ ਅਤੇ ਬੇਨਤੀਆਂ ਨੂੰ ਸਰਗਰਮੀ ਨਾਲ ਪ੍ਰਾਪਤ ਅਤੇ ਹੱਲ ਕਰ ਰਿਹਾ ਹੈ। ਇਹ ਘਰੇਲੂ ਖਪਤਕਾਰਾਂ ਲਈ ਢੁਕਵੀਂ ਸਪਲਾਈ ਦੇ ਪੱਧਰ ਨੂੰ ਬਣਾਈ ਰੱਖਣ ਲਈ ਗੈਸ ਏਜੰਸੀਆਂ ਅਤੇ ਤੇਲ ਮਾਰਕੀਟਿੰਗ ਕੰਪਨੀਆਂ ਨਾਲ ਮਿਲ ਕੇ ਕੰਮ ਕਰਦੇ ਹੋਏ ਇੱਕ ਮਹੱਤਵਪੂਰਨ ਤਾਲਮੇਲ ਕੇਂਦਰ ਵਜੋਂ ਕੰਮ ਕਰ ਰਿਹਾ ਹੈ। ਇਸ ਦੇ ਨਾਲ ਹੀ, ਜ਼ਮੀਨੀ ਪੱਧਰ 'ਤੇ ਏਜੰਸੀ ਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਫੂਡ ਸਪਲਾਈ ਇੰਸਪੈਕਟਰਾਂ ਨੂੰ ਨਿਯਮਿਤ ਤੌਰ 'ਤੇ ਤਾਇਨਾਤ ਕੀਤਾ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਘਰਾਂ ਨੂੰ ਐਲ.ਪੀ.ਜੀ ਦੀ ਕਿਸੇ ਵੀ ਤਰ੍ਹਾਂ ਦੀ ਕਮੀ ਜਾਂ ਰੁਕਾਵਟ ਦਾ ਸਾਹਮਣਾ ਨਾ ਕਰਨਾ ਪਵੇ। ਇਸੇ ਤਰ੍ਹਾਂ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਵਪਾਰਕ ਅਤੇ ਉਦਯੋਗਿਕ ਇਕਾਈਆਂ ਲਈ ਐਲ.ਪੀ.ਜੀ ਵੰਡ ਦੀ ਨਿਗਰਾਨੀ ਲਈ ਇੱਕ ਢਾਂਚਾਗਤ ਵਿਧੀ ਬਣਾਈ ਹੈ, ਜਿਸਦੀ ਅੰਸ਼ਕ ਬਹਾਲੀ ਵਰਤਮਾਨ ਵਿੱਚ ਉਪਲਬਧਤਾ ਦੇ ਅਧਾਰ 'ਤੇ ਲਾਗੂ ਕੀਤੀ ਜਾ ਰਹੀ ਹੈ। 2 ਕਿਲੋਗ੍ਰਾਮ ਅਤੇ 5 ਕਿਲੋਗ੍ਰਾਮ ਫ੍ਰੀ ਟ੍ਰੇਡ ਐਲ.ਪੀ.ਜੀ (ਐਫ.ਟੀ.ਐਲ) ਸਕੀਮ ਦੇ ਰੋਲਆਉਟ ਦੁਆਰਾ ਕਰਮਚਾਰੀਆਂ ਦੀ ਸਹਾਇਤਾ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸ ਦੇ ਤਹਿਤ ਪ੍ਰਵਾਸੀ ਕਾਮੇ ਆਧਾਰ ਕਾਰਡ ਵਰਗੇ ਵੈਧ ਪਛਾਣ ਦਸਤਾਵੇਜ਼ ਪੇਸ਼ ਕਰਕੇ ਨਵੇਂ ਐਲ.ਪੀ.ਜੀ ਕੁਨੈਕਸ਼ਨ ਪ੍ਰਾਪਤ ਕਰ ਸਕਦੇ ਹਨ। ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀ ਗੈਸ ਏਜੰਸੀਆਂ ਦੀ ਨਿਯਮਤ ਜਾਂਚ ਕਰ ਰਹੇ ਹਨ ਜਦੋਂ ਕਿ ਵਿਕਰੀ ਪ੍ਰਬੰਧਕਾਂ ਨੂੰ ਘਰੇਲੂ ਉਪਭੋਗਤਾਵਾਂ ਲਈ ਹਰ ਸਮੇਂ ਲੋੜੀਂਦਾ ਸਟਾਕ ਪੱਧਰ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਗੈਰ-ਘਰੇਲੂ ਖਪਤਕਾਰਾਂ ਨੂੰ ਐਲ.ਪੀ.ਜੀ ਸਪਲਾਈ ਦੀ ਕਿਸੇ ਵੀ ਦੁਰਵਰਤੋਂ ਜਾਂ ਡਾਇਵਰਜਨ ਨੂੰ ਰੋਕਣ ਲਈ ਅੰਤਮ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਡੀ.ਸੀ ਜੈਨ ਨੇ ਵੀ ਸਥਿਤੀ ਦੀ ਗੰਭੀਰਤਾ ਨੂੰ ਰੇਖਾਂਕਿਤ ਕੀਤਾ ਅਤੇ ਚੇਤਾਵਨੀ ਦਿੱਤੀ ਕਿ ਪਾਲਣਾ ਨਾ ਕਰਨ ਦੀ ਕਿਸੇ ਵੀ ਘਟਨਾ 'ਤੇ ਜ਼ਰੂਰੀ ਵਸਤੂਆਂ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਪੂਰੇ ਕਾਰਜ ਦੀ ਨਿਗਰਾਨੀ ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਓਜਸਵੀ ਦੀ ਅਗਵਾਈ ਵਾਲੀ ਜ਼ਿਲ੍ਹਾ ਪੱਧਰੀ ਕਮੇਟੀ ਕਰ ਰਹੀ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਰਾਹਤ ਉਪਾਅ ਸਾਰੇ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਅਤੇ ਬਰਾਬਰੀ ਨਾਲ ਲਾਗੂ ਕੀਤੇ ਜਾਣ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਆਪਣੇ ਨਾਗਰਿਕਾਂ ਦੀਆਂ ਜ਼ਰੂਰੀ ਜ਼ਰੂਰਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਜਨਤਾ ਨੂੰ ਤੁਰੰਤ ਸਹਾਇਤਾ ਲਈ ਕੰਟਰੋਲ ਰੂਮ ਸਹੂਲਤ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

# ਸਕਾਰਪੀਓ 'ਚ ਜਾ ਰਹੀ ਪਤਨੀ ਨੇ ਪਤੀ ਨੂੰ ਮਾਰੀ ਟੱਕਰ, ਹੋਇਆ ਗੰਭੀਰ ਫੱਟੜ

## ਕੁਝ ਮਹੀਨਿਆਂ ਤੋਂ ਚੱਲ ਰਿਹਾ ਪਤਨੀ ਨਾਲ ਝਗੜਾ

ਮੁੱਲਾਂਪੁਰ ਦਾਖਾ, 4 ਅਪ੍ਰੈਲ (ਦਵਿੰਦਰ ਸਿੰਘ ਲੰਮੇ) : ਸਥਾਨਕ ਕਸਬੇ ਅੰਦਰ ਬੱਸ ਸਟੈਂਡ ਨਜ਼ਦੀਕ ਇੱਕ ਕਾਲੇ ਰੰਗ ਦੀ ਸਕਾਰਪੀਓ ਚਾਲਕ ਮਹਿਲਾ ਵੱਲੋਂ ਇੱਕ ਵਿਅਕਤੀ ਨੂੰ ਗੰਭੀਰ ਰੂਪ ਵਿੱਚ ਜਖਮੀ ਕੀਤੇ ਜਾਣ ਦੀ ਘਟਨਾ ਪੂਰੇ ਇਲਾਕੇ ਅੰਦਰ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਪਰ ਬਾਅਦ ਵਿੱਚ ਪਤਾ ਲੱਗਾ ਕਿ ਸਕਾਰਪਿਓ ਚਾਲਕ ਮਹਿਲਾ ਕੋਈ ਹੋਰ ਨਹੀਂ ਸਗੋਂ ਜਖਮੀ ਹੋਏ ਵਿਅਕਤੀ ਦੀ ਪਤਨੀ ਹੀ ਸੀ , ਜਿਸ ਨਾਲ ਉਸਦਾ ਪਿਛਲੇ ਕੁੱਝ ਮਹੀਨਿਆਂ ਤੋਂ ਝਗੜਾ ਚੱਲ ਰਿਹਾ ਹੈ ।

ਜਾਣਕਾਰੀ ਅਨੁਸਾਰ ਇਹ ਮਹਿਲਾ ਜਿਹੜੀ ਕਿ ਇਕ ਵਿਅਕਤੀ ਨਾਲ ਲੁਧਿਆਣਾ ਤੋਂ ਮੁੱਲਾਂਪੁਰ ਵੱਲ ਆ ਰਹੀ ਸੀ ਅਤੇ ਮੋਟਰਸਾਇਕਲ 'ਤੇ ਸਵਾਰ ਵਿਅਕਤੀ ਨੂੰ ਟੱਕਰ ਮਾਰਨ ਉਪਰੰਤ ਉਹ ਜਗਰਾਉਂ ਵੱਲ ਗੱਡੀ ਸਮੇਤ ਫਰਾਰ ਹੋ ਗਈ । ਜਖਮੀ ਵਿਅਕਤੀ ਨੂੰ ਰਾਹਗੀਰਾਂ ਨੇ ਇਲਾਜ ਲਈ ਇਕ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਾਇਆ, ਜਿੱਥੇ ਇਸ ਵਿਅਕਤੀ ਨੇ ਆਪਣਾ ਨਾਮ ਪ੍ਰਮਿੰਦਰ ਸਿੰਘ ਵਾਸੀ ਪਿੰਡ ਚਮਿੰਡਾ (ਜੋਧਾਂ) ਦੱਸਦਿਆਂ ਕਿਹਾ ਕਿ ਉਹ ਸਰਾਭਾ ਨਗਰ (ਲੁਧਿਆਣਾ) ਵਿਖੇ ਬਿਜਲੀ ਵਿਭਾਗ ਵਿੱਚ ਸਹਾਇਕ ਲਾਈਨਮੈਨ ਦੀ ਡਿਊਟੀ ਕਰਦਾ ਹੈ । ਉਸਨੇ ਦੱਸਿਆ ਕਿ ਉਸ ਉੱਪਰ ਗੱਡੀ ਉਸਦੀ ਪਤਨੀ ਨੇ ਆਪਣੇ ਸਾਥੀ ਨਾਲ ਮਿਲਕੇ ਜਾਨੋਂ ਮਾਰਨ ਦੀ ਨੀਅਤ ਨਾਲ ਚੜ੍ਹਾਈ ਹੈ। ਪ੍ਰਮਿੰਦਰ ਸਿੰਘ ਨੇ ਦੱਸਿਆ ਕਿ ਉਸਦੀ ਪਤਨੀ ਨਾਲ ਉੱਕਤ ਗੱਡੀ ਵਿੱਚ ਇਕ ਹੋਰ ਵਿਅਕਤੀ ਵੀ ਸਵਾਰ ਸੀ, ਜਿਹੜਾ ਕਿ ਉਹਨਾਂ ਦੋਵਾਂ ਪਤੀ ਪਤਨੀ ਵਿੱਚ ਝੱਗੜੇ ਦਾ ਮੁੱਖ ਕਾਰਨ ਹੈ । ਉਸਨੇ ਇਹ ਵੀ ਦੱਸਿਆ ਕਿ ਸਾਡਾ ਦੋ ਵਾਰ ਪਹਿਲਾਂ ਵੀ ਪਤੀ - ਪਤਨੀ ਦਾ ਆਪਸੀ ਰਾਜ਼ੀਨਾਮਾ ਹੋਇਆ ਸੀ ਪਰ ਹੁਣ ਮੁੜ ਉਸਦੀ ਪਤਨੀ ਉਸਤੋਂ ਵਖਰੇ ਤੌਰ 'ਤੇ ਆਪਣੇ ਪੇਕੇ ਪਿੰਡ ਹੀ ਰਹਿ ਰਹੀ ਹੈ।

ਜਦੋਂ ਇਸ ਮਾਮਲੇ ਸਬੰਧੀ ਥਾਣਾ ਮੁੱਖੀ ਇੰਸਪੈਕਟਰ ਕੁਲਜਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਐੱਮ.ਐੱਲ.ਆਰ ਰਿਪੋਰਟ ਆਉਣ ਉਪਰੰਤ ਹੀ ਪ੍ਰਮਿੰਦਰ ਸਿੰਘ ਦੇ ਬਿਆਨਾ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜਗਰਾਓਂ ਨੇੜੇ ਪਿੰਡ ਚੀਮਨਾ ਵਿਖੇ 24 ਸਾਲਾ ਨੌਜਵਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਦਿੱਤੀ ਜਾਨ

ਜਗਰਾਓਂ, 4 ਅਪ੍ਰੈਲ ( ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਜਗਰਾਓਂ ਦੇ ਨੇੜੇ ਪਿੰਡ ਚੀਮਨਾ ਵਿਖੇ ਪਰਿਵਾਰ ਦਾ ਇਕੋ-ਇੱਕ ਸਹਾਰਾ 24 ਸਾਲਾ ਨੌਜਵਾਨ ਨੇ ਮਾਨਸਿਕ ਤਣਾਅ ਦੇ ਚਲਦਿਆਂ ਜ਼ਹਿਰੀਲੀ ਦਵਾਈ ਪੀ ਕੇ ਜਾਨ ਦੇ ਦਿੱਤੀ। ਰੋਜ਼ੀ-ਰੋਟੀ ਦੀ ਤਲਾਸ਼ 'ਚ ਭਟਕਦੇ ਨੌਜਵਾਨ ਪਰਮਵੀਰ ਸਿੰਘ ਪੁੱਤਰ ਪਰਦੀਪ ਸਿੰਘ ਵਾਸੀ ਪਿੰਡ ਚੀਮਨਾ ਕਲਾਂ ਦੀ ਮ੍ਰਿਤਕ ਦੇਹ ਪਿੰਡ ਸਿੱਧਵਾਂ ਕਲਾਂ ਦੇ ਖੇਤਾਂ 'ਚ ਬਣੀ ਮੋਟਰ ਉੱਤੇ ਮਿਲੀ, ਜਿਸ ਨਾਲ ਵਿਧਵਾ ਮਾਂ ਅਤੇ ਭੈਣ 'ਤੇ ਸੋਗ ਦਾ ਪਰਬਤ ਟੁੱਟ ਪਿਆ ਹੈ। ਥਾਣਾ ਸਦਰ ਦੇ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ 3 ਅਪ੍ਰੈਲ ਨੂੰ ਪੁਲਿਸ ਨੂੰ ਸੂਚਨਾ ਮਿਲੀ ਕਿ ਪਿੰਡ ਸਿੱਧਵਾਂ ਕਲਾਂ ਵਿਖੇ ਖੇਤਾਂ 'ਚ ਬਣੀ ਮੋਟਰ ਉੱਤੇ ਇੱਕ ਨੌਜਵਾਨ ਦੀ ਲਾਸ਼ ਪਈ ਹੈ। ਜਾਣਕਾਰੀ ਮਿਲਦਿਆਂ ਸਾਰ ਉਹ ਆਪਣੀ ਪੁਲਿਸ ਟੁਕੜੀ ਨਾਲ ਮੌਕੇ 'ਤੇ ਪਹੁੰਚੇ ਅਤੇ ਮ੍ਰਿਤਕ ਦੇਹ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਜਗਰਾਉਂ ਦੇ ਮੁਰਦਾਘਰ 'ਚ ਰੁਖਵਾਇਆ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਪੜਤਾਲ ਦੌਰਾਨ ਪਤਾ ਲੱਗਾ ਕਿ ਮ੍ਰਿਤਕ ਨੌਜਵਾਨ ਦੀ ਉਮਰ ਕਰੀਬ 24-25 ਸਾਲ ਹੈ ਜੋ ਚਾਰ ਮਹੀਨੇ ਪਹਿਲਾਂ ਦੁਬਈ ਤੋਂ ਵਾਪਸ ਆਇਆ ਸੀ। ਥਾਣਾ ਮੁਖੀ ਨੇ ਖੁਲਾਸਾ ਕੀਤਾ ਕਿ ਪਰਮਵੀਰ ਸਿੰਘ 2 ਅਪ੍ਰੈਲ ਨੂੰ ਘਰੋਂ ਮੋਟਰਸਾਈਕਲ 'ਤੇ ਨਿਕਲਿਆ ਸੀ ਅਤੇ ਅਗਲੇ ਦਿਨ ਉਸ ਦੀ ਮੌਤ ਦੀ ਖ਼ਬਰ ਮਿਲੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦਾ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੈ ਅਤੇ ਉਸ ਦੇ ਪਿਤਾ ਪ੍ਰਦੀਪ ਸਿੰਘ ਨੇ ਵੀ ਕੁਝ ਸਾਲ ਪਹਿਲਾਂ ਖੁਦਕੁਸ਼ੀ ਕਰ ਲਈ ਸੀ। ਨਿਰੀਖਕ ਸੁਰਜੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਮ੍ਰਿਤਕ ਨੌਜਵਾਨ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ। ਇਸੇ ਮਾਨਸਿਕ ਤਣਾਅ ਦੇ ਚਲਦਿਆਂ ਨੌਜਵਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ-ਲੀਲ੍ਹਾ ਸਮਾਪਤ ਕੀਤੀ ਹੈ। ਜਦੋਂ ਨਸ਼ੇ ਬਾਰੇ ਪੁੱਛਿਆ ਗਿਆ ਤਾਂ ਥਾਣਾ ਮੁਖੀ ਨੇ ਸਪੱਸ਼ਟ ਕੀਤਾ ਕਿ ਸ਼ੁਰੂਆਤੀ ਜਾਂਚ ਦੌਰਾਨ ਅਜਿਹੀ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਜਿਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕੇ ਕਿ ਨੌਜਵਾਨ ਦੀ ਮੌਤ ਨਸ਼ੇ ਕਾਰਨ ਹੋਈ ਹੈ। ਉਨ੍ਹਾਂ ਕਿਹਾ ਕਿ ਮੌਤ ਦੇ ਅਸਲ ਕਾਰਨਾਂ ਦਾ ਖੁਲਾਸਾ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਹੋਵੇਗਾ। ਅੱਜ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੇਹ ਪਰਿਵਾਰ ਹਵਾਲੇ ਕਰ ਦਿੱਤੀ ਗਈ ਹੈ।



# ਸਿਰਲੇਖਵਾਰ ਇਸ਼ਤਿਹਾਰ/Classified Advertisement

(Ú/o 5 Rule 20 cpc)
**In the Court of Ms. Jaspreet Kaur Simak Addl. Civil Judge (Senior Division), Dasuya**
CNR No. PBHOA0-000745-2025
Next Date: 27.04.2026
Suit for declaration
Gurmukh Singh and others
Versus
General Public and others
Notice to:General Public and others:-General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**04.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 07-03-2026
**Sd/- Addl. Civil Judge (Sr. Divn.), Dasuya**

---

(U/o 5 Rule 20 cpc)
**In the Court of Sh. Ravtesh Inderjit Singh Civil Judge (Junior Division)-6, Jalandhar**
CNR No. PBJL02-002853-2025
Next Date: 27.04.2026
Canara Bank
Versus
Surjit Singh
**Suit for grant of decree for recovery of Rs. 1377383/- alongwith interest as prayed for.**
Notice To.: 02. Varinder pal Singh :- S/o Jagjit Singh R/o Village Sarishtpur Kasba Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**04.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 13-03-2026
**Sd/- Civil Judge (Junior Division)-6, Jalandhar**

---

(U/o 5 Rule 20 cpc)
**In the Court of Sh. Hasan deep Singh Bajwa Addl. Civil Judge (Senior Division), Kharar**
CNR No. PBSAA0-000680-2021
Next Date: 27.04.2026
CS/474/2021
Saroopp Singh S/o Ralla Singh R/o H.No. 267, ward no. 6,Siswan Road Kurali, Teh. Kharar Distt. Mohali
Versus
Mehar Chand S/o Harbans Ll R/o Near Teg ice Factory, ward no. 6,Siswan Road Kurali, Teh. Kharar Distt. Mohali (Deceased) through his LrS I Sandeep Singh
Notice to: Mehar Chand S/o Harbans LL R/o Near Teg ice Factory, Ward No. 6, Siswan Road Kurali, Teh. Kharar Distt. Mohali (Deceased) through his LrS I. Sandeep Singh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**04.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 20-03-2026
**Sd/- Addl. Civil Judge (Senior Division), Kharar**

---

(U/o 5 Rule 20 cpc)
**In the Court of Sh. Manpreet Sohi Civil Judge (Junior Division), Dasuya**
CNR No. PBHOA0-000627-2024
Next Date: 27.04.2026
Amandeep Singh S/o Karam Singh R/o Vill. Bercha Teh. Dasuya Distt. Hoshiarpur
...Plaintiff
Versus
Pawan Singh S/o Iqbal Singh (Since deceased )through his Lrs and others
....Defendants
**Suit for possession**
Notice To: 7B, Satvir Singh S/o Kuldip Kaur R/o Vill. Mehlewal Teh.Dasuya Distt. Hoshiarpur
In above titled case the **defendant(s)/respondent(s)** could not be served. It is ordered that **defendant(s)/respondent(s)** should appear in person or through counsel on 27.04.2026 at 10:00 A.M.
For details logon to https://highcourtchd.gov.in/?mod=district_notice&district= Hoshiarpur
Dated, this day of 30-03-2026
**Sd/- Civil Judge (Junior Division) Dasuya**

---

(Ú/o 5 Rule 20 cpc)
**In the Court of Sh. Jaspreet Singh Dhaliwal Civil Judge (Junior Division), Jalandhar**
CNR No. PBJL02-002001-2024
Next Date: 30.04.2026
Innokids (Nurpur) (M/s Innocent Hearts School, Green Model Town, Jalandhar)
Versus
Rajiv Sharma and others
**Suit for grant of decree for recovery of Rs 32020/-alongwith interest as prayed for .**
Notice to:1. Rajiv Sharma 2. Neelam Sharma w/o Rajiv Sharma Both R/o 359,St.No.7,Central Town,Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**04.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 03-04-2026
**Sd/-Civil Judge (Junior Division), Jalandhar**

---

(Ú/o 5 Rule 20 cpc)
**In the Court of Dr. Arun Shori Civil Judge (Junior Division), Amritsar**
CNR No. PBAS02-003584-2020
Next Date: 16.04.2026
Punjab and Sind Bank
Versus
Nirvail Singh
**Cs**
Notice to:Nirvail Singh S/o Pritam Singh (Deceased )through Legal Heir:- A. Kashmir Kaur Wd/o Nirvail Singh S/o Pritam Singh B. Avtar Singh S/o Lt. Nairvail Singh All R/o Vill. P.O. Bundala Distt. Asr. 3. Mulakhjit Singh S/o Gurbachan Singh R/o Vill. Rashiana Distt. Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **16.**04.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 03-04-2026
**Sd/-Civil Judge (Junior Division), Amritsar**

---

**In the Court of Ms. Sandeep Kaur Judicial Magistrate-Ist Class-4 Fatehgarh Sahib**
CNR No. PBFG03-001432-2025
Next Date: 08.05.2026
U/s138 of Act PS Mulepur
GreenShine Crop Science
Versus
Punjab Spray Store
Notice To.:1. Punjab Spray Store,V.P.O. Karma, Distt. Ferozpur, through its Proprietor Gurmej Singh 2. Gurmej Singh S/o Kartar Singh r/o V.P.O . Karma,Distt. Ferozpur proprietor of Punjab Spray Store, V.P.O. Karma, Distt. Ferozpur ,having mobile no. 99149-84749
In above titled case the accused could not be served. It is ordered that accused should appear in person or through counsel on **08.**05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-04-2026
**Sd/- Judicial Magistrate-Ist Class-4 Fatehgarh Sahib**

---

**In the Court of Ms. Samiksha Jain Judicial Magistrate First Class-17 Jalandhar**
CNR No. PBJL03-008245-2025
Next Date: 05.05.2026
NACT/2640/2025
Amrit Malwa Capital Ltd.
Versus
Shama
Notice to :Shama Daughter ::- Salam Deen Mohalla Guttu wala Khuh Malerkotla RaiKot Road Sangrur Punjab 148203
In above titled case the accused could not be served. It is ordered that accused should appear in person or through counsel on **05.**05.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 03-04-2026
**Sd/- Judicial Magistrate First Class-17 Jalandhar**

---

**In the Court of Ms. Samiksha Jain Judicial Magistrate First Class-17 Jalandhar**
CNR No. PBJL03-020133-2025
Next Date: 05.05.2026
NACT/4492/2025
Amrit Malwa Capital Ltd.
Versus
Gurjant Singh
Notice to :Gurjant Singh Father :: Natha Singh ward No. 2,Nirvir Nagar Mansa Punjab151505
In above titled case the accused could not be served. It is ordered that accused should appear in person or through counsel on **05.**05.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 03-04-2026
**Sd/- Judicial Magistrate First Class-17 Jalandhar**

---

(U/o 5 Rule 20 cpc)
**In the Court of Sh. Amit Garg Addl. Distt. and Sessions Judge, Fast Track Special Court for trial of rape Cases, Fatehabad**
CNR No. HRFT01-008013-2022
Next Date: 17.04.2026
Santosh
Versus
Kuldeep Singh
**Claim peitition section 166 of the motor vehicle Act ,1988 (as amended up to date) read with Motor Vehicle Act 1994 for grant of compensation to the tune of Rs. 1.00 core (Rupees one core only) on account of pecuniary as well as non pecuniary losses , Rs. 5.00 Lac on account of losss of love and affection , Rs.5.00 Lac on account of loss of Estate and Rs. 1,00,000/- for the expenditure incurred upon the transportation of the dead body and on last rites, along with interest 18 percent per annum from the date of accident till its actual relization ,on account of death of vikki alias Vikas took place on 19.11.2021 at about 6.15 P.M. arisen out or caused by the offending vehicle Tractor Indo farm along with Trolly bearing registration No. PB-20A/5631 due to rash and negligent driving of its driver Kuldeep Singh i.e. respondent No.1 under the authorization/employment of respondent no. 2 to 4 in a public place on the basis of oral and documentary evidence of all Kinds.**
Notice To: Gurbaksh Singh Father::- Harbhajan Singh Majfaggu wala, Distt. Ludhiana Punjab (De-facto owner of the offending vehicle Tractor Indo Farm along with Trolly bearing registration No. PB-20A-5631
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on **17.**04.2026 at 10:00 A.M.
For details logon to https://highcourtchd.gov.in/?mod=district_notice&district= Fatehabad
Dated, this day of 30-04-2026
**Sd/- Addl. Distt. and Sessions Judge, Fast Track Special Court for trial of rape Cases, Fatehabad**

---

(Ú/o 5 Rule 20 cpc)
**In the Court of Ms. Sukhmit Kaur Civil Judge Junior Division-6, Ferozepur**
CNR No. PBFZ02-001555-2025
Next Date: 24.04.2026
Punjab National Bank
Versus
Roop Singh
Notice to:Baldev Singh :-Roop Singh Vill Kailowal ,Teh. and Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.**04.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-03-2026
**Sd/-Civil Judge Junior Division-6, Ferozepur**

---

(U/o 5 Rule 20 cpc)
**In the Court of Ms. Sukhmit Kaur Civil Judge Junior Division-6, Ferozepur**
CNR No. PBFZ02-001463-2025
Next Date: 30.04.2026
Union Bank of India
Versus
Maiya Bai
Notice to:3. Biba Bai 4. Preeto Bai 5. Kamo Bai 6. Kallu Bai 7. Manjit Bai 8. Gurdeva Bai 9. Jeeto Bai 10. Krishna Bai D/o Teja Singh All R/o Vill. Kalu Arian Hithar ,Post office Chhanga Khurd, Teh and distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**04.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-03-2026
**Sd/-Civil Judge Junior Division-6, Ferozepur**

---

## ਜ਼ਮੀਨ ਵਿਕਾਊ

ਤਕਰੀਬਨ 2 ਏਕੜ ਜ਼ਮੀਨ ਚੰਡੀਗੜ੍ਹ ਤੋਂ ਰੋਪੜ ਰੋੜ , ਨੇੜੇ ਟੋਲ ਪਲਾਜਾ , 1 ਕਿੱਲਾ ਫਰੰਟ ਕਾਲ ਕਰਨ ਦਾ ਸਮਾਂ:-ਸਵੇਰੇ 10.30 ਵਜੇ ਤੋਂ ਦੁਪਹਿਰ 12.30 ਵਜੇ ਤੱਕ
**ਮੋਬਾਇਲ ਨੰਬਰ :- 87279-68139**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**

# ਪੰਜਾਬ ਦਾ ਪੁਲਿਸਿੰਗ ਮਾਡਲ ਦੇਸ਼ ਭਰ ਵਿੱਚ ਨਸ਼ਾ ਵਿਰੋਧੀ ਮਾਮਲਿਆਂ ’ਚ ਸਜ਼ਾ ਦਿਵਾਉਣ ’ਚੋਂ ਮੋਹਰੀ

ਚੰਡੀਗੜ੍ਹ, 4 ਅਪ੍ਰੈਲ (ਚ.ਨ.ਸ.): ਪੰਜਾਬ ਦੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਨਾ ਸਿਰਫ਼ ਨਸ਼ਾ ਤਸਕਰਾਂ ਦੀਆਂ ਗ੍ਰਿਫ਼ਤਾਰੀਆਂ ਦੇ ਆਧਾਰ ’ਤੇ ਸਗੋਂ ਅਦਾਲਤਾਂ ਵੱਲੋਂ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦੇਣ ਵਿੱਚ ਲਿਆਂਦੀ ਜਾ ਰਹੀ ਤੇਜ਼ੀ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ, ਜੋ ਨਸ਼ਿਆਂ ਵਿਰੁੱਧ ਰਣਨੀਤਕ ਪਹੁੰਚ ਰਾਹੀਂ ਸੂਬੇ ਵਿੱਚ ਆ ਰਹੀ ਫੈਸਲਾਕੁੰਨ ਤਬਦੀਲੀ ਦਾ ਸਪੱਸ਼ਟ ਸੰਕੇਤ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਦੇ ਸਮਰਥਨ ਨਾਲ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਹੁਣ ਕਾਨੂੰਨੀ ਤੌਰ ’ਤੇ ਮਜ਼ਬੂਤ ਕੇਸ ਬਣਾਉਣ ’ਤੇ ਧਿਆਨ ਕੇਂਦਰਿਤ ਕਰ ਰਹੀਆਂ ਹਨ ਤਾਂ ਜੋ ਤਸਕਰਾਂ ਨੂੰ ਕਾਬੂ ਕਰਕੇ ਸਖ਼ਤ ਸਜ਼ਾ ਦਿੱਤੀ ਜਾਣੀ ਯਕੀਨੀ ਬਣਾਈ ਜਾ ਸਕੇ। ਪੁਲਿਸ ਅਧਿਕਾਰੀ, ਐਨਡੀਪੀਐਸ ਐਕਟ ਤਹਿਤ ਮਾਮਲਿਆਂ ਵਿੱਚ ਪੰਜਾਬ ਦੀ 88 ਫੀਸਦੀ ਸਜ਼ਾ ਦਰ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ, ਦਾ ਕਾਰਨ ਬਿਹਤਰ ਅਤੇ ਯੋਜਨਾਬੱਧ ਪੁਲਿਸਿੰਗ ਨੂੰ ਮੰਨਦੇ ਹਨ। ਇਸ ਵਿੱਚ ਮੁਕੱਦਮੇ ਦੀ ਅਗਵਾਈ ਵਾਲੀ ਜਾਂਚ, ਵਿਗਿਆਨਕ ਢੰਗ ਨਾਲ ਸਬੂਤ ਇਕੱਠਾ ਕਰਨਾ, ਨਸ਼ਿਆਂ ਦੇ ਨੈੱਟਵਰਕਾਂ ਦੀ ਵਿੱਤੀ ਟਰੈਕਿੰਗ ਤੇ ਤਕਨਾਲੋਜੀ-ਅਧਾਰਤ ਖੁਫੀਆ ਜਾਣਕਾਰੀ ਜੁਟਾਉਣਾ ਸ਼ਾਮਲ ਹੈ। ਅਧਿਕਾਰਤ ਅੰਕੜਿਆਂ ਅਨੁਸਾਰ, ਸਾਲ 2022 ਵਿੱਚ ਅਦਾਲਤਾਂ ਵੱਲੋਂ ਫੈਸਲਾ ਕੀਤੇ 4812 ਐਨਡੀਪੀਐਸ ਮਾਮਲਿਆਂ ਵਿੱਚੋਂ ਕੁੱਲ 3870 ਕੇਸਾਂ ਵਿੱਚ ਸਜ਼ਾ ਹੋਈ, ਜੋ ਕਿ 80 ਫੀਸਦੀ ਸਜ਼ਾ ਦਰ ਨੂੰ ਦਰਸਾਉਂਦਾ ਹੈ। ਸਾਲ 2023 ਵਿੱਚ 6976 ਮਾਮਲਿਆਂ ਵਿੱਚੋਂ 5635 ਕਨਵਿਕਸ਼ਨਜ਼ ਹੋਈਆਂ ਤੇ ਇਹ ਅੰਕੜਾ 81 ਫੀਸਦ ਤੱਕ ਪਹੁੰਚ ਗਿਆ। ਇਸੇ ਤਰ੍ਹਾਂ ਸਾਲ 2024 ਵਿੱਚ 7281 ਮਾਮਲਿਆਂ ਵਿੱਚੋਂ 6219 ਦੋਸ਼ ਆਇਦ ਹੋਏ , ਜਿਸ ਨਾਲ ਸਜ਼ਾ ਦਰ 85 ਫੀਸਦੀ ਨੂੰ ਛੋਹ ਗਈ । ਸਾਲ 2025 ਵਿੱਚ, 7373 ਮਾਮਲਿਆਂ ਵਿੱਚੋਂ 6488 ਦੋਸ਼ੀ ਪਾਏ ਗਏ, ਜਿਸ ਨਾਲ ਇਹ ਦਰ 88 ਫੀਸਦ ਤੱਕ ਜਾ ਅੱਪੜੀ। ਸਾਲ 2026 ਵਿੱਚ, ਹੁਣ ਤੱਕ ਫੈਸਲਾ ਕੀਤੇ ਗਏ 1831 ਐਨਡੀਪੀਐਸ ਮਾਮਲਿਆਂ ਵਿੱਚੋਂ 1634 ਦੋਸ਼ੀਆਂ ਨੂੰ ਸਜ਼ਾ ਹੋਈ, ਜਿਸ ਨਾਲ ਇਹ ਦਰ 89 ਫੀਸਦ ਹੋ ਗਈ ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਹ ਨਤੀਜੇ ‘ਯੁੱਧ ਨਸ਼ਿਆਂ ਵਿਰੁਧ’ ਮੁਹਿੰਮ ਤਹਿਤ ਚਲਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਕਰਕੇ ਸੰਭਵ ਹੋਏ ਹਨ, ਜਿਸਨੇ ਇਨਫੋਰਸਮੈਂਟ ਏਜੰਸੀਆਂ ਨੂੰ ਮਜ਼ਬੂਤ ਨੀਤੀਗਤ ਦਿਸ਼ਾ ਦਿੱਤੀ ਅਤੇ ਸੰਸਥਾਗਤ ਸਮਰਥਨ ਪ੍ਰਦਾਨ ਕੀਤਾ ਹੈ। ਇਸ ਦਾ ਮੁੱਖ ਉਦੇਸ਼ ਨਸ਼ਾ ਵਿਰੋਧੀ ਯਤਨਾਂ ’ਚ ਬਰਾਮਦਗੀਆਂ ਤੇ ਗ੍ਰਿਫਤਾਰੀਆਂ ਤੋਂ ਅੱਗੇ ਸਮਾਂਬੱਧ ਸਜ਼ਾਵਾਂ ਨੂੰ ਯਕੀਨੀ ਬਣਾਉਣਾ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਸਫਲਤਾ ਦਾ ਕਾਰਨ ਪੁਲਿਸਿੰਗ ਦੇ ਬੁਨਿਆਦੀ ਢੰਗ ’ਚ ਲਿਆਂਦੀ ਤਬਦੀਲੀ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਾਡਾ ਉਦੇਸ਼ ਸਿਰਫ਼ ਤਸਕਰਾਂ ਨੂੰ ਗ੍ਰਿਫ਼ਤਾਰ ਕਰਨਾ ਨਹੀਂ ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਵੀ ਭੇਜਿਆ ਜਾਵੇ। ਹੁਣ ਪੁਲਿਸ ਤਕਨੀਕੀ ਤੇ ਅਜੋਕੇ ਢੰਗਾਂ ਨਾਲ ਜਾਂਚ ਕਰਦੀ ਹੈ ਤੇ ਉੱਚਤਮ ਕਾਨੂੰਨੀ ਮਾਪਦੰਡਾਂ ਨੂੰ ਧਿਆਨ ’ਚ ਰੱਖਦਿਆਂ ਇਸ ਤਰ੍ਹਾਂ ਕੇਸ ਤਿਆਰ ਕੀਤਾ ਜਾਂਦਾ ਹੈ ਕਿ ਅਦਾਲਤ ਵਿਚ ਮੁਕੱਦਮੇ ਦੀ ਮਜ਼ਬੂਤੀ ਨਾਲ ਪੈਰਵਾਈ ਹੋਵੇ। ਉਨ੍ਹਾਂ ਅੱਗੇ ਕਿਹਾ,“ ਨਸ਼ਾ ਜ਼ਬਤੀ ਤੋਂ ਲੈ ਕੇ ਦਸਤਾਵੇਜ਼ਾਂ ਅਤੇ ਫੋਰੈਂਸਿਕ ਜਾਂਚ ਤੱਕ ਹਰ ਕਦਮ ’ਤੇ ਐਨਡੀਪੀਐਸ ਪ੍ਰਕਿਰਿਆਵਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ ਤਾਂ ਜੋ ਕੋਈ ਤਸਕਰ ਕਿਸੇ ਸਿਰਫ਼ ਤਕਨੀਕੀ ਊਣਤਾਈ ਕਾਰਨ ਸਜ਼ਾ ਤੋਂ ਨਾ ਬਚ ਜਾਵੇ।”

ਅਧਿਕਾਰੀਆਂ ਨੇ ਦੱਸਿਆ ਕਿ ਉੱਚ ਸਜ਼ਾ ਦਰ ਪ੍ਰਣਾਲੀਗਤ ਦਖਲ ਦਾ ਸਪੱਸ਼ਟ ਨਤੀਜਾ ਹੈ, ਜਿਸ ਵਿੱਚ ਢਾਂਚਾਗਤ ਅਤੇ ਯੋਜਨਾਬੱਧ ਸਿਖਲਾਈ ਪ੍ਰੋਗਰਾਮ, ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ’ਚ ਜਾਂਚ ਅਧਿਕਾਰੀਆਂ ਨੂੰ ਸਭ ਤੋਂ ਵਧੀਆ ਅਭਿਆਸਾਂ ਨਾਲ ਰੂਬਰੂ ਕਰਨਾ, 60-ਨੁਕਤਿਆਂ ਦੀ ਜਾਂਚ ਚੈੱਕਲਿਸਟ ਦੇ ਨਾਲ ਇੱਕ ਵਿਸਤ੍ਰਿਤ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਨੂੰ ਲਾਗੂ ਕਰਨਾ ਅਤੇ ਅਦਾਲਤਾਂ ਵਿੱਚ ਕੇਸਾਂ ਦਾ ਪ੍ਰਭਾਵੀ ਢੰਗ ਨਾਲ ਪ੍ਰਬੰਧਨ ਕਰਨ ਲਈ ਟਰਾਇਲ ਸਪੈਸ਼ਲ ਅਫਸਰਾਂ ਦੀ ਨਿਯੁਕਤੀ ਕਰਨਾ ਸ਼ਾਮਲ ਹੈ। ਇਸ ਦੌਰਾਨ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪਟਿਆਲਾ ਨਾਲ ਇੱਕ ਮਹੱਤਵਪੂਰਨ ਸੰਸਥਾਗਤ ਭਾਈਵਾਲੀ ਵੀ ਸਥਾਪਿਤ ਕੀਤੀ ਗਈ ਹੈ, ਜਿੱਥੇ ਸਾਰੇ ਜਾਂਚ ਅਧਿਕਾਰੀਆਂ ਨੂੰ ਛੇ ਦਿਨਾਂ ਦੀ ਲਾਜ਼ਮੀ ਸਰਟੀਫੀਕੇਸ਼ਨ ਸਿਖਲਾਈ ਲੈਣੀ ਹੁੰਦੀ ਹੈ। ਜਾਂਚ ਦੀ ਗੁਣਵੱਤਾ ਵਿੱਚ ਬਿਹਤਰੀ ਲਿਆਉਣ ਲਈ 400 ਤੋਂ ਵੱਧ ਆਈ.ਓ. ਪਹਿਲਾਂ ਹੀ ਯੂਨੀਵਰਸਿਟੀ ਵਿੱਚ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ। ਇਹ ਦੇਖਦੇ ਹੋਏ ਕਿ ਐਨਡੀਪੀਐਸ ਐਕਟ ਭਾਰਤ ਦੇ ਸਭ ਤੋਂ ਸਖ਼ਤ ਅਪਰਾਧਿਕ ਕਾਨੂੰਨਾਂ ਵਿੱਚੋਂ ਇੱਕ ਹੈ ਜਿਸ ਵਿੱਚ ਖੋਜ, ਜ਼ਬਤੀ ਅਤੇ ਸਬੂਤਾਂ ਦੇ ਪ੍ਰਬੰਧਨ ਨੂੰ ਨਿਯੰਤਰਿਤ ਕਰਨ ਵਾਲੇ ਸਖ਼ਤ ਪ੍ਰਕਿਰਿਆਤਮਕ ਸੁਰੱਖਿਆ ਉਪਾਅ ਸ਼ਾਮਲ ਹਨ। ਅਧਿਕਾਰੀਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਛੋਟੀਆਂ-ਮੋਟੀਆਂ ਗਲਤੀਆਂ ਵੀ ਕਈ ਵਾਰ ਮਾਮਲਿਆਂ ਨੂੰ ਕਮਜ਼ੋਰ ਕਰ ਸਕਦੀਆਂ ਹਨ। ਇਸ ਲਈ ਪੰਜਾਬ ਪੁਲਿਸ ਨੇ ਵਿਗਿਆਨਕ ਜਾਂਚ ਵਿਧੀਆਂ ਤੇ ਸਖ਼ਤ ਚੇਨ-ਆਫ-ਕਸਟਡੀ ਪ੍ਰੋਟੋਕੋਲ ਵਿੱਚ ਜਾਂਚਕਰਤਾਵਾਂ ਨੂੰ ਸਿਖਲਾਈ ਦੇਣ ਵਿੱਚ ਭਾਰੀ ਨਿਵੇਸ਼ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਬੂਤ ਕਾਨੂੰਨੀ ਤੌਰ ’ਤੇ ਸਹੀ ਰਹਿਣ।

ਸਜ਼ਾ ਦਰ ਵਿੱਚ ਆਈ ਇਸ ਮਿਸਾਲੀ ਤਬਦੀਲੀ ਦਾ ਇੱਕ ਹੋਰ ਵੱਡਾ ਕਾਰਨ ਤਕਨਾਲੋਜੀ ਅਤੇ ਨਾਗਰਿਕ ਭਾਗੀਦਾਰੀ ਨਾਲ ਸਮਰਥਿਤ ਖੁਫੀਆ-ਅਗਵਾਈ ਵਾਲੀ ਪੁਲਿਸਿੰਗ ਪਹੁੰਚ ਨੂੰ ਅਪਣਾਉਣਾ ਹੈ। ਡਿਜੀਟਲ ਪਲੇਟਫਾਰਮਾਂ ਅਤੇ ਅਗਿਆਤ ਟਿਪ-ਆਫ ਪ੍ਰਣਾਲੀਆਂ ਰਾਹੀਂ, ਲੋਕਾਂ ਨੂੰ ਨਸ਼ਾ ਤਸਕਰੀ ਸਬੰਧੀ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਸੰਗਠਿਤ ਨਸ਼ਾ ਨੈੱਟਵਰਕਾਂ ਨੂੰ ਖਤਮ ਕਰਨ ਵਿੱਚ ਮਦਦ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਨਸ਼ਾ ਤਸਕਰੀ ਦੇ ਆਰਥਿਕ ਆਧਾਰ ਨੂੰ ਨਿਸ਼ਾਨਾ ਬਣਾਉਂਦਿਆਂ ਵਿੱਤੀ ਜਾਂਚ ਨੂੰ ਵੀ ਤੇਜ਼ ਕੀਤਾ ਹੈ। ਡਰੱਗ ਮਨੀ ਰਾਹੀਂ ਪ੍ਰਾਪਤ ਕੀਤੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਅਤੇ ਫਰੀਜ਼ ਕਰਨ ਲਈ ਕਾਨੂੰਨੀ ਪ੍ਰਬੰਧਾਂ ਦੀ ਵਰਤੋਂ ਵਧਾਈ ਗਈ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਸੈਂਕੜੇ ਕਰੋੜਾਂ ਦੀ ਜਾਇਦਾਦ ਦੀ ਪਛਾਣ ਕਰਕੇ ਜ਼ਬਤ ਕੀਤੀ ਗਈ ਹੈ। ਅਧਿਕਾਰੀ ਨੇ ਕਿਹਾ,“ਨਸ਼ੀਲੇ ਪਦਾਰਥਾਂ ਦੀ ਤਸਕਰੀ ਆਖਰਕਾਰ ਪੈਸੇ ਨਾਲ ਹੀ ਚਲਾਈ ਜਾਂਦੀ ਹੈ। ਵਿੱਤੀ ਟਰਾਇਲ ਦਾ ਪਤਾ ਲਗਾ ਕੇ ਤੇ ਗੈਰ-ਕਾਨੂੰਨੀ ਜਾਇਦਾਦਾਂ ਨੂੰ ਜ਼ਬਤ ਕਰਕੇ, ਅਸੀਂ ਇਨ੍ਹਾਂ ਨੈੱਟਵਰਕਾਂ ਦੀ ਆਰਥਿਕਤਾ ਦਾ ਲੱਕ ਤੋੜ ਰਹੇ ਹਾਂ। ਇਸ ਨਾਲ ਅਦਾਲਤ ਵਿੱਚ ਸਾਡੇ ਕੇਸਾਂ ਨੂੰ ਵੀ ਮਜ਼ਬੂਤੀ ਮਿਲਦੀ ਹੈ ਕਿਉਂਕਿ ਇਹ ਤਸਕਰਾਂ ਅਤੇ ਸੰਗਠਿਤ ਨਸ਼ਾ ਵਪਾਰ ਵਿਚਕਾਰ ਸਪੱਸ਼ਟ ਸਬੰਧ ਸਥਾਪਿਤ ਕਰਦਾ ਹੈ,”। ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਸਾਲ ਹਜ਼ਾਰਾਂ ਐਨਡੀਪੀਐਸ ਮਾਮਲੇ ਦਰਜ ਕੀਤੇ ਜਾਂਦੇ ਹਨ ਅਤੇ ਹਜ਼ਾਰਾਂ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਪਰ ਸਿਰਫ਼ ਲਾਗੂ ਕਰਨ ਦੇ ਅੰਕੜੇ ਹੀ ਸਫਲਤਾ ਨੂੰ ਦਰਸਾਉਂਦੇ। ਉਨ੍ਹਾਂ ਕਿਹਾ, “ਅਸਲੀ ਰੋਕਥਾਮ ਸਜ਼ਾ ਦੀ ਨਿਸ਼ਚਤਤਾ ਹੈ। ਜਦੋਂ ਤਸਕਰਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਗ੍ਰਿਫਤਾਰੀ ਲਗਭਗ ਨਿਸ਼ਚਤ ਤੌਰ ’ਤੇ ਸਜ਼ਾ ਅਤੇ ਜਾਇਦਾਦ ਦੇ ਨੁਕਸਾਨ ਤੱਕ ਲੈ ਜਾਵੇਗੀ, ਤਾਂ ਸਭ ਨੂੰ ਇਹ ਸਪੱਸ਼ਟ ਸੰਦੇਸ਼ ਮਿਲਦਾ ਹੈ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਆਖਰੀ ਮੰਜਿਲ ਜੇਲ੍ਹ ਹੀ ਹੈ।” ਅਧਿਕਾਰੀ ਨੇ ਅੱਗੇ ਕਿਹਾ ਕਿ ਇਹ ਵਿਆਪਕ ਈਕੋਸਿਸਟਮ ਪਹੁੰਚ, ਜੋ ਕਿ ਲਾਗੂ ਕਰਨ, ਵਿੱਤੀ ਜਾਂਚ, ਕਮਿਊਨਿਟੀ ਇੰਟੈਲੀਜੈਂਸ ਤੇ ਮੁੜ ਵਸੇਬੇ ਨੂੰ ਜੋੜਦੀ ਹੈ, ਨਸ਼ੀਲੇ ਪਦਾਰਥਾਂ ਦੀ ਸਪਲਾਈ ਤੇ ਮੰਗ ਨੂੰ ਤਬਾਹ ਕਰਨ ’ਚ ਮਦਦ ਕਰ ਰਹੀ ਹੈ। ਜਾਂਚਕਰਤਾਵਾਂ, ਵਕੀਲਾਂ ਤੇ ਫੋਰੈਂਸਿਕ ਪ੍ਰਣਾਲੀਆਂ ਨੂੰ ਇੱਕ ਤਾਲਮੇਲ ਵਾਲੇ ਢਾਂਚੇ ਵਿੱਚ ਜੋੜਨ ਨਾਲ ਅਦਾਲਤਾਂ ਵਿੱਚ ਪੇਸ਼ ਕੀਤੇ ਗਏ ਕੇਸਾਂ ਦੀ ਗੁਣਵੱਤਾ ਵਿੱਚ ਵੀ ਕਾਫ਼ੀ ਸੁਧਾਰ ਹੋਇਆ ਹੈ।

ਅਧਿਕਾਰੀ ਨੇ ਅੱਗੇ ਕਿਹਾ,“ਸਾਡੀ ਪਹੁੰਚ ਸਰਲ ਤੇ ਸਪੱਸ਼ਟ ਹੈ: ਹਰ ਕੇਸ ਕਾਨੂੰਨੀ ਤੌਰ ’ਤੇ ਮਜ਼ਬੂਤ, ਸਬੂਤ-ਅਧਾਰਤ ਅਤੇ ਮੁਕੱਦਮੇ ਦੀ ਪ੍ਰੀਖਿਆ ’ਤੇ ਖਰਾ ਉਤਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਸਜ਼ਾ ਦੀ ਦਰ ਜਾਂਚਕਰਤਾਵਾਂ, ਵਕੀਲਾਂ ਦੀ ਸਖ਼ਤ ਮਿਹਨਤ ਅਤੇ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਨਾਗਰਿਕਾਂ ਦੇ ਸਮਰਥਨ ਦਾ ਪ੍ਰਤੱਖ ਪ੍ਰਮਾਣ ਹੈ,।” ਅਧਿਕਾਰੀ ਦਾ ਮੰਨਣਾ ਹੈ ਕਿ ਭਾਵੇਂ ਪੰਜਾਬ, ਭਾਰਤ ਵਿੱਚ ਨਸ਼ਾ ਤਸਕਰੀ ਦੇ ਪ੍ਰਮੁੱਖ ਰੂਟਾਂ ਵਿੱਚੋਂ ਇੱਕ ਹੈ, ਪਰ ਵਿਕਸਤ ਹੋ ਰਹੀ ਇਹ ਰਣਨੀਤੀ ਸੰਗਠਿਤ ਨਸ਼ਾ ਨੈੱਟਵਰਕਾਂ ਨਾਲ ਨਜਿੱਠਣ ਲਈ ਹੋਰਨਾਂ ਸੂਬਿਆਂ ਲਈ ਇੱਕ ਮਾਡਲ ਵਜੋਂ ਕੰਮ ਕਰ ਸਕਦੀ ਹੈ। ਅਧਿਕਾਰੀ ਨੇ ਕਿਹਾ,“ਸੰਦੇਸ਼ ਸਪੱਸ਼ਟ ਹੈ: ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਨਾ ਸਿਰਫ਼ ਗ੍ਰਿਫ਼ਤਾਰ ਕੀਤਾ ਜਾਵੇਗਾ ਬਲਕਿ ਉਨ੍ਹਾਂ ਨੂੰ ਸਜ਼ਾਵਾਂ ਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਦੇ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ। ਇਹ ਸਭ ਤੋਂ ਮਜ਼ਬੂਤ ਰੋਕਥਾਮ ਹੈ ਜੋ ਅਸੀਂ ਦੇ ਸਕਦੇ ਹਾਂ,”।

# ਮੀਂਹ ਤੇ ਗੜੇਮਾਰੀ ਨੇ ਫ਼ਸਲਾਂ ਦਾ ਕੀਤਾ ਭਾਰੀ ਨੁਕਸਾਨ : ਗੁਰਲਾਲ ਸਿੰਘ



ਮੋਗਾ, 4 ਅਪ੍ਰੈਲ (ਨਿਸ਼ੀ ਮਨਚੰਦਾ): ਹਲਕਾ ਧਰਮਕੋਟ ਦੇ ਆਸ ਪਾਸ ਦੇ ਕਈ ਪਿੰਡਾਂ ਵਿੱਚ ਹੋਈ ਭਾਰੀ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਖੜੀਆਂ ਫਸਲਾਂ ਨੂੰ ਵੱਡਾ ਨੁਕਸਾਨ ਪਹੁੰਚਣ ਦੀ ਜਾਣਕਾਰੀ ਮਿਲੀ ਹੈ। ਕੋਟ ਸਦਰ ਖਾਂ, ਕੰਡਿਆਲ, ਕੈਲਾ, ਮੌਜਗੜ, ਚੀਮਾ, ਬਾਜੇਕੇ, ਜਾਫਰ ਵਾਲਾ, ਮੂਸੇ ਵਾਲਾ ਸਮੇਤ ਹੋਰ ਕਈ ਪਿੰਡ ਇਸ ਕੁਦਰਤੀ ਆਫਤ ਦੀ ਚਪੇਟ ਵਿੱਚ ਆਏ ਹਨ। ਜਾਣਕਾਰੀ ਅਨੁਸਾਰ ਇਨ੍ਹਾਂ ਪਿੰਡਾਂ ਵਿੱਚ ਅਚਾਨਕ ਹੋਈ ਗੜੇਮਾਰੀ ਨੇ ਕਣਕ ਅਤੇ ਹੋਰ ਫਸਲਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਕਿਸਾਨਾਂ ਨੇ ਦੱਸਿਆ ਕਿ ਫਸਲਾਂ ਕਟਾਈ ਲਈ ਤਿਆਰ ਸਨ ਪਰ ਗੜੇਮਾਰੀ ਕਾਰਨ ਕਣਕ ਦੀਆਂ ਬੱਲੀਆਂ ਝੁਕ ਗਈਆਂ ਅਤੇ ਕਈ ਥਾਵਾਂ ‘ਤੇ ਫਸਲ ਜ਼ਮੀਨ ‘ਤੇ ਲਿੱਟ ਗਈ ਹੈ ਜਿਸ ਨਾਲ ਪੈਦਾਵਾਰ ‘ਤੇ ਸਿੱਧਾ ਅਸਰ ਪਵੇਗਾ। ਇਸ ਸਬੰਧੀ ਕਿਸਾਨ ਆਗੂਆਂ ਅਤੇ ਸਥਾਨਕ ਲੋਕਾਂ ਨੇ ਸਰਕਾਰ ਤੋਂ ਤੁਰੰਤ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਗਿਰਦਾਵਰੀ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਵਧ ਰਹੇ ਖਰਚਿਆਂ ਅਤੇ ਘੱਟ ਮੁਨਾਫੇ ਨਾਲ ਜੂਝ ਰਹੇ ਹਨ ਅਤੇ ਹੁਣ ਗੜੇਮਾਰੀ ਨੇ ਉਨ੍ਹਾਂ ਦੀ ਮਿਹਨਤ ‘ਤੇ ਪਾਣੀ ਫੇਰ ਦਿੱਤਾ ਹੈ।

ਉਨ੍ਹਾਂ ਨੇ ਮੰਗ ਕੀਤੀ ਕਿ ਪ੍ਰਭਾਵਿਤ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਨੁਕਸਾਨ ਦੀ ਭਰਪਾਈ ਕਰ ਸਕਣ। ਕਿਸਾਨਾਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਸਮੇਂ ਸਿਰ ਸਹਾਇਤਾ ਨਾ ਦਿੱਤੀ ਗਈ ਤਾਂ ਉਹਨਾਂ ਨੂੰ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਸਥਾਨਕ ਲੋਕਾਂ ਨੇ ਦੱਸਿਆ ਕਿ ਕੁਝ ਥਾਵਾਂ ‘ਤੇ ਗੜਿਆਂ ਦੀ ਮਾਰ ਇੰਨੀ ਤੇਜ਼ ਸੀ ਕਿ ਖੇਤਾਂ ਵਿੱਚ ਖੜੀ ਫਸਲ ਪੂਰੀ ਤਰ੍ਹਾਂ ਢਹਿ ਗਈ ਹੈ। ਇਸ ਨਾਲ ਨਾ ਸਿਰਫ ਕਣਕ ਬਲਕਿ ਹੋਰ ਫਸਲਾਂ ਨੂੰ ਵੀ ਨੁਕਸਾਨ ਹੋਇਆ ਹੈ। ਇਸ ਮੌਕੇ ਕਿਸਾਨਾਂ ਅਤੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਹਕੀਕਤ ਦਾ ਜਾਇਜ਼ਾ ਲਵੇ ਅਤੇ ਕਿਸਾਨਾਂ ਦੀ ਮਦਦ ਲਈ ਜਰੂਰੀ ਕਦਮ ਚੁੱਕੇ।

# ਰਿਆਤ ਬਾਹਰਾ ਸੀਨੀਅਰ ਸੈਕੰਡਰੀ ਸਕੂਲ ਵੱਲੋਂ +2 ਦੇ ਵਿਦਿਆਰਥੀਆਂ ਲਈ ਦਿਲ ਨੂੰ ਛੂਹਣ ਵਾਲਾ ਵਿਦਾਈ ਸਮਾਰੋਹ



ਮੋਹਾਲੀ, 4 ਅਪ੍ਰੈਲ (ਹਰਦੀਪ ਕੌਰ): ਰਿਆਤ ਬਾਹਰਾ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਕਲਾਸ +2 ਦੇ ਵਿਦਿਆਰਥੀਆਂ ਲਈ ਦਿਲ ਨੂੰ ਛੂਹਣ ਵਾਲਾ ਵਿਦਾਈ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਭਾਜਪਾ ਪੰਜਾਬ ਦੇ ਕੈਸ਼ੀਅਰ ਸਰਦਾਰ ਸੁਖਵਿੰਦਰ ਸਿੰਘ ਗੋਲਡੀ ਸ਼ਾਮਲ ਹੋਏ, ਜਿਨ੍ਹਾਂ ਨੇ ਆਪਣੇ ਪ੍ਰੇਰਣਾਦਾਇਕ ਸ਼ਬਦਾਂ ਨਾਲ ਵਿਦਿਆਰਥੀਆਂ ਨੂੰ ਉਜਲੇ ਤੇ ਜ਼ਿੰਮੇਵਾਰ ਭਵਿੱਖ ਵੱਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪ੍ਰਿੰਸੀਪਲ ਮਿਸਿਜ਼ ਮੀਨਾ ਵਰਮਾ ਨੇ ਸਟਾਫ ਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਤੇ ਉਤਕ੍ਰਿਸ਼ਟਤਾ ਲਈ ਉਨ੍ਹਾਂ ਦੀ ਨਿਭਾਈ ਜਾ ਰਹੀ ਭੂਮਿਕਾ ਦੀ ਭਰਪੂਰ ਸਰਾਹਨਾ ਕੀਤੀ ਗਈ।

ਸਮਾਗਮ ਦਾ ਮਾਹੌਲ ਖੁਸ਼ੀ ਤੇ ਭਾਵੁਕਤਾ ਨਾਲ ਭਰਪੂਰ ਰਿਹਾ, ਜਿੱਥੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰਸਤੁਤੀਆਂ ਰਾਹੀਂ ਆਪਣੀ ਕਾਬਲਿਯਤ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਮੌਕੇ ਨੂੰ ਯਾਦਗਾਰ ਬਣਾ ਦਿੱਤਾ। ਅੰਤ ਵਿੱਚ ਸਮਾਰੋਹ ਵਿਦਿਆਰਥੀਆਂ ਦੇ ਸੁਖਦਾਇਕ ਅਤੇ ਕਾਮਯਾਬ ਭਵਿੱਖ ਲਈ ਦੁਆਵਾਂ ਅਤੇ ਸ਼ੁਭਕਾਮਨਾਵਾਂ ਨਾਲ ਸਮਾਪਤ ਹੋਇਆ।

# ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਦੀ ਮੀਟਿੰਗ



ਧਾਰੀਵਾਲ, 4 ਅਪ੍ਰੈਲ (ਅਸ਼ੋਕ ਕੁਮਾਰ): ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਦੀ ਡਿਵੀਜ਼ਨ ਦੀ ਮਹੀਨਾਵਾਰ ਮੀਟਿੰਗ ਪ੍ਰੇਮ ਸਿੰਘ ਸੁਲਤਾਨਪੁਰ ਦੀ ਅਗਵਾਈ ਅਤੇ ਤਰਲੋਕ ਸਿੰਘ ਖੂੰਡੀ ਦੀ ਪ੍ਰਧਾਨਗੀ ਹੇਠ ਗੁਰੂ ਨਾਨਕ ਪਾਰਕ ਵਿਖੇ ਹੋਈ। ਇਸ ਮੌਕੇ ਕਰਮਾਚਾਰੀ ਦਲ ਦੇ ਸਰਕਲ ਆਗੂ ਬਲਵੰਤ ਸਿੰਘ ਝੌਰ ਅਤੇ ਜਗਦੇਵ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਪ੍ਰਧਾਨ ਤਰਲੋਕ ਸਿੰਘ ਖੂੰਡੀ ਅਤੇ ਪ੍ਰੇਮ ਸਿੰਘ ਸੁਲਤਾਨਪੁਰ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਦੇ ਮੁੱਖ ਦਫਤਰ ਪਟਿਆਲਾ ਵਿਖੇ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ 10 ਅਪ੍ਰੈਲ ਨੂੰ ਦਿੱਤੇ ਜਾ ਰਹੇ ਧਰਨੇ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਵੱਡੀ ਗਿਣਤੀ ਵਿੱਚ ਸਮੂਲੀਅਤ ਕਰੇਗਾ।ਇਸ ਮੌਕੇ ਆਗੂ ਨੇ ਦੱਸਿਆ ਕਿ ਇਸ ਧਰਨੇ ਨੂੰ ਸਫਲ ਬਣਾਉਣ ਲਈ ਵੱਖ ਵੱਖ ਸਬ ਡਿਵੀਜ਼ਨਾਂ ਤੇ ਮੀਟਿੰਗਾਂ ਕਰਕੇ ਬਿਜਲੀ ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਜਥੇਬੰਦੀ ਦੇ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਹਨਾਂ ਦੱਸਿਆ ਕਿ ਮੁਲਾਜ਼ਮਾਂ ਦੀਆਂ ਮੰਗਾਂ ਜਿਵੇਂ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਰੁਕਿਆ ਬਿਜਲੀ ਮੁਲਾਜ਼ਮਾਂ ਦਾ 16% ਡੀਏ ਬਹਾਲ ਕਰਵਾਉਣ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਡਿਵੈਲਪਮੈਂਟ ਦੇ ਨਾਮ ’ਤੇ ਕੱਟਿਆ ਜਾ ਰਿਹਾ 200 ਰੁਪਏ ਡਿਵੈਲਪਮੈਂਟ ਫੰਡ ਬੰਦ ਕਰਵਾਉਣ, ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਤੇ ਦੇਸ਼ ਵਿਰੋਧੀ, ਪਬਲਿਕ ਸੈਕਟਰ ਵਿਰੋਧੀ ਨੀਤੀਆਂ ਅਤੇ ਚਾਰ ਲੇਬਰ ਕੋਡਾਂ ਦੇ ਵਿਰੋਧ ਵਿੱਚ ਡਟ ਕੇ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਤੇ ਹਰਭਿੰਦਰ ਸਿੰਘ ਔਜਲਾ, ਇੰਦਰਜੀਤ ਸਿੰਘ, ਗੁਰਪ੍ਰੀਤ ਸਿੰਘ, ਲਖਬੀਰ ਸਿੰਘ, ਤਲਵਿੰਦਰ ਸਿੰਘ, ਪ੍ਰਕਾਸ਼ ਚੰਦ ਘੁੱਲਾ, ਜਸਦੀਪ ਸਿੰਘ,ਰਕੇਸ਼ ਕੁਮਾਰ, ਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਮਰਦੀਪ ਸਿੰਘ, ਜਸਵਿੰਦਰ ਸਿੰਘ, ਬਲਕਾਰ ਸਿੰਘਠ , ਸੰਦੀਪ ਕੁਮਾਰਠ ਦਵਿੰਦਰ ਸਿੰਘ ਆਦਿ ਹਾਜਰ ਸਨ ।

# ਪੰਜਾਬ ਮੰਡੀ ਬੋਰਡ ਦੇ ਸਕੱਤਰ ਵੱਲੋਂ ਸੂਬੇ ਦੀਆਂ ਮੰਡੀਆਂ ਦਾ ਦੌਰਾ

ਐਸ.ਏ.ਐਸ. ਨਗਰ (ਮੋਹਾਲੀ), 3 ਅਪ੍ਰੈਲ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸਕੱਤਰ ਪੰਜਾਬ ਮੰਡੀ ਬੋਰਡ ਵੱਲੋਂ ਅੱਜ ਪੰਜਾਬ ਰਾਜ ਦੀ ਵੱਖ-ਵੱਖ ਅਨਾਜ ਮੰਡੀਆਂ ਦਾ ਦੌਰਾ ਕੀਤਾ ਗਿਆ। ਸਕੱਤਰ ਮੰਡੀ ਬੋਰਡ ਵੱਲੋਂ ਰਾਜਪੁਰਾ, ਸਰਹਿੰਦ, ਖੰਨਾ ਅਤੇ ਪਟਿਆਲਾ ਦੀਆਂ ਅਨਾਜ ਮੰਡੀਆਂ ਵਿੱਚ ਜਾ ਕੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ। ਉਨ੍ਹਾਂ ਕਿਹਾ ਕਿ ਸੀਜਨ ਦੌਰਾਨ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਤੇ ਮਜਦੂਰਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕਣਕ ਦੀ ਸਰਕਾਰੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਗਈ ਹੈ, ਜਿਸਦੇ ਲਈ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ।ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਸਾਫ਼-ਸਫਾਈ, ਬਿਜਲੀ, ਪੀਣ ਯੋਗ ਪਾਣੀ, ਬਾਥਰੂਮਾਂ, ਛਾਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨੂੰ ਕਿਸੇ ਵੀ ਕਿਸਮ ਦੀ



ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਣੀ ਚਾਹੀਦੀ।

ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿੱਖੇ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਪੇਸ਼ ਆਉਣ ਤੇ ਸਬੰਧਤ ਮਾਰਕਿਟ ਕਮੇਟੀ ਦੇ ਸਕੱਤਰ ਜਾਂ ਕੰਟਰੋਲ ਰੂਮ ਦੇ ਟੈਲੀਫੋਨ ਨੰ. 0172-5101649 ਤੇ 0172-5101704 ਤੇ ਸੰਪਰਕ ਕੀਤਾ ਜਾ ਸਕਦਾ ਹੈ, ਜਿਸ ਮਗਰੋਂ ਸਮੱਸਿਆ ਦਾ ਤੁਰੰਤ ਹੀ ਨਿਪਟਾਰਾ ਕੀਤਾ ਜਾਵੇਗਾ।


## ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ

ਡਰਾਅ ਦਾ ਸਮਾਂ : ਸ਼ਾਮ 06.00 ਵਜੇ ਤੋਂ — ਪੰਜਾਬ ਰਾਜ ਡੀਅਰ 200 ਮਹੀਨਾਵਾਰ ਲਾਟਰੀ ਦਾ ਨਤੀਜਾ — ਮਿਤੀ : 04.04.2026
ਮੁੱਲ ਰੁਪਏ 200/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 1.50 ਕਰੋੜ ( 6 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 10 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 5 ਲੱਖ, ਕੁੱਲ ਇਨਾਮੀ ਰਾਸ਼ੀ ਰੁਪਏ 1.65 ਕਰੋੜ)
**515656**

ਦੂਜੇ ਇਨਾਮ ਦੀ ਰਾਸ਼ੀ (1) ਰੁ.10 ਲੱਖ (6 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 1 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50,000/-, ਕੁੱਲ ਇਨਾਮੀ ਰਾਸ਼ੀ ਰੁਪਏ 11.50 ਲੱਖ)
**835910**

ਤੀਜੇ ਇਨਾਮ ਦੀ ਰਾਸ਼ੀ (1) ਰੁ. 5 ਲੱਖ ( 6 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50,000/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20,000/-, ਕੁੱਲ ਇਨਾਮੀ ਰਾਸ਼ੀ ਰੁਪਏ 5.70 ਲੱਖ)
**689826**

ਚੌਥੇ ਇਨਾਮ ਦੀ ਰਾਸ਼ੀ (50) ਰੁ. 9,000/- (ਆਖਰੀ 5 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 900/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 10,000/- ਹਰੇਕ)
09594 23105 36267 41127 59909 62380 71986 82629 84893 87927

ਪੰਜਵੇਂ ਇਨਾਮ ਦੀ ਰਾਸ਼ੀ (50) ਰੁ. 8,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 800/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 8,850/- ਹਰੇਕ)
3812 5869

ਛੇਵੇਂ ਇਨਾਮ ਦੀ ਰਾਸ਼ੀ (100) ਰੁ. 6,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 600/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 6,650/- ਹਰੇਕ)
5207 8053

ਸੱਤਵੇਂ ਇਨਾਮ ਦੀ ਰਾਸ਼ੀ (250) ਰੁ. 4,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 400/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 30/-, ਕੁੱਲ ਇਨਾਮੀ ਰਾਸ਼ੀ ਰੁਪਏ 4,430/- ਹਰੇਕ)
0624 1262 2952 7020 7218

ਅੱਠਵੇਂ ਇਨਾਮ ਦੀ ਰਾਸ਼ੀ (250) ਰੁ. 2,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 200/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁਪਏ 2,220/- ਹਰੇਕ)
4310 6967 8360 8416 8866

ਨੌਵੇਂ ਇਨਾਮ ਦੀ ਰਾਸ਼ੀ (25000) ਰੁ. 300/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 30/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 10/-, ਕੁੱਲ ਇਨਾਮੀ ਰਾਸ਼ੀ ਰੁਪਏ 340/- ਹਰੇਕ)

| | | | | | | | | | |
|---|---|---|---|---|---|---|---|---|---|
| 0041 | 0042 | 0047 | 0049 | 0057 | 0069 | 0080 | 0112 | 0116 | 0159 |
| 0180 | 0181 | 0214 | 0237 | 0240 | 0246 | 0299 | 0316 | 0357 | 0402 |
| 0444 | 0461 | 0526 | 0571 | 0579 | 0581 | 0601 | 0614 | 0622 | 0635 |
| 0641 | 0713 | 0722 | 0724 | 0735 | 0744 | 0777 | 0790 | 0802 | 0820 |
| 0849 | 0858 | 0861 | 0890 | 0893 | 0950 | 0980 | 0997 | 1004 | 1027 |
| 1060 | 1074 | 1089 | 1091 | 1102 | 1114 | 1130 | 1132 | 1169 | 1187 |
| 1205 | 1211 | 1252 | 1254 | 1267 | 1292 | 1326 | 1350 | 1359 | 1364 |
| 1366 | 1406 | 1414 | 1431 | 1433 | 1443 | 1493 | 1515 | 1528 | 1540 |
| 1544 | 1551 | 1556 | 1573 | 1575 | 1609 | 1610 | 1617 | 1642 | 1653 |
| 1704 | 1736 | 1790 | 1817 | 1859 | 1871 | 1882 | 1897 | 2035 | 2055 |
| 2079 | 2114 | 2120 | 2160 | 2169 | 2200 | 2203 | 2222 | 2226 | 2236 |
| 2246 | 2275 | 2286 | 2308 | 2313 | 2327 | 2328 | 2333 | 2372 | 2409 |
| 2425 | 2465 | 2496 | 2502 | 2517 | 2523 | 2546 | 2562 | 2584 | 2597 |
| 2627 | 2639 | 2663 | 2697 | 2738 | 2760 | 2777 | 2781 | 2793 | 2805 |
| 2829 | 2835 | 2844 | 2874 | 2904 | 2906 | 2975 | 3000 | 3002 | 3031 |
| 3045 | 3046 | 3058 | 3065 | 3070 | 3075 | 3144 | 3154 | 3174 | 3221 |
| 3225 | 3236 | 3238 | 3286 | 3295 | 3309 | 3324 | 3336 | 3346 | 3359 |
| 3367 | 3374 | 3400 | 3401 | 3444 | 3474 | 3483 | 3511 | 3515 | 3532 |
| 3558 | 3575 | 3630 | 3689 | 3702 | 3727 | 3731 | 3732 | 3755 | 3763 |
| 3774 | 3784 | 3820 | 3831 | 3861 | 3872 | 3892 | 3922 | 3936 | 3942 |
| 3996 | 4005 | 4017 | 4057 | 4080 | 4085 | 4092 | 4102 | 4134 | 4174 |
| 4252 | 4267 | 4270 | 4285 | 4294 | 4317 | 4325 | 4364 | 4392 | 4419 |
| 4430 | 4456 | 4478 | 4485 | 4490 | 4503 | 4509 | 4595 | 4611 | 4615 |
| 4650 | 4661 | 4670 | 4704 | 4706 | 4717 | 4734 | 4737 | 4782 | 4790 |
| 4807 | 4811 | 4841 | 4857 | 4883 | 4922 | 4973 | 5005 | 5012 | 5021 |
| 5033 | 5057 | 5058 | 5059 | 5075 | 5079 | 5113 | 5123 | 5139 | 5140 |
| 5163 | 5165 | 5249 | 5264 | 5304 | 5305 | 5314 | 5343 | 5364 | 5368 |
| 5371 | 5389 | 5444 | 5471 | 5503 | 5514 | 5517 | 5598 | 5652 | 5673 |
| 5706 | 5727 | 5747 | 5750 | 5760 | 5792 | 5838 | 5844 | 5884 | 5965 |
| 5981 | 5988 | 6008 | 6027 | 6035 | 6044 | 6048 | 6058 | 6070 | 6083 |
| 6085 | 6092 | 6131 | 6141 | 6153 | 6206 | 6210 | 6236 | 6242 | 6249 |
| 6310 | 6325 | 6341 | 6361 | 6383 | 6387 | 6417 | 6452 | 6460 | 6473 |
| 6490 | 6498 | 6507 | 6525 | 6553 | 6586 | 6600 | 6609 | 6626 | 6659 |
| 6685 | 6708 | 6710 | 6739 | 6749 | 6789 | 6794 | 6796 | 6797 | 6840 |
| 6841 | 6844 | 6852 | 6855 | 6877 | 6905 | 6918 | 6925 | 6926 | 6930 |
| 6934 | 6962 | 7047 | 7051 | 7102 | 7126 | 7127 | 7141 | 7173 | 7175 |
| 7180 | 7197 | 7211 | 7252 | 7273 | 7274 | 7279 | 7302 | 7323 | 7339 |
| 7345 | 7378 | 7485 | 7513 | 7515 | 7526 | 7527 | 7546 | 7548 | 7583 |
| 7637 | 7659 | 7710 | 7723 | 7734 | 7771 | 7795 | 7808 | 7818 | 7826 |
| 7829 | 7839 | 7848 | 7860 | 7864 | 7899 | 7906 | 7926 | 7933 | 7942 |
| 7956 | 7971 | 7985 | 8016 | 8020 | 8052 | 8075 | 8080 | 8085 | 8086 |
| 8096 | 8105 | 8123 | 8129 | 8144 | 8162 | 8222 | 8226 | 8233 | 8252 |
| 8299 | 8300 | 8302 | 8309 | 8342 | 8386 | 8395 | 8438 | 8479 | 8513 |
| 8581 | 8630 | 8651 | 8662 | 8692 | 8716 | 8732 | 8762 | 8801 | 8814 |
| 8857 | 8886 | 8893 | 8903 | 8904 | 8918 | 8933 | 8961 | 8962 | 8967 |
| 8976 | 8982 | 9011 | 9015 | 9043 | 9053 | 9140 | 9189 | 9197 | 9214 |
| 9268 | 9287 | 9302 | 9303 | 9314 | 9322 | 9375 | 9381 | 9397 | 9431 |
| 9443 | 9450 | 9453 | 9464 | 9485 | 9506 | 9519 | 9548 | 9582 | 9583 |
| 9584 | 9587 | 9625 | 9643 | 9676 | 9678 | 9679 | 9748 | 9787 | 9788 |
| 9796 | 9833 | 9834 | 9853 | 9933 | 9936 | 9939 | 9964 | 9985 | 9993 |

ਜਾਰੀ ਕਰਤਾ ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਵਿਚ ਦੇਖੋ
RO.No.PR-Advt.No.3924/11/2025-26/10016/Dated CHD : 02.04.2026

## ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ

ਡਰਾਅ ਦਾ ਸਮਾਂ : ਸ਼ਾਮ 05.00 ਵਜੇ ਤੋਂ — ਪੰਜਾਬ ਰਾਜ ਡੀਅਰ 50 ਜੈਕਲ ਸ਼ਨੀਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਮਿਤੀ : 04.04.2026
ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 15 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 1 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁਪਏ 16.25 ਲੱਖ)
**D 66887**

ਦੂਜੇ ਇਨਾਮ ਦੀ ਰਾਸ਼ੀ (25) ਰੁ. 9,000/- (5 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 900/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 10,000/- ਹਰੇਕ)
63993 65033 68743 91083 92772

ਤੀਜੇ ਇਨਾਮ ਦੀ ਰਾਸ਼ੀ (50) ਰੁ. 4,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 500/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 4,600/- ਹਰੇਕ)
2275 2650

ਚੌਥੇ ਇਨਾਮ ਦੀ ਰਾਸ਼ੀ (125) ਰੁ. 2,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 200/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 2,250/- ਹਰੇਕ)
0529 2891 3923 6021 8338

ਪੰਜਵੇਂ ਇਨਾਮ ਦੀ ਰਾਸ਼ੀ (125) ਰੁ. 1000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 100/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 1,150/- ਹਰੇਕ)
1341 3367 4165 4944 6024

ਛੇਵੇਂ ਇਨਾਮ ਦੀ ਰਾਸ਼ੀ (125) ਰੁ. 500/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁਪਏ 570/- ਹਰੇਕ)
1882 2067 4138 8741 9401

ਸੱਤਵੇਂ ਇਨਾਮ ਦੀ ਰਾਸ਼ੀ (17,500) ਰੁ. 100/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 10/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁਪਏ 115/- ਹਰੇਕ)

| | | | | | | | | | |
|---|---|---|---|---|---|---|---|---|---|
| 0043 | 0059 | 0092 | 0095 | 0106 | 0119 | 0152 | 0170 | 0192 | 0202 |
| 0218 | 0234 | 0242 | 0271 | 0280 | 0282 | 0292 | 0329 | 0352 | 0369 |
| 0379 | 0399 | 0401 | 0405 | 0417 | 0420 | 0431 | 0436 | 0445 | 0446 |
| 0455 | 0460 | 0465 | 0467 | 0530 | 0532 | 0537 | 0554 | 0562 | 0569 |
| 0604 | 0630 | 0654 | 0675 | 0689 | 0692 | 0693 | 0705 | 0707 | 0708 |
| 0709 | 0713 | 0719 | 0742 | 0757 | 0759 | 0766 | 0773 | 0787 | 0807 |
| 0814 | 0856 | 0864 | 0876 | 0883 | 0890 | 0904 | 0911 | 0918 | 0941 |
| 0966 | 0983 | 1007 | 1050 | 1067 | 1069 | 1080 | 1084 | 1091 | 1097 |
| 1112 | 1113 | 1127 | 1129 | 1131 | 1145 | 1184 | 1185 | 1195 | 1210 |
| 1214 | 1250 | 1256 | 1275 | 1277 | 1281 | 1292 | 1294 | 1374 | 1375 |
| 1378 | 1387 | 1392 | 1419 | 1421 | 1425 | 1437 | 1458 | 1466 | 1471 |
| 1472 | 1478 | 1488 | 1511 | 1549 | 1560 | 1574 | 1592 | 1603 | 1615 |
| 1617 | 1632 | 1640 | 1646 | 1653 | 1655 | 1658 | 1671 | 1692 | 1708 |
| 1711 | 1712 | 1821 | 1823 | 1827 | 1842 | 1845 | 1847 | 1862 | 1863 |
| 1873 | 1889 | 1904 | 1905 | 1924 | 1960 | 2032 | 2050 | 2070 | 2082 |
| 2092 | 2102 | 2130 | 2133 | 2145 | 2148 | 2155 | 2167 | 2188 | 2201 |
| 2203 | 2211 | 2214 | 2241 | 2242 | 2260 | 2267 | 2280 | 2282 | 2288 |
| 2318 | 2328 | 2332 | 2365 | 2367 | 2400 | 2470 | 2495 | 2500 | 2502 |
| 2504 | 2508 | 2514 | 2517 | 2518 | 2542 | 2550 | 2553 | 2561 | 2562 |
| 2568 | 2577 | 2586 | 2597 | 2638 | 2644 | 2649 | 2671 | 2692 | 2701 |
| 2730 | 2749 | 2758 | 2775 | 2785 | 2793 | 2802 | 2835 | 2851 | 2854 |
| 2881 | 2924 | 2927 | 2995 | 3017 | 3018 | 3028 | 3059 | 3060 | 3063 |
| 3069 | 3094 | 3099 | 3105 | 3124 | 3141 | 3146 | 3183 | 3186 | 3188 |
| 3190 | 3204 | 3206 | 3238 | 3244 | 3254 | 3269 | 3294 | 3302 | 3308 |
| 3310 | 3311 | 3334 | 3339 | 3342 | 3365 | 3369 | 3374 | 3381 | 3388 |
| 3457 | 3462 | 3477 | 3497 | 3498 | 3500 | 3509 | 3512 | 3516 | 3523 |
| 3549 | 3551 | 3554 | 3568 | 3639 | 3658 | 3663 | 3679 | 3688 | 3698 |
| 3705 | 3706 | 3709 | 3752 | 3758 | 3777 | 3779 | 3780 | 3783 | 3788 |
| 3789 | 3790 | 3797 | 3798 | 3799 | 3802 | 3804 | 3809 | 3831 | 3836 |
| 3848 | 3896 | 3897 | 3902 | 3943 | 3967 | 3977 | 3988 | 4053 | 4095 |
| 4101 | 4123 | 4152 | 4174 | 4176 | 4187 | 4190 | 4208 | 4211 | 4229 |
| 4247 | 4255 | 4256 | 4269 | 4275 | 4283 | 4300 | 4311 | 4318 | 4329 |
| 4335 | 4336 | 4337 | 4353 | 4354 | 4370 | 4399 | 4400 | 4419 | 4449 |
| 4452 | 4460 | 4465 | 4473 | 4517 | 4531 | 4539 | 4551 | 4571 | 4575 |
| 4589 | 4593 | 4606 | 4614 | 4616 | 4619 | 4657 | 4670 | 4683 | 4703 |
| 4716 | 4747 | 4759 | 4763 | 4793 | 4808 | 4811 | 4812 | 4844 | 4872 |
| 4873 | 4890 | 4927 | 4953 | 4968 | 4976 | 4979 | 5007 | 5010 | 5016 |
| 5041 | 5061 | 5081 | 5105 | 5110 | 5133 | 5138 | 5141 | 5142 | 5152 |
| 5172 | 5180 | 5181 | 5198 | 5211 | 5215 | 5217 | 5251 | 5252 | 5261 |
| 5262 | 5293 | 5296 | 5309 | 5317 | 5327 | 5367 | 5368 | 5401 | 5402 |
| 5405 | 5410 | 5424 | 5425 | 5429 | 5449 | 5471 | 5487 | 5507 | 5546 |
| 5571 | 5577 | 5588 | 5596 | 5598 | 5610 | 5632 | 5646 | 5667 | 5672 |
| 5722 | 5725 | 5728 | 5751 | 5763 | 5778 | 5782 | 5792 | 5819 | 5826 |
| 5830 | 5831 | 5838 | 5854 | 5863 | 5870 | 5883 | 5884 | 5902 | 5915 |
| 5930 | 5939 | 5952 | 5982 | 5985 | 5991 | 5995 | 5999 | 6031 | 6033 |
| 6037 | 6074 | 6084 | 6095 | 6099 | 6114 | 6130 | 6135 | 6159 | 6174 |
| 6191 | 6203 | 6211 | 6231 | 6242 | 6256 | 6264 | 6282 | 6315 | 6330 |
| 6360 | 6390 | 6395 | 6407 | 6422 | 6457 | 6458 | 6459 | 6482 | 6486 |
| 6490 | 6492 | 6496 | 6498 | 6504 | 6517 | 6520 | 6540 | 6563 | 6567 |
| 6630 | 6656 | 6714 | 6722 | 6731 | 6740 | 6755 | 6786 | 6808 | 6813 |
| 6815 | 6871 | 6882 | 6891 | 6903 | 6905 | 6931 | 6933 | 6934 | 6988 |
| 6991 | 7046 | 7086 | 7126 | 7140 | 7145 | 7209 | 7258 | 7261 | 7269 |
| 7276 | 7278 | 7285 | 7287 | 7302 | 7304 | 7308 | 7315 | 7333 | 7334 |
| 7336 | 7351 | 7358 | 7387 | 7401 | 7412 | 7423 | 7441 | 7442 | 7460 |
| 7465 | 7477 | 7487 | 7547 | 7568 | 7571 | 7588 | 7601 | 7629 | 7654 |
| 7663 | 7665 | 7675 | 7710 | 7751 | 7761 | 7763 | 7768 | 7798 | 7803 |
| 7809 | 7812 | 7814 | 7826 | 7850 | 7864 | 7906 | 7919 | 7929 | 7930 |
| 7972 | 7976 | 7986 | 7999 | 8001 | 8027 | 8044 | 8059 | 8100 | 8107 |
| 8112 | 8116 | 8122 | 8137 | 8145 | 8150 | 8191 | 8214 | 8215 | 8233 |
| 8250 | 8260 | 8267 | 8271 | 8313 | 8332 | 8361 | 8363 | 8388 | 8390 |
| 8426 | 8443 | 8461 | 8469 | 8492 | 8495 | 8505 | 8523 | 8531 | 8550 |
| 8553 | 8557 | 8570 | 8581 | 8589 | 8599 | 8612 | 8662 | 8663 | 8683 |
| 8689 | 8693 | 8699 | 8715 | 8757 | 8764 | 8769 | 8773 | 8798 | 8807 |
| 8840 | 8862 | 8884 | 8917 | 8987 | 8997 | 9024 | 9031 | 9032 | 9044 |
| 9058 | 9074 | 9087 | 9098 | 9129 | 9164 | 9182 | 9189 | 9212 | 9220 |
| 9234 | 9255 | 9262 | 9264 | 9269 | 9287 | 9300 | 9329 | 9350 | 9352 |
| 9370 | 9372 | 9391 | 9397 | 9400 | 9414 | 9419 | 9454 | 9465 | 9470 |
| 9483 | 9485 | 9490 | 9507 | 9511 | 9563 | 9612 | 9627 | 9629 | 9654 |
| 9710 | 9713 | 9726 | 9733 | 9752 | 9788 | 9789 | 9796 | 9810 | 9847 |
| 9848 | 9860 | 9891 | 9903 | 9907 | 9920 | 9929 | 9930 | 9931 | 9961 |

ਜਾਰੀ ਕਰਤਾ ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਵਿਚ ਦੇਖੋ।
RO.No.PR-Advt.No.3924/11/2025-26/10014/Dated CHD : 01.04.2026

## ਯੂ.ਪੀ. ਦੇ ਖੇਤੀਬਾੜੀ ਮੰਤਰੀ ਬਲਦੇਵ ਸਿੰਘ ਔਲਖ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ



ਅੰਮ੍ਰਿਤਸਰ, 4 ਅਪ੍ਰੈਲ (ਗੁਰਦਿਆਲ ਸਿੰਘ)ਉੱਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਸ. ਬਲਦੇਵ ਸਿੰਘ ਔਲਖ ਨੇ ਅੱਜ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ। ਨਤਮਸਤਕ ਹੋਣ ਉਪਰੰਤ ਸ. ਬਲਦੇਵ ਸਿੰਘ ਔਲਖ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਪੁੱਜੇ, ਜਿਥੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ. ਬਲਦੇਵ ਸਿੰਘ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਰੱਖਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਸਜਾਏ ਗਏ ਨਗਰ ਕੀਰਤਨ ਦੇ ਉੱਤਰ ਪ੍ਰਦੇਸ਼ ਰਾਜ ਅੰਦਰ ਪਹੁੰਚਣ 'ਤੇ ਸ. ਬਲਦੇਵ ਸਿੰਘ ਦੀ ਅਗਵਾਈ 'ਚ ਸਰਕਾਰ ਨੇ ਭਰਵਾਂ ਸਵਾਗਤ ਕੀਤਾ ਸੀ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਜਿੰਨੇ ਦਿਨ ਵੀ ਯੂਪੀ ਵਿਚ ਰਿਹਾ, ਸ. ਬਲਦੇਵ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਸਾਹਿਬ ਦੇ ਸਤਿਕਾਰ ਵਿਚ ਲਗਾਤਾਰ ਸੇਵਾਵਾਂ ਨਿਭਾਈਆਂ। ਐਡਵੋਕੇਟ ਧਾਮੀ ਨੇ ਸ. ਬਲਦੇਵ ਸਿੰਘ ਵੱਲੋਂ ਨਗਰ ਕੀਰਤਨ ਦੌਰਾਨ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਦੀ ਆਸ ਪ੍ਰਗਟਾਈ।ਇਸੇ ਦੌਰਾਨ ਖੇਤੀਬਾੜੀ ਮੰਤਰੀ ਸ. ਬਲਦੇਵ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਸਰਬਸਾਂਝਾ ਕੇਂਦਰ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਦੀਦਾਰ ਕਰਕੇ ਉਹ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦੇ ਹਨ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਹੈੱਡ ਪ੍ਰਚਾਰਕ ਸ. ਸਰਬਜੀਤ ਸਿੰਘ ਢੋਟੀਆਂ ਅਤੇ ਸ. ਬਲਦੇਵ ਸਿੰਘ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

## ਸਿਲਵਰ ਓਕ ਸਕੂਲ ਵਿੱਚ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਇਆ ਆਲ ਇੰਡੀਆ ਗਰਾਸ ਰੂਟ ਹਾਕੀ ਟੂਰਨਾਮੈਂਟ-2026



ਟਾਂਡਾ ਉੜਮੁੜ 4 ਅਪ੍ਰੈਲ (ਅਰਜੁਨ ਜੈਨ)ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸਕੈਂਡਰੀ ਸਕੂਲ ਸ਼ਾਹਬਾਜ਼ਪੁਰ ਵਿੱਚ ਅੱਜ ਆਲ ਇੰਡੀਆ ਗਰਾਸ ਰੂਟ ਹਾਕੀ ਟੂਰਨਾਮੈਂਟ 2026 ਦਾ ਆਗਾਜ਼ ਸ਼ਾਨੋ ਸ਼ੌਕਤ ਦੇ ਨਾਲ ਹੋਇਆ । ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸ਼ੁਰੂ ਹੋਏ ਇਸ ਟੂਰਨਾਮੈਂਟ ਦੇ ਵਿੱਚ ਭਾਰਤ ਦੇ ਅਲੱਗ-ਅਲੱਗ ਰਾਜਾਂ ਵਿੱਚੋਂ ਅੰਡਰ 15 ਲੜਕੇ ਅਤੇ ਲੜਕੀਆਂ ਦੀਆਂ ਲਗਭਗ 16 ਟੀਮਾਂ ਹਿੱਸਾ ਲੈਣ ਜਾ ਰਹੀਆਂ।ਸੰਸਥਾ ਦੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ 4 ਅਪ੍ਰੈਲ ਤੋਂ 6 ਅਪ੍ਰੈਲ ਭਾਰਤ ਦੇ ਵੱਖ ਵੱਖ ਰਾਜਾਂ ਦੇ ਵਿੱਚੋਂ ਆਏ ਖਿਡਾਰੀ ਆਪਣੇ ਖੇਡ ਦੇ ਜੌਹਰ ਦਿਖਾਉਣਗੇ।ਇਸ ਰਾਸ਼ਟਰੀ ਪੱਧਰ ਤੇ ਟੂਰਨਾਮੈਂਟ ਦੇ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਭਾਰਤੀ ਹਾਕੀ ਟੀਮ ਕਪਤਾਨ ਸ. ਰਾਜਪਾਲ ਸਿੰਘ ਹੁੰਦਲ, ਅਰਜਨਾ ਐਵਾਰਡੀ, ਸੀਨੀਅਰ ਸੁਪਰਡੈਂਟ ਆਫ ਪੁਲਿਸ, ਵਿਜੀਲੈਂਸ ਕੁਮਾਰ ਮਲਿਕ, ਆਈ.ਪੀ.ਐਸ, ਸੀਨੀਅਰ ਸੁਪਰਡੈਂਟ ਆਫ ਪੁਲਿਸ, ਹੁਸ਼ਿਆਰਪੁਰ, ਅਤੇ ਐਮ.ਐਲ.ਏ ਹਲਕਾ ਟਾਂਡਾ ਸ. ਜਸਬੀਰ ਸਿੰਘ ਰਾਜਾ ਗਿੱਲ ਨੇ ਸ਼ਿਰਕਤ ਕੀਤੀ। ਇਹਨਾਂ ਤੋਂ ਇਲਾਵਾ ਖਾਸ ਮਹਿਮਾਨਾਂ ਦੇ ਵਿੱਚ ਵਾਈਸ ਚੇਅਰਪਰਸਨ ਸਿਲਵਰ ਓਕ ਸਕੂਲ ਸ਼੍ਰੀਮਤੀ ਕਮਲੇਸ਼ ਕੌਰ ਅਤੇ ਸੰਸਥਾ ਦੇ ਡਾਇਰੈਕਟਰ ਸ. ਗੁਰਪ੍ਰੀਤ ਸਿੰਘ, ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈਕੋਰਟ, ਜਤਿੰਦਰ ਪਾਲ ਸਿੰਘ, ਡਾ. ਕੇਵਲ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਹੈਲਥ ਚੀਫ ਕੈਮੀਕਲ ਐਗਜਾਮੀਨਰ ਪੰਜਾਬ, ਡਾ. ਹਸਪਤਾਲ ਟਾਂਡਾ, ਡਾ. ਕਰਨ ਸੈਣੀ, ਐਸ.ਐਮ.ਓ ਟਾਂਡਾ, ਖਾਸ ਤੌਰ ਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ।ਇਸ ਤੋਂ ਇਲਾਵਾ ਖਾਸ ਮਹਿਮਾਨਾਂ ਦੇ ਵਿੱਚ ਸਾਬਕਾ ਭਾਰਤੀ ਹਾਕੀ ਟੀਮ ਕਪਤਾਨ ਓਲੰਪੀਅਨ ਸ਼੍ਰੀ ਭਾਰਤ ਕੁਮਾਰ ਛੇਤਰੀ, ਫਾਊਂਡਰ ਪ੍ਰੈਜ਼ੀਡੈਂਟ ਗ੍ਰਾਸ ਰੂਟ ਹਾਕੀ ਸ੍ਰੀ ਫਿਰੋਜ਼ ਸ਼ੇਖ, ਵਾਈਸ ਪ੍ਰੈਜ਼ੀਡੈਂਟ ਸ੍ਰੀ ਰਣਧੀਰ ਸਿੰਘ, ਫਾਊਂਡਰ ਸੈਕਟਰੀ ਸ੍ਰੀ ਇਮਰਾਨ ਆਜ਼ਾਦ, ਸ੍ਰੀ ਸੰਜੇ ਸ਼ਰਮਾ, ਚੇਅਰਮੈਨ ਗ੍ਰਾਸ ਰੂਟ ਹਾਕੀ ਯੂਨਿਟ ਉੱਤਰ ਪ੍ਰਦੇਸ਼, ਸ੍ਰੀ ਤ੍ਰਿਲੋਕ ਸਿੰਘ ਚੇਅਰਮੈਨ ਗ੍ਰਾਸ ਰੂਟ ਹਾਕੀ ਯੂਨਿਟ ਪੰਜਾਬ, ਸ੍ਰੀ ਵਿਨੇ ਪੁੰਦਿਰ ਕੋਡੀਨੇਟਰ ਅਤੇ ਸ਼੍ਰੀ ਰਵਿੰਦਰ ਕੁਮਾਰ ਬਾਜਪਾਈ, ਮੈਂਬਰ ਨੇ ਇਸ ਰਾਸ਼ਟਰਪਤੀ ਟੂਰਨਾਮੈਂਟ ਦੀ ਸ਼ੋਭਾ ਵਧਾਈ। ਟੂਰਨਾਮੈਂਟ ਦਾ ਆਗਾਜ਼ ਅਕਾਲ ਪੁਰਖ ਦੀ ਉਸਤਤ ਨਾਲ ਕੀਤਾ ਗਿਆ। ਇਸ ਉਪਰੰਤ ਸਕੂਲ ਦੇ ਡਾਂਸ ਵਿਭਾਗ ਮੈਡਮ ਵਿਸ਼ਾਲੀ ਦੇ ਬੱਚਿਆਂ ਵੱਲੋਂ ਤਿਆਰ ਕੀਤੀਆਂ ਹੋਈਆਂ ਆਈਟਮਾਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।ਮੁੱਖ ਮਹਿਮਾਨਾਂ ਵੱਲੋਂ ਸਿਲਵਰ ਓਕ ਸਕੂਲ ਵੱਲੋਂ ਕੀਤੇ ਗਏ ਇਸ ਖਾਸ ਉਪਰਾਲੇ ਦੀ ਤਹਿ ਦਿਲੋਂ ਸ਼ਲਾਘਾ ਕੀਤੀ ਗਈ। ਉਹਨਾਂ ਦੱਸਿਆ ਕਿ ਅਜਿਹੇ ਵੱਡੇ ਪੱਧਰ ਦੇ ਟੂਰਨਾਮੈਂਟ ਹੀ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ। ਅਤੇ ਇੱਥੋਂ ਹੀ ਸਾਡੇ ਦੇਸ਼ ਦੇ ਓਲੰਪੀਅਨ ਅਤੇ ਗੋਲਡ ਮੈਡਲਿਸਟ ਪੈਦਾ ਹੁੰਦੇ ਹਨ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਪਰਮਜੀਤ ਕੌਰ, ਗੁਰਪ੍ਰੀਤ, ਸੁਮੀਤ, ਬਲਜੀਤ ਕੌਰ, ਕੰਚਨ, ਅਰਚਨਾ, ਨੇਹਾ, ਗੁਰਦੇਵ, ਹਰਜੀਤ, ਅਜੇ ਅਤੇ ਹੋਰ ਸਟਾਫ ਮੌਜੂਦ ਸੀ।

## ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਨੇ 29ਵਾਂ ਸਥਾਪਨਾ ਦਿਵਸ ਮਨਾਇਆ




ਜੰਡਿਆਲਾ ਗੁਰੂ 4 ਅਪ੍ਰੈਲ (ਰਾਮ ਸ਼ਰਨਜੀਤ ਸਿੰਘ) ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਨੇ 29ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਮਿਤੀ 2 ਅਪ੍ਰੈਲ ਨੂੰ ਸਕੂਲ ਦੇ ਗੁਰਦੁਆਰਾ ਸਾਹਿਬ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਗਏ। ਜਿਨਾਂ ਦੇ ਅੱਜ ਭੋਗ 4 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਾਏ ਗਏ ।ਉਪਰੰਤ ਸਕੂਲ ਦੇ ਸ਼ਾਨਦਾਰ ਆਡੀਟੋਰੀਅਮ ਵਿੱਚ ਕੀਰਤਨ ਦਰਬਾਰ ਕਰਵਾਇਆ ਗਿਆ।ਜਿਸ ਵਿੱਚ ਸਕੂਲ ਦੇ ਬੱਚਿਆਂ ਨੇ ਰਸ ਭਿੰਨਾ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ।ਇਸ ਮੌਕੇ ਤੇ ਸੰਤ ਬਾਬਾ ਪਰਮਾਨੰਦ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੁੰਦਲ ਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਨਾਂ ਨੇ ਆਪਣੇ ਅਨਮੋਲ ਬਚਨਾਂ ਰਾਹੀਂ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਤੇ ਸ਼੍ਰੀਮਤੀ ਅਮਨਦੀਪ ਕੌਰ ਡਾਇਰੈਕਟਰ ਸੇਂਟ ਸੋਲਜਰ ਇਲੀਟ ਕੈਂਬਰਿਜ ਸਕੂਲ ਰਾਮ ਤੀਰਥ ਰੋਡ ਅੰਮ੍ਰਿਤਸਰ, ਸ੍ਰੀਮਤੀ ਹਰਜਿੰਦਰ ਪਾਲ ਕੌਰ, ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ , ਡਾਕਟਰ ਰੁਪਿੰਦਰ ਪਾਲ ਸਿੰਘ,ਡਾ: ਹਰਜਿੰਦਰ ਸਿੰਘ,ਸ:ਬਲਵਿੰਦਰ ਸਿੰਘ ਭੋਲਾ,ਸ. ਅਵਤਾਰ ਸਿੰਘ ਕਾਲਾ, ਸ. ਜਰਨੈਲ ਸਿੰਘ ਸ, ਹਰਦੇਵ ਸਿੰਘ, ਸ਼੍ਰੀ ਰਜਨੀਸ਼ ਜੈਨ, ਸ੍ਰੀ ਗੁਲਸ਼ਨ ਜੈਨ, ਸ. ਬਲਦੇਵ ਸਿੰਘ ਗਾਂਧੀ,ਸ.ਬਲਵਿੰਦਰ ਸਿੰਘ. ਸ.ਅਰਸ਼ਦੀਪ ਸਿੰਘ ਸ. ਅਜੇਪਾਲ ਸਿੰਘ ਕਨੇਡਾ, ਸ਼੍ਰੀਮਤੀ ਗੁਨੀਤ ਕੌਰ, ਸ. ਸਵਿੰਦਰ ਸਿੰਘ ਚੰਦੀ , ਅਤੇ ਬੱਚਿਆਂ ਦੇ ਮਾਪੇ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਸੇਂਟ ਸੋਲਜਰ ਸਕੂਲ ਦੇ ਮੈਨੇਜਰ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਡਾ.ਅਮਰਪ੍ਰੀਤ ਕੌਰ ਜੀ ਨੇ ਆਈਆਂ ਹੋਈਆਂ ਸੰਗਤਾਂ ਨੂੰ ਜੀ ਆਇਆ ਕਹਿੰਦਿਆਂ ਉਹਦਾ ਦਾ ਧੰਨਵਾਦ ਕੀਤਾ । ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

## ਦੀਨਾਨਗਰ ਮੈਗਾ ਰੋਜ਼ਗਾਰ ਮੇਲੇ 'ਚ 50 ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਨੇ ਹਿੱਸਾ ਲਿਆ



ਦੀਨਾਨਗਰ 4 ਅਪ੍ਰੈਲ (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ ) ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਵਿਖੇ ਮੈਗਾ ਰੁਜ਼ਗਾਰ ਮੇਲਾ ਸਫਲਤਾਪੂਰਵਕ ਕਰਵਾਇਆ ਗਿਆ। ਇਹ ਸਮਾਗਮ ਪ੍ਰਿੰਸੀਪਲ ਡਾ. ਸਰਲਾ ਨਿਰੰਕਾਰੀ ਅਤੇ ਪ੍ਰਬੰਧਕ ਕਮੇਟੀ ਦੇ ਸਕੱਤਰ ਧਰਮ ਇੰਦੂ ਗੁਪਤਾ ਦੀ ਮਾਹਿਰ ਅਗਵਾਈ ਹੇਠ ਅਤੇ ਕੰਪਿਊਟਰ ਸਾਇੰਸ ਅਤੇ ਆਈ.ਟੀ ਦੇ ਪੋਸਟ ਗ੍ਰੈਜੂਏਟ ਵਿਭਾਗ ਦੇ ਮੁੱਖੀ ਅਤੇ ਪਲੇਸਮੈਂਟ ਸੈੱਲ ਦੇ ਕੋਆਰਡੀਨੇਟਰ ਡਾ. ਦੀਪਕ ਜੋਤੀ ਦੇ ਨਿਰਦੇਸ਼ਨ ਹੇਠ ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਦੇ ਸਹਿਯੋਗ ਨਾਲ ਕਰਵਾਇਆ ਗਿਆ। ਰਜਿੰਦਰ ਮਨਹਾਸ, ਡੀਐਸਪੀ ਦੀਨਾਨਗਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਰੁਜ਼ਗਾਰ ਅਧਿਕਾਰੀ, ਪਰਸ਼ੋਤਮ ਸਿੰਘ ਅਤੇ ਗਗਨ ਧਾਲੀਵਾਲ ਪਲੇਸਮੈਂਟ ਕੋਆਰਡੀਨੇਟਰ, ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਇਸ ਮੈਗਾ ਰੋਜ਼ਗਾਰ ਮੇਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਪ੍ਰੋਗ੍ਰਾਮ ਦੀ ਸ਼ੁਰੂਆਤ ਪਿ$ਸੀਪਲ ਡਾ. ਸਰਲਾ ਨਿਰੰਕਾਰੀ ਦੁਆਰਾ ਮੁੱਖ ਮਹਿਮਾਨ ਦਾ ਸੁਆਗਤ ਕਰਦਿਆਂ ਤੇ ਦੀਪ ਰੌਸ਼ਨ ਕਰਨ ਨਾਲ ਹੋਈ। ਸਵਾਗਤੀ ਭਾਸ਼ਣ ਦਿੰਦੇ ਹੋਏ ਪ੍ਰਿੰਸੀਪਲ ਡਾ. ਸਰਲਾ ਨਿਰੰਕਾਰੀ ਨੇ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕੀਤਾ। ਭਾਗੀਦਾਰਾਂ ਨੂੰ ਪ੍ਰੇਰਿਤ ਕਰਦੇ ਹੋਏ, ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕੋਈ ਵੀ ਨੌਕਰੀ ਸੁਭਾਵਿਕ ਤੌਰ ਤੇ ਛੋਟੀ ਜਾਂ ਵੱਡੀ ਨਹੀਂ ਹੁੰਦੀ; ਸਗੋਂ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਅਟੁੱਟ ਆਤਮ-ਵਿਸ਼ਵਾਸ ਅਤੇ ਸਬਰ ਨਾਲ ਜੋੜ ਕੇ, ਕੋਈ ਵੀ ਅਸੰਭਵ ਜਾਪਦੇ ਕੰਮ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਇਸ ਮੈਗਾ ਜੌਬ ਫੇਅਰ ਵਿੱਚ ਲਗਭਗ 50 ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਕੰਪਨੀਆਂ ਦੁਆਰਾ ਕਰਵਾਏ ਗਏ ਇੰਟਰਵਿਊਆਂ ਵਿੱਚ ਲਗਭਗ 507 ਚਾਹਵਾਨ ਸ਼ਾਮਲ ਹੋਏ ਤੇ ਜਿਸ ਵਿੱਚੋਂ 223 ਭਾਗੀਦਾਰਾਂ ਨੂੰ ਸ਼ੋਰਟ ਲਿਸਟਡ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਨਵੇਂ ਵਿਦਿਆਰਥੀਆਂ ਤੋਂ ਲੈ ਕੇ ਤਜ਼ਰਬੇਕਾਰ ਪੇਸ਼ੇਵਰਾਂ ਤੱਕ ਦੇ ਉਮੀਦਵਾਰਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ। ਭਾਗੀਦਾਰਾਂ ਨੂੰ ਕੰਪਨੀ ਦੇ ਪ੍ਰਤੀਨਿਧੀਆਂ ਨਾਲ ਸਿੱਧੇ ਮਿਲਣ -ਮੌਕੇ ਤੇ ਇੰਟਰਵਿਊ ਲੈਣ ਅਤੇ ਰੁਜ਼ਗਾਰ ਸੁਰੱਖਿਅਤ ਕਰਨ ਦਾ ਸੁਨਹਿਰੀ ਮੌਕਾ ਮਿਲਿਆ। ਸਮਾਗਮ ਦੌਰਾਨ, ਮੁੱਖ ਮਹਿਮਾਨ ਡੀ.ਐਸ.ਪੀ ਰਜਿੰਦਰ ਮਨਹਾਸ ਨੂੰ ਕਾਲਜ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗ੍ਰਿਆ।

## ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਫ਼ਿਲਮ ਫੈਸਟੀਵਲ 'ਚ ਓਵਰ ਆਲ ਟਰਾਫ਼ੀ 'ਤੇ ਕੀਤਾ ਕਬਜ਼ਾ



ਅੰਮ੍ਰਿਤਸਰ, 4 ਅਪ੍ਰੈਲ( ਬਬਲੂ ਮਹਾਜਨ)—ਖ਼ਾਲਸਾ ਕਾਲਜ ਦੇ ਐਨੀਮੇਸ਼ਨ ਵਿਦਿਆਰਥੀਆਂ ਨੇ ਸੀ. ਟੀ. ਟੀ. ਇੰਸਟੀਚਿਊਟ, ਜਲੰਧਰ ਵੱਲੋਂ ਕਰਵਾਏ ਗਏ ਫ਼ਿਲਮ ਫੈਸਟੀਵਲ ਦੌਰਾਨ ਓਵਰ ਆਲ ਟਰਾਫੀ 'ਤੇ ਕਬਜ਼ਾ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਫੈਸਟੀਵਲ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਲਈ ਟੀਮ ਨੂੰ 3100 ਰੁਪਏ ਦਾ ਨਕਦ ਇਨਾਮ ਵੀ ਦਿੱਤਾ ਗਿਆ।ਇਸ ਉਪਲਬੱਧੀ 'ਤੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਜਰਨਲਿਜ਼ਮ ਵਿਭਾਗ ਦੇ ਮੁੱਖੀ ਡਾ. ਸਾਨੀਆ ਮਰਵਾਹਾ ਅਤੇ ਉਕਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੀ. ਏ. ਦੇ ਆਡੀਓ-ਵੀਡੀਓ ਰਿਕਾਰਡਿੰਗ, ਐਨੀਮੇਸ਼ਨ ਅਤੇ ਫੋਟੋਗ੍ਰਾਫੀ ਪ੍ਰੋਗਰਾਮ ਦੇ ਵਿਦਿਆਰਥੀਆਂ ਨੇ ਉਕਤ ਇੰਸਟੀਚਿਊਟ ਵੱਲੋਂ ਆਯੋਜਿਤ ਫ਼ਿਲਮ ਫੈਸਟੀਵਲ ਦੌਰਾਨ ਓਵਰਆਲ ਟਰਾਫ਼ੀ ਜਿੱਤ ਕੇ ਸੰਸਥਾ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਬੀ. ਏ. ਐਨੀਮੇਸ਼ਨ ਸਮੈਸਟਰ ਚੌਥਾ ਦੇ ਬਲਜਿੰਦਰ ਸਿੰਘ, ਉਦੈਬੀਰ ਸਿੰਘ, ਮਨਪ੍ਰੀਤ ਸਿੰਘ, ਰਿਸ਼ੀ ਚੋਪੜਾ, ਆਕਾਸ਼, ਸੁਖਮਨ ਅਤੇ ਗੁਰਨੂਰ ਨੇ ਆਪਣੀ ਉਤਕ੍ਰਿਸ਼ਟ ਰਚਨਾਤਮਕਤਾ ਅਤੇ ਤਕਨੀਕੀ ਨਿਪੁੰਨਤਾ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਾਰਟ ਫ਼ਿਲਮ ਸ਼੍ਰੇਣੀ 'ਚ ਪਹਿਲਾ ਇਨਾਮ ਹਾਸਲ ਕੀਤਾ ਹੈ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਇਨਾਮ ਜਿੱਤਣ ਵਾਲੀ ਸ਼ਾਰਟ ਫ਼ਿਲਮ ਨੂੰ ਫੈਸਟੀਵਲ ਦੌਰਾਨ ਸਕ੍ਰੀਨ ਵੀ ਕੀਤਾ ਗਿਆ, ਜਿਸਨੂੰ ਜੂਰੀ ਮੈਂਬਰਾਂ ਅਤੇ ਦਰਸ਼ਕਾਂ ਵੱਲੋਂ ਖੂਬ ਸਰਾਹਿਆ ਗਿਆ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਵੀ. ਐੱਫ਼. ਐਕਸ. ਅਤੇ ਐਨੀਮੇਸ਼ਨ ਸ਼੍ਰੇਣੀਆਂ 'ਚ ਦੂਜਾ ਅਤੇ ਤੀਜਾ ਇਨਾਮ ਵੀ ਜਿੱਤ ਕੇ ਆਪਣੀ ਤਕਨੀਕੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਸ਼ਾਨਦਾਰ ਪ੍ਰਦਰਸ਼ਨ ਲਈ ਟੀਮ ਨੂੰ 3100 ਰੁਪਏ ਦਾ ਨਕਦ ਇਨਾਮ ਵੀ ਪ੍ਰਦਾਨ ਕੀਤਾ ਗਿਆ।ਇਸ ਮੌਕੇ ਡਾ. ਮਰਵਾਹਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਮਿਹਨਤ, ਰਚਨਾਤਮਕਤਾ ਅਤੇ ਟੀਮ ਵਰਕ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਉਪਲਬਧੀਆਂ ਵਿਭਾਗ ਵੱਲੋਂ ਫ਼ਿਲਮ ਮੇਕਿੰਗ, ਐਨੀਮੇਸ਼ਨ ਅਤੇ ਵਿਜ਼ੂਅਲ ਮੀਡੀਆ ਦੇ ਖੇਤਰ 'ਚ ਦਿੱਤੀ ਜਾ ਰਹੀ ਗੁਣਵੱਤਾ ਵਾਲੀ ਸਿੱਖਿਆ ਅਤੇ ਪ੍ਰੈਕਟਿਕਲ ਤਜਰਬੇ ਨੂੰ ਦਰਸਾਉਂਦੀਆਂ ਹਨ।

## ਧਰਮ ਪਰਿਵਰਤਨ ਤੇ ਸੁਪਰੀਮ ਕੋਰਟ ਦਾ ਸਖ਼ਤ ਰੁਖ਼ ਸ਼ਲਾਘਾਯੋਗ: ਹਰਪਾਲ ਸਿੰਘ ਜੌਹਲ



ਅੰਮ੍ਰਿਤਸਰ, 4 ਅਪ੍ਰੈਲ (ਬਬਲੂ ਮਹਾਜਨ)ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਮੇਟੀ ਮੈਂਬਰ ਸ੍ਰ. ਹਰਪਾਲ ਸਿੰਘ ਜੌਹਲ ਨੇ ਦੇਸ਼ ਵਿੱਚ ਵੱਧ ਰਹੇ ਜਬਰਨ ਧਰਮ ਪਰਿਵਰਤਨ ਦੇ ਮਾਮਲਿਆਂ ਤੇ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਤਾਜ਼ਾ ਸਟੈਂਡ ਦਾ ਭਰਪੂਰ ਸਵਾਗਤ ਕੀਤਾ ਹੈ। ਉਨ੍ਹਾਂ ਅਦਾਲਤ ਦੀ ਟਿੱਪਣੀ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਇਹ ਕਦਮ ਸਮੇਂ ਦੀ ਮੁੱਖ ਲੋੜ ਸੀ ਅਤੇ ਇਸ ਨਾਲ ਸਮਾਜ ਵਿੱਚ ਇੱਕ ਮਜ਼ਬੂਤ ਸੰਦੇਸ਼ ਜਾਵੇਗਾ।ਜੌਹਲ ਨੇ ਕਿਹਾ ਕਿ ਅਸਲ ਵਿੱਚ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਸਾਡੀਆਂ ਧਾਰਮਿਕ ਅਤੇ ਸਿਰਮੌਰ ਸੰਸਥਾਵਾਂ ਦੀ ਸੀ, ਪਰ ਅਫ਼ਸੋਸ ਹੈ ਕਿ ਇਹ ਕੰਮ ਸਮੇਂ ਸਿਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੋ ਕੰਮ ਧਾਰਮਿਕ ਜਥੇਬੰਦੀਆਂ ਨੂੰ ਕਰਨਾ ਚਾਹੀਦਾ ਸੀ, ਉਹ ਅੱਜ ਦੇਸ਼ ਦੀ ਸਰਵਉੱਚ ਅਦਾਲਤ ਨੂੰ ਕਰਨਾ ਪੈ ਰਿਹਾ ਹੈ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲਾਲਚ, ਡਰ ਜਾਂ ਭਰਮ ਪੈਦਾ ਕਰਕੇ ਕਿਸੇ ਦਾ ਧਰਮ ਬਦਲਣਾ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਮਰਿਆਦਾ ਦੀ ਖੁੱਲ੍ਹੀ ਉਲੰਘਣਾ ਹੈ। ਅਜਿਹੀਆਂ ਕਾਰਵਾਈਆਂ ਨਾਲ ਨਾ ਸਿਰਫ਼ ਵਿਅਕਤੀਗਤ ਅਜ਼ਾਦੀ ਨੂੰ ਢਾਹ ਪੈਂਦੀ ਹੈ, ਸਗੋਂ ਸਮਾਜਿਕ ਤਾਣਾ-ਬਾਣਾ ਵੀ ਪ੍ਰਭਾਵਿਤ ਹੁੰਦਾ ਹੈ।ਸ੍ਰ. ਜੌਹਲ ਨੇ ਇਹ ਵੀ ਕਿਹਾ ਕਿ ਖ਼ਾਸ ਕਰਕੇ ਘੱਟ ਗਿਣਤੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਧਰਮ ਪਰਿਵਰਤਨ ਦੇ ਯਤਨ ਚਿੰਤਾਜਨਕ ਹਨ। ਉਨ੍ਹਾਂ ਅਪੀਲ ਕੀਤੀ ਕਿ ਸਾਰੀਆਂ ਧਾਰਮਿਕ ਸੰਸਥਾਵਾਂ ਹੁਣ ਜਾਗਰੂਕ ਹੋਣ ਅਤੇ ਆਪਣੇ ਅੰਦਰੂਨੀ ਢਾਂਚੇ ਨੂੰ ਮਜ਼ਬੂਤ ਕਰਨ।ਅੰਤ ਵਿੱਚ ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਸਖ਼ਤ ਰੁਖ਼ ਨਾਲ ਦੇਸ਼ ਵਿੱਚ ਕਾਨੂੰਨ ਦੀ ਪਾਲਣਾ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਕਿਸੇ ਨੂੰ ਵੀ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਮਿਲੇਗੀ।

## ਐੱਲ.ਆਈ.ਸੀ. ਦਫ਼ਤਰ ਰਈਆ ਵਿਖੇ ਲੱਗੇਗਾ ਅਣਮਿਥੇ ਸਮੇਂ ਲਈ ਧਰਨਾ



ਖਡੂਰ ਸਾਹਿਬ 4 ਅਪ੍ਰੈਲ (ਸਰਬਜੀਤ ਸਿੰਘ ਮੀਆਂ ਵਿੰਡ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਸ੍ਰੀ ਖਡੂਰ ਸਾਹਿਬ ਵੱਲੋਂ ਐਲ ਆਈ ਸੀ ਦਫ਼ਤਰ ਰਈਆ ਵਿਖੇ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।ਇਸ ਮੌਕੇ ਕਿਸਾਨ ਆਗੂ ਸੁਖਚੈਨ ਸਿੰਘ ਅੱਲੋਵਾਲ ਅਤੇ ਭਗਵਾਨ ਸਿੰਘ ਸੰਘਰ ਨੇ ਦੱਸਿਆ ਕਿ ਪਿੰਡ ਏਕਲ ਗੱਡੇ ਦਾ ਮਸਲਾ ਐਲ ਆਈ ਸੀ ਨਾਲ ਸਬੰਧਤ ਹੈ ।ਐਲ ਆਈ ਸੀ ਦੇ ਏਜੰਟ ਵੱਲੋਂ ਧੋਖੇ ਨਾਲ ਬਿਨਾਂ ਚੰਗੇ ਤਰੀਕੇ ਨਾਲ ਸਮਝਉਣ ਤੋਂ ਬਿਨਾਂ ਹੀ ਪੋਲਸੀ ਕਰ ਦਿੰਤੀ । ਇਸ ਤੋਂ ਪਰਿਵਾਰ ਨੇ ਆਪਣੇ ਨਾਲ ਹੋਏ ਧੋਖੇ ਬਾਰੇ ਦਫ਼ਤਰ ਦੇ ਮੈਨੇਜਰ ਨਾਲ ਗੱਲ ਕੀਤੀ ਪਰ ਪਰਿਵਾਰ ਦੀ ਮੈਨੇਜਰ ਨੇ ਕੋਈ ਗੱਲ ਨਹੀਂ ਸੁਣੀ ਤਾ ਪਰਿਵਾਰ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਸੰਪਰਕ ਕੀਤਾ ।ਆਗੂਆਂ ਨੇ ਮੈਨੇਜਰ ਨਾਲ ਗੱਲ ਕੀਤੀ ਤਾ ਉਹਨਾਂ ਵੱਲੋਂ ਇੱਕ ਮਹੀਨੇ ਦਾ ਸਮਾਂ ਮੰਗਿਆ ਸੀ ਕਿ ਪੂਰੀ ਗੰਭੀਰਤਾ ਨਾਲ ਤੁਹਾਡੇ ਮਸਲੇ ਦਾ ਹੱਲ ਕੱਢਾਂਗੇ । ਦਫ਼ਤਰ ਵੱਲੋਂ ਮੰਗਿਆ ਸਮਾਂ ਪੂਰਾ ਹੋਣ ਵਾਲਾ ਹੈ ਪਰ ਉਨ੍ਹਾਂ ਨੇ ਇਸ ਮਾਮਲੇ ਦਾ ਕੋਈ ਹੱਲ ਨਹੀਂ ਕੀਤਾ। ਜਿਸ ਕਰਕੇ ਆਗੂਆਂ ਵੱਲੋਂ ਮਿਤੀ 06/04/26 ਨੂੰ ਐਲ ਆਈ ਸੀ ਦਫ਼ਤਰ ਰਈਆ ਵਿਖੇ ਧਰਨੇ ਦਾ ਐਲਾਨ ਕਰ ਦਿੱਤਾ ਗਿਆ ਅਤੇ ਦੱਸਿਆ ਕਿ ਜਿੰਨਾ ਚਿਰ ਮਸਲਾ ਹੱਲ ਨਹੀਂ ਹੁੰਦਾ ਧਰਨਾ ਜਾਰੀ ਰਹੇਗਾ ।ਜੇਕਰ ਫਿਰ ਵੀ ਕੋਈ ਹੱਲ ਨਾ ਕੱਢਿਆ ਗਿਆ ਤਾਂ ਵੱਡਾ ਐਕਸਨ ਕੀਤਾ ਜਾਵੇਗਾ ।ਇਸ ਮੌਕੇ ਇਕਾਈ ਪ੍ਰਧਾਨ ਗੁਰਵਿੰਦਰ ਸਿੰਘ ਮੀਆਂ ਵਿੰਡ ਇਕਾਈ ਪ੍ਰਧਾਨ ਸਿਮਰਪ੍ਰੀਤ ਸਿੰਘ ਇਕਾਈ ਪ੍ਰੈਸ ਸਕੱਤਰ ਨਵਤੇਜ ਸਿੰਘ ਮੌਜੂਦ ਸਨ

## ਖ਼ਾਲਸਾ ਕਾਲਜ ਵਿਖੇ ਬਿਜ਼ਨਸ ਮਾਡਲ ਕੈਨਵਸ ਅਤੇ ਬਿਜ਼ਨਸ ਮਾਡਲ ਫਿੱਟ 'ਤੇ ਵਰਕਸ਼ਾਪ ਕਰਵਾਈ ਗਈ



ਅੰਮ੍ਰਿਤਸਰ(,4 ਅਪ੍ਰੈਲ ਬਬਲੂ ਮਹਾਜਨ)—ਖਾਲਸਾ ਕਾਲਜ ਦੇ ਕਾਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿਭਾਗ ਵੱਲੋਂ ਇੰਸਟੀਚਿਊਟ ਇਨੋਵੇਸ਼ਨ ਕੌਂਸਲ (ਆਈ. ਆਈ. ਸੀ.) ਦੇ ਸਹਿਯੋਗ ਨਾਲ 'ਬਿਜ਼ਨਸ ਮਾਡਲ ਕੈਨਵਸ ਅਤੇ ਬਿਜ਼ਨਸ ਮਾਡਲ ਫਿੱਟ' 'ਤੇ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਆਯੋਜਿਤ ਉਕਤ ਵਰਕਸ਼ਾਪ ਮੌਕੇ ਮੁੱਖ ਬੁਲਾਰੇ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਯੂਨੀਵਰਸਿਟੀ ਬਿਜ਼ਨਸ ਸਕੂਲ ਦੇ ਮੁਖੀ ਅਤੇ ਪ੍ਰੋਫੈਸਰ ਡਾ. ਵਿਕਰਮ ਸੰਧੂ ਨੇ ਸ਼ਿਰਕਤ ਕੀਤੀ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਉਕਤ ਵਰਕਸ਼ਾਪ ਵਿਭਾਗ ਮੁੱਖੀ ਡਾ. ਸਵਰਾਜ ਕੌਰ, ਆਈ. ਆਈ. ਸੀ. ਤੋਂ ਪ੍ਰਧਾਨ ਡਾ. ਗੁਰਸ਼ਰਨ ਕੌਰ ਦੀ ਨਿਗਰਾਨੀ ਹੇਠ ਅਤੇ ਕੋਆਰਡੀਨੇਟਰ ਡਾ. ਦੀਪਕ ਦੇਵਗਨ, ਸਹਿ-ਕੋਆਰਡੀਨੇਟਰ ਡਾ. ਮਨੀਸ਼ਾ ਬਹਿਲ ਤੇ ਪ੍ਰੋ. ਤੁਸ਼ਾਰ ਬੱਤਰਾ ਵੱਲੋਂ ਆਯੋਜਿਤ ਕੀਤੀ ਗਈ ਸੀ।ਇਸ ਮੌਕੇ ਡਾ. ਸਵਰਾਜ ਕੌਰ ਨੇ ਡਾ. ਸੰਧੂ ਦਾ ਸਵਾਗਤ ਕਰਨ ਉਪਰੰਤ ਵਰਕਸ਼ਾਪ ਦੇ ਵਿਸ਼ੇ 'ਤੇ ਚਾਨਣਾ ਪਾਇਆ ਅਤੇ ਡਾ. ਬਹਿਲ ਨੇ ਜਾਣ-ਪਛਾਣ ਕਰਵਾਈ। ਇਸ ਮੌਕੇ ਡਾ. ਵਿਕਰਮ ਸੰਧੂ ਨੇ ਬਿਜਨਸ ਮਾਡਲ ਦੇ ਨੌ-ਬਲਾਕਾਂ ਗਾਹਕ ਹਿੱਸੇ, ਮੁੱਲ ਪ੍ਰਸਤਾਵ, ਚੈਨਲ, ਗਾਹਕ ਸਬੰਧ, ਮਾਲੀਆ ਧਾਰਾਵਾਂ, ਮੁੱਖ ਸਰੋਤ, ਭਾਈਵਾਲ ਅਤੇ ਲਾਗਤ ਢਾਂਚੇ ਸਬੰਧ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਇਹ ਇਕ ਰਣਨੀਤਿਕ ਸਾਧਨ ਹੈ ਜੋ ਕਾਰੋਬਾਰੀ ਟੀਚਿਆਂ ਨੂੰ ਸੁਚੱਜੇ ਅਤੇ ਪ੍ਰਣਾਲੀਬੱਧ ਢੰਗ ਨਾਲ ਪ੍ਰਾਪਤ ਕਰਨ 'ਚ ਸਹਾਇਤਾ ਕਰਦਾ ਹੈ। ਇਸ ਮੌਕੇ ਉਨ੍ਹਾਂ ਹਰੇਕ ਬਲਾਕ 'ਚ ਵਰਤੇ ਜਾਣ ਵਾਲੇ ਸਾਧਨਾਂ ਦੇ ਕੰਮਕਾਜ ਨੂੰ ਵਿਹਾਰਕ ਉਦਾਹਰਣਾਂ ਨਾਲ ਸਮਝਾਇਆ।ਇਸ ਵਰਕਸ਼ਾਪ ਦੌਰਾਨ ਇਕ ਸਵਾਲ-ਜਵਾਬ ਸੈਸ਼ਨ ਵੀ ਕਰਵਾਇਆ ਗਿਆ, ਜਿਸ ਦੌਰਾਨ ਵਿਦਿਆਰਥੀਆਂ ਨੇ ਬੀ. ਐੱਮ. ਸੀ. ਮਾਡਲ ਸਬੰਧੀ ਆਪਣੇ ਸ਼ੰਕਿਆਂ ਨੂੰ ਦੂਰ ਕੀਤਾ। ਉਪਰੰਤ ਡਾ. ਦੇਵਗਨ ਨੇ ਸੈਸ਼ਨ ਦੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਸਮਾਗਮ ਵੱਖ-ਵੱਖ ਖੇਤਰਾਂ ਦੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ ਇਕ ਅਜਿਹੇ ਮੰਚ 'ਤੇ ਇਕਜੁਟ ਕਰਦਾ ਹੈ, ਜਿੱਥੇ ਉਹ ਇੱਕ ਦੂਜੇ ਦੀ ਸਹਾਇਤਾ ਕਰ ਸਕਦੇ ਹਨ। ਇਸ ਦੌਰਾਨ ਡਾ: ਪੂਨਮ ਸ਼ਰਮਾ, ਡਾ: ਨਿਧੀ ਸੱਭਰਵਾਲ, ਪ੍ਰੋ: ਮੀਨੂੰ ਚੋਪੜਾ, ਪ੍ਰੋ: ਰੀਮਾ ਸਚਦੇਵਾ, ਡਾ: ਸਾਕਸ਼ੀ ਸ਼ਰਮਾ, ਪ੍ਰੋ: ਪੂਜਾ ਪੁਰੀ, ਡਾ: ਸਾਮੀਆ, ਪ੍ਰੋ: ਜਸਲੀਨ ਕੌਰ, ਪ੍ਰੋ: ਰੁਸ਼ਨੀਤ ਕੌਰ, ਪ੍ਰੋ: ਅੰਮ੍ਰਿਤਬੀਰ ਕੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।ਇਸ ਦੌਰਾਨ ਡਾ: ਪੂਨਮ ਸ਼ਰਮਾ, ਡਾ: ਨਿਧੀ ਸੱਭਰਵਾਲ, ਪ੍ਰੋ: ਮੀਨੂੰ ਚੋਪੜਾ, ਪ੍ਰੋ: ਰੀਮਾ ਸਚਦੇਵਾ, ਡਾ: ਸਾਕਸ਼ੀ ਸ਼ਰਮਾ, ਪ੍ਰੋ: ਪੂਜਾ ਪੁਰੀ, ਡਾ: ਸਾਮੀਆ, ਪ੍ਰੋ: ਜਸਲੀਨ ਕੌਰ, ਪ੍ਰੋ: ਰੁਸ਼ਨੀਤ ਕੌਰ, ਪ੍ਰੋ: ਅੰਮ੍ਰਿਤਬੀਰ ਕੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

## ਗਗਨਦੀਪ ਰੰਧਾਵਾ ਦੇ ਪਰਿਵਾਰ ਨੂੰ ਇਨਸਾਫ ਮਿਲਣ ਤੱਕ ਭਾਜਪਾ ਆਪਣੀ ਲੜਾਈ ਜਾਰੀ ਰੱਖੇਗੀ : ਜਾਖੜ

ਅੰਮ੍ਰਿਤਸਰ, 4 ਅਪ੍ਰੈਲ (ਬਬਲੂ ਮਹਾਜਨ): ਭਾਰਤੀ ਜਨਤਾ ਪਾਰਟੀ ਨੇ ਅੱਜ ਅੰਮ੍ਰਿਤਸਰ ਵਿੱਚ ਸੂਬਾ ਪੱਧਰੀ ਧਰਨਾ ਦੇ ਕੇ ਡੀਐਮ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਲਈ ਇਨਸਾਫ ਦੀ ਮੰਗ ਕੀਤੀ ਅਤੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਚੁੱਕੀ। ਇਸ ਦੀ ਅਗਵਾਈ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕੀਤੀ ਅਤੇ ਉਨ੍ਹਾਂ ਦੇ ਨਾਲ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸਹਿਤ ਸਾਰੀ ਲੀਡਰਸ਼ਿਪ ਹਾਜ਼ਰ ਸੀ। ਇਸ ਮੌਕੇ ਉਹਨਾਂ ਦੇ ਨਾਲ ਭਾਜਪਾ ਜਿਲਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ, ਸੂਬਾ ਜਨਰਲ ਸਕਤਰ ਤੇ ਜੋਨਲ ਇੰਚਾਰਜ ਰਾਕੇਸ਼ ਰਾਠੌਰ, ਡਾ. ਜਗਮੋਹਨ ਸਿੰਘ ਰਾਜੂ (ਸਾਬਕਾ ਆਈਏਐਸ) ਦਿਆਲ ਸਿੰਘ ਸੋਢੀ, ਐਮਐਲਏ ਜੰਗੀ ਮਹਾਜਨ, ਸਾਬਕਾ ਸਾਂਸਦ ਦੇ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ, ਸਾਬਕਾ ਮੰਤਰੀ ਤੀਕਸ਼ਨ ਸੂਦ, ਅੰਮ੍ਰਿਤਸਰ ਦਿਹਾਤੀ-1 ਦਾ ਜਿਲਾ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਜਨਾਲਾ, ਸੁਖਿਮੰਦਰ ਸਿੰਘ ਪਿੰਟੂ, ਡਾ. ਰਾਮ ਚਾਵਲਾ, ਹਰਜਿੰਦਰ ਸਿੰਘ ਠੇਕੇਦਾਰ, ਕੁਮਾਰ ਅਮਿਤ, ਗੌਰਵ ਗਿਲ, ਕਵਲਜੀਤ ਸਿੰਘ ਸੰਨੀ, ਆਦਿ ਸਮੇਤ ਸੂਬਾਈ ਤੇ ਜਿਲਾ ਲੀਡਰਸ਼ਿਪ ਸਮੇਤ ਆਗੂ ਅਤੇ ਵਰਕਰ ਮੌਜੂਦ ਸਨਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪਾਰਟੀ ਇਹ ਅੰਦੋਲਨ ਉਸ ਵੇਲੇ ਤੱਕ ਜਾਰੀ ਰੱਖੇਗੀ ਜਦੋਂ ਤੱਕ ਪਰਿਵਾਰ ਨੂੰ ਇਨਸਾਫ ਨਹੀਂ ਮਿਲ ਜਾਂਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕੋਈ ਰਾਜਨੀਤਿਕ ਪ੍ਰੋਗਰਾਮ ਨਹੀਂ, ਸਗੋਂ ਇਨਸਾਫ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਨਾਲ ਜੋ ਕੁਝ ਹੋਇਆ, ਉਹ ਕਿਸੇ ਨਾਲ ਵੀ ਹੋ ਸਕਦਾ ਹੈ, ਇਸ ਲਈ ਹਰ ਪੰਜਾਬੀ ਇਸ ਲੜਾਈ ਦਾ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਸਾਰੇ ਦੋਸ਼ੀਆਂ ਨੂੰ, ਜਿਸ ਵਿੱਚ ਮੰਤਰੀ ਲਾਲਜੀਤ ਸਿੰਘ ਭੁੱਲਰ ਵੀ ਸ਼ਾਮਲ ਹਨ, ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਸਰਕਾਰ ਦੇ ਭਾਰੀ ਦਬਾਅ ਦੇ ਬਾਵਜੂਦ ਡਟੇ ਰਹਿਣ ਲਈ ਪਰਿਵਾਰ ਦੀ ਹਿੰਮਤ ਨੂੰ ਸਲਾਮ ਕੀਤਾ।ਜਾਖੜ ਨੇ ਕਿਹਾ ਕਿ ਜਿਸ ਵਿਅਕਤੀ ਨੇ ਪਰਿਵਾਰ ਦੀ ਬਿਜਲੀ ਕੱਟੀ ਸੀ, ਉਸ ਦੀ ਪੁਲਿਸ ਹਿਰਾਸਤ ਵਿੱਚ ਮੌਤ ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ ਅਤੇ ਸੱਚ ਸਾਹਮਣੇ ਲਿਆਉਣ ਲਈ ਸਿਰਫ਼ ਸੀਬੀਆਈ ਜਾਂਚ ਹੀ ਇਕ ਮਾਤਰ ਰਾਹ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੰਤਰੀ ਵੱਲੋਂ ਵਸੂਲੀ ਰਾਹੀਂ ਇਕੱਠਾ ਕੀਤਾ ਪੈਸਾ ਕਿੱਥੇ ਭੇਜਿਆ ਜਾ ਰਿਹਾ ਸੀ, ਇਹ ਵੀ ਜਾਂਚ ਵਿੱਚ ਸਾਹਮਣੇ ਆਣਾ ਚਾਹੀਦਾ ਹੈ।ਜਾਖੜ ਨੇ ਅੱਗੇ ਕਿਹਾ ਕਿ ਤਰਨਤਾਰਨ ਜ਼ਿਲ੍ਹੇ ਦੀ ਇੱਕ ਮਹਿਲਾ ਨਾਲ ਹੋਏ ਇੱਕ ਹੋਰ ਮਾਰਕੁੱਟ ਦੇ ਮਾਮਲੇ ਵਿੱਚ ਆਪ ਵਿਧਾਇਕ ਨੂੰ ਸਮਝੌਤੇ ਰਾਹੀਂ ਬਚਾ ਲਿਆ ਗਿਆ ਅਤੇ ਸਰਕਾਰ ਇਸ ਮਾਮਲੇ ਵਿੱਚ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਇਸਨੂੰ ਕਦੇ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖੁਦ ਸਮਝੌਤਾ ਕੀਤੇ ਹੋਏ ਹਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਪੰਜਾਬ ਭਗਵੰਤ ਮਾਨ ਨਹੀਂ, ਸਗੋਂ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ ਅਤੇ ਭਗਵੰਤ ਮਾਨ ਸਿਰਫ਼ ਨਾਮਮਾਤਰ ਦੇ ਮੁੱਖ ਮੰਤਰੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਫੈਸਲਾ ਕਰ ਚੁੱਕੇ ਹਨ ਕਿ ਪੰਜਾਬ 'ਤੇ ਪੰਜਾਬੀਆਂ ਦੀ ਹੀ ਸਰਕਾਰ ਹੋਵੇਗੀ ਅਤੇ ਬਾਹਰੀ ਲੋਕਾਂ ਨੂੰ ਸੂਬੇ ਦਾ ਸ਼ੋਸ਼ਣ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਨੇ ਸਰਕਾਰ 'ਤੇ ਲੋਕਾਂ ਦੀ ਆਵਾਜ਼ ਨਾ ਸੁਣਨ ਦਾ ਵੀ ਦੋਸ਼ ਲਗਾਇਆ।ਸੁਨੀਲ ਜਾਖੜ ਨੇ ਭਾਜਪਾ ਦਫਤਰ 'ਤੇ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਭਾਜਪਾ ਨੂੰ ਡਰਾਉਂਦੀਆਂ ਨਹੀਂ ਹਨ ਅਤੇ ਪਾਰਟੀ ਆਪਣੀ ਲੜਾਈ ਜਾਰੀ ਰੱਖੇਗੀ ਤਾਂ ਜੋ ਕਿਸੇ ਕਾਬਲ ਅਫਸਰ ਦੇ ਕਾਤਲ ਬਚ ਨਾ ਸਕਣ, ਕਿਸੇ ਬੇਗੁਨਾਹ ਨੂੰ ਨਕਲੀ ਮੁਕਾਬਲਿਆਂ ਵਿੱਚ ਨਾ ਮਾਰਿਆ ਜਾਵ।ਸੁਨੀਲ ਜਾਖੜ ਨੇ ਭਾਜਪਾ ਦਫਤਰ 'ਤੇ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਭਾਜਪਾ ਨੂੰ ਡਰਾਉਂਦੀਆਂ ਨਹੀਂ ਹਨ ਅਤੇ ਪਾਰਟੀ ਆਪਣੀ ਲੜਾਈ ਜਾਰੀ ਰੱਖੇਗੀ ਤਾਂ ਜੋ ਕਿਸੇ ਕਾਬਲ ਅਫਸਰ ਦੇ ਕਾਤਲ ਬਚ ਨਾ ਸਕਣ, ਕਿਸੇ ਬੇਗੁਨਾਹ ਨੂੰ ਨਕਲੀ ਮੁਕਾਬਲਿਆਂ ਵਿੱਚ ਨਾ ਮਾਰਿਆ ਜਾਵੇ

## ਵਿਧਾਇਕਾ ਜੀਵਨਜੋਤ ਕੌਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਬਣ ਰਹੇ ਕਾਰਡਾਂ ਦੇ ਕੰਮ ਦਾ ਜਾਇਜ਼ਾ ਲਿਆ



ਅੰਮ੍ਰਿਤਸਰ, 4 ਅਪ੍ਰੈਲ (ਬਬਲੂ ਮਹਾਜਨ) - ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਤੋਂ ਵਿਧਾਇਕਾ ਜੀਵਨਜੋਤ ਕੌਰ ਨੇ ਅੱਜ ਰਾਮਗੜ੍ਹੀਆ ਵੈਲਫੇਅਰ ਬੋਰਡ (ਪੰਜਾਬ ਸਰਕਾਰ) ਦੇ ਮੈਂਬਰ ਸ਼ਰਨਜੀਤ ਸਿੰਘ ਦੇ ਦਫ਼ਤਰ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣਾਏ ਜਾ ਰਹੇ 10 ਲੱਖ ਰੁਪਏ ਵਾਲੇ ਹੈਲਥ ਕਾਰਡਾਂ ਦੇ ਕੰਮ ਦਾ ਜਾਇਜ਼ਾ ਲਿਆ ਅਤੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ।ਇਸ ਮੌਕੇ ਵਿਧਾਇਕਾ ਜੀਵਨਜੋਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਦੇਣ ਵਾਲੇ ਇਹ ਹੈਲਥ ਕਾਰਡ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਸ਼ਰਨਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਲੋਕਾਂ ਦੀ ਸਹੂਲਤ ਲਈ ਲਗਾਏ ਗਏ ਇਸ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਲੋੜਵੰਦਾਂ ਤੱਕ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵੀ ਪਰਿਵਾਰਾਂ ਨੇ ਅਜੇ ਤੱਕ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਨਹੀਂ ਬਣਾਏ ਉਹ ਆਪਣੇ ਕਾਰਡ ਜ਼ਰੂਰ ਬਣਾ ਲੈਣ।ਇਸ ਦੌਰਾਨ ਰਾਮਗੜ੍ਹੀਆ ਵੈਲਫੇਅਰ ਬੋਰਡ ਦੇ ਮੈਂਬਰ ਸ਼ਰਨਜੀਤ ਸਿੰਘ ਅਤੇ ਉਨ੍ਹਾਂ ਦੀ ਸਮੂਹ ਟੀਮ ਵੱਲੋਂ ਵਿਧਾਇਕਾ ਜੀਵਨਜੋਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿਧਾਇਕਾ ਨੇ ਇਸ ਮਾਣ-ਸਤਿਕਾਰ ਲਈ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਲਕੇ ਦੇ ਵਿਕਾਸ ਅਤੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਹਨ। ਇਸ ਮੌਕੇ ਵੱਖ-ਵੱਖ ਵਾਰਡਾਂ ਦੇ ਪ੍ਰਮੁੱਖ ਆਗੂ ਅਤੇ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

## ਹਾਲ ਗੇਟ ਤੇ ਭਾਜਪਾ ਦਾ ਧਰਨਾ: ਗਗਨਦੀਪ ਰੰਧਾਵਾ ਮਾਮਲੇ 'ਚ ਸੀ.ਬੀਅ.ਆਈ. ਜਾਂਚ ਦੀ ਮੰਗ ਤੇਜ਼

ਅੰਮ੍ਰਿਤਸਰ, 4 ਅਪ੍ਰੈਲ ( ਬਬਲੂ ਮਹਾਜਨ ) :ਅੰਮ੍ਰਿਤਸਰ ਦੇ ਹਾਲ ਗੇਟ ਤੇ ਭਾਜਪਾ ਆਗੂਆਂ ਵੱਲੋਂ ਡੀ. ਐਮ ਗਗਨਦੀਪ ਰੰਧਾਵਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਲਗਾਤਾਰ ਲੜਾਈ ਲੜੀ ਜਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਨੇਤਾਵਾਂ ਨੇ ਕਿਹਾ ਕਿ ਇਨਸਾਫ ਮਿਲਣ ਤੱਕ ਇਹ ਸੰਘਰਸ਼ ਜਾਰੀ ਰਹੇਗਾ ਅਤੇ ਪਰਿਵਾਰ ਦੇ ਨਾਲ ਖੜ੍ਹੇ ਰਹਿਣਗੇ। ਇਸ ਦੌਰਾਨ ਰਵਨੀਤ ਬਿੱਟੂ ਨੇ ਕਿਹਾ ਕਿ ਭਾਜਪਾ ਪਾਰਟੀ ਵਿੱਚ ਜਿੰਨਾ ਜੋਸ਼ ਹੈ, ਉਹ ਕਿਸੇ ਹੋਰ ਪਾਰਟੀ ਵਿੱਚ ਨਹੀਂ ਮਿਲਦਾ। ਉਨ੍ਹਾਂ ਦੱਸਿਆ ਕਿ ਸੀਬੀਆਈ ਜਾਂਚ ਲਈ ਸਾਰੇ ਮੈਂਬਰਾਂ ਨੇ ਲਿਖ ਕੇ ਦੇ ਦਿੱਤਾ ਹੈ, ਪਰ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਅਜੇ ਤੱਕ ਦਸਤਖ਼ਤ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਅਜਿਹੀ ਘਟਨਾ ਕਿਸੇ ਵੀ ਘਰ ਵਿੱਚ ਹੋ ਸਕਦੀ ਹੈ ਅਤੇ ਗਗਨਦੀਪ ਰੰਧਾਵਾ ਦੀ ਧਰਮਪਤਨੀ ਅਤੇ ਧੀ ਲਗਾਤਾਰ ਸੀਬੀਆਈ ਜਾਂਚ ਦੀ ਮੰਗ ਕਰ ਰਹੀਆਂ ਹਨ, ਪਰ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ।ਉਨ੍ਹਾਂ ਨੇ ਕਾਂਗਰਸੀ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸੋਚਣ ਕਿ ਉਹ ਕਿਸ ਤਰ੍ਹਾਂ ਦੇ ਪ੍ਰਧਾਨ ਹੇਠ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਾਂ ਤਾਂ ਕਾਂਗਰਸ ਵਿੱਚ ਰਹਿਣ ਬਾਰੇ ਫੈਸਲਾ ਕੀਤਾ ਜਾਵੇ ਜਾਂ ਫਿਰ ਪ੍ਰਧਾਨ ਨੂੰ ਹਟਾਉਣ ਲਈ ਮੁਹਿੰਮ ਚਲਾਈ ਜਾਵੇ।ਰਵਨੀਤ ਬਿੱਟੂ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਪੰਜਾਬ ਨੂੰ ਬਚਾਓ,ਤੁਸੀਂ ਪਾਕਿਸਾਤਨ ਡੌਨ ਸ਼ਹਿਜ਼ਾਦ ਭੱਟੀ, ਜੋ ਆਈਐਸਆਈ ਦਾ ਏਜੰਟ ਹੈ,ਇਹ ਤਾਂ ਪਾਕਿਸਤਾਨ ਦਾ ਮੁੱਗਲ ਹੈ ਪਰ ਤੁਸੀਂ ਤਾਂ ਪੰਜਾਬੀ ਹੋ, ਇਸ ਦੇ ਪਿੱਛੇ ਲੱਗ ਕੇ ਆਪਣੇ ਸੂਬੇ ਦਾ ਮਾਹੌਲ ਖਰਾਬ ਨਾ ਕਰੋ। ਇਸ ਦਾ ਹਿਸਾਬ ਕਰਾਂਗੇ ਜਿਵੇਂ ਪਹਿਲਿਆਂ ਦਾ ਵੀ ਕੀਤਾ ਹੈ। ਸ਼ਹਿਜ਼ਾਦ ਭੱਟੀ ਵਰਗਾ ਜਿਹੜਾ ਸਾਡੇ ਪੰਜਾਬ ਨੂੰ ਮਾੜੀ ਨਜ਼ਰ ਨਾਲ ਵੇਖਦਾ ਹੈ, ਇਸ ਦਾ ਵੀ ਹਿਸਾਬ ਜਲਦੀ ਹੋਵੇਗਾ, ਬੇਫਿਕਰ ਹੋ ਜਾਓ। ਉਨ੍ਹਾਂ ਕਿਹਾ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਹੁੰਦੇ ਕੋਈ ਵੀ ਪੰਜਾਬ ਦੇ ਹਾਲਾਤ ਖਰਾਬ ਨਹੀਂ ਕਰ ਸਕਦਾ।

## 7 ਅਪ੍ਰੈਲ ਨੂੰ ਚੀਫ਼ ਖ਼ਾਲਸਾ ਦੀਵਾਨ ਵੱਲੋਂ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ




ਅੰਮ੍ਰਿਤਸਰ, 4 ਅਪ੍ਰੈਲ (ਬਬਲੂ ਮਹਾਜਨ) - ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਵਿਭਾਗ ਵੱਲੋਂ ਮਿਤੀ 07-04-2026 ਦਿਨ ਮੰਗਲਵਾਰ ਨੂੰ ਚੀਫ਼ ਖ਼ਾਲਸਾ ਦੀਵਾਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੈਕਨੋਲੋਜੀ ਅੰਮ੍ਰਿਤਸਰ ਵਿਖੇ ਸਵੈ ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਰੁਪਿੰਦਰ ਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ(ਸ਼ਹਿਰੀ ਵਿਕਾਸ)-ਕਮ-ਮੁੱਖ ਕਾਰਜਕਾਰੀ ਅਫ਼ਸਰ ਡੀ.ਬੀ.ਈ.ਈ. ਅੰਮ੍ਰਿਤਸਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਵਿਜੇ ਰਾਏ ਜਿੰਦਲ,ਐਸ.ਬੀ.ਆਈ ਕਾਰਡ, ਫੋਨ ਪੇਅ, ਸਾਡਾ ਪਿੰਡ, ਵੈਬਰਜ, ਮੈਕਸੀਕਸ ਕੋਚਰਟੈਕ, ਏ.ਓ.ਐਸ.ਸੀ ਟੈਕਨੋਲੋਜੀ, ਅੱਡਾ 247, ਰਾਮਾ ਸਟੀਲ ਫੋਰਜ, ਐੱਚ.ਡੀ.ਬੀ ਬੈਂਕ, ਪੁਖਰਾਜ ਹੈਲਥ ਕੇਅਰ, ਰਿਕੋਹ ਕੰਪਨੀ, ਆਰ.ਬੀ.ਐਲ ਬੈਂਕ, ਰੈਡੀਸਨ ਬਲੂ ਹੋਟਲ ਅਤੇ ਅਜਾਇਲ ਫਿਊਚਰ ਵੱਲੋਂ ਰਿਕਵਰੀ ਏਜੰਟ, ਬ੍ਰਾਂਚ ਰਿਲੈਸ਼ਨਸ਼ਿਪ, ਕੰਪਿਊਟਰ ਟਰੇਨਰ, ਫਰੰਟ ਆਫਿਸ ਅਤੇ ਸਰਵਿਸ, ਸੈਲਜ ਅਫ਼ਸਰ, ਵੈਲਨਸ ਐਡਵਾਈਜ਼ਰ, ਟੀਮ ਲੀਡਰ ਅਤੇ ਟੀਮ ਮੈਨੇਜਰ, ਫਿੱਟਰ, ਮਸ਼ੀਨਿਸਟ, ਮੋਟਰ ਮੈਕੇਨਿਕ, ਸੈਲਜ ਅਫਸਰ, ਕਲਸਟਰ ਲਰਨਿੰਗ ਅਤੇ ਮੈਨੇਜਰ ਦੀ ਅਸਾਮੀ ਦੇ ਲਈ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿਚ 10ਵੀਂ, 12ਵੀਂ, ਆਈ.ਟੀ.ਆਈ, ਗ੍ਰੈਜੂਏਟ, ਐੱਮ.ਸੀ.ਏ, ਬੀ.ਸੀ.ਏ, ਬੀ.ਐੱਸ ਸੀ(ਆਈ.ਟੀ), ਐੱਮ.ਐੱਸ ਸੀ(ਆਈ.ਟੀ) ਅਤੇ ਡਿਪਲੋਮਾ ਹੋਲਡਰ ਦੀ ਯੋਗਤਾ ਵਾਲੇ ਉਮੀਦਵਾਰ (ਦੋਵੇਂ ਲੜਕੇ ਅਤੇ ਲੜਕੀਆਂ) ਭਾਗ ਲੈ ਸਕਦੇ ਹਨ। ਚਾਹਵਾਨ ਉਮੀਦਵਾਰ ਆਪਣੇ ਯੋਗਤਾ ਦੇ ਸਰਟੀਫਿਕੇਟ ਲੈ ਕੇ ਮਿਤੀ 07-04-2026 ਨੂੰ ਮੰਗਲਵਾਰ ਸਵੇਰੇ 10:00 ਵਜੇ ਚੀਫ ਖ਼ਾਲਸਾ ਦੀਵਾਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੈਕਨੋਲੋਜੀ ਵਿਖੇ ਪਹੁੰਚ ਸਕਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਸ਼੍ਰੀ ਮੁਕੇਸ਼ ਸੰਗਲ ਅਤੇ ਡਿਪਟੀ ਸੀ.ਈ.ਓ ਸ਼੍ਰੀ ਤੀਰਥ ਪਾਲ ਸਿੰਘ ਨੇ ਦੱਸਿਆ ਕਿ ਸਵੈ ਰੋਜ਼ਗਾਰ ਕੈਂਪ ਵਿੱਚ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਂਦਰ ਅੰਮ੍ਰਿਤਸਰ, ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਅੰਮ੍ਰਿਤਸਰ, ਜ਼ਿਲ੍ਹਾ ਮੈਨੇਜਰ ਬੈਂਕਫਿੰਕੋ ਅੰਮ੍ਰਿਤਸਰ ਅਤੇ ਜ਼ਿਲ੍ਹਾ ਮੈਨੇਜਰ ਐੱਸ.ਸੀ ਕਾਰਪੋਰੇਸ਼ਨ ਅੰਮ੍ਰਿਤਸਰ ਸਵੈ ਰੋਜ਼ਗਾਰ ਸਬੰਧੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਜਾਣਕਾਰੀ ਸਾਂਝਾ ਕਰਨ ਲਈ ਸ਼ਾਮਲ ਹੋ ਰਹੇ ਹਨ।



ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ



# ਘੱਟ ਸੁਣਨ ਦੀ ਸ਼ਕਤੀ ਬਣ ਸਕਦੀ ਹੈ ਦਿਮਾਗੀ ਬਿਮਾਰੀ ਦਾ ਕਾਰਨ

ਵਧਦੀ ਉਮਰ ਦੇ ਨਾਲ ਸਿਹਤ ਵਿੱਚ ਕਈ ਬਦਲਾਅ ਆਉਂਦੇ ਹਨ, ਜਿਨ੍ਹਾਂ ਵਿੱਚ ਸੁਣਨ ਦੀ ਸ਼ਕਤੀ ਘੱਟ ਹੋਣਾ ਵੀ ਸ਼ਾਮਲ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਸੁਣਨ ਦੀ ਸ਼ਕਤੀ ਘੱਟ ਹੋਣ ਦਾ



ਸਿੱਧਾ ਸਬੰਧ ਡਿਮੈਂਸ਼ੀਆ ਯਾਦਾਸ਼ਤ ਜਾਣ ਦੀ ਬਿਮਾਰੀ ਨਾਲ ਹੈ ? ਕਈ ਅਧਿਐਨਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸੁਣਨ ਦੀ ਸਮੱਸਿਆ ਡਿਮੈਂਸ਼ੀਆ ਦੇ ਜੋਖਮ ਨੂੰ ਵਧਾ ਸਕਦੀ ਹੈ।ਦਰਅਸਲ, ਸੁਣਨ ਦੀ ਸਮੱਸਿਆ ਸਾਡੇ ਦਿਮਾਗ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀ ਹੈ।

**ਡਿਮੈਂਸ਼ੀਆ ਦੇ ਸ਼ੁਰੂਆਤੀ ਲੱਛਣ**

**ਯਾਦਾਸ਼ਤ ਕਮਜ਼ੋਰ ਹੋਣਾ:** ਹਾਲ ਹੀ ਵਿੱਚ ਹੋਈਆਂ ਗੱਲਾਂ ਜਾਂ ਅਹਿਮ ਜਾਣਕਾਰੀਆਂ ਨੂੰ ਭੁੱਲ ਜਾਣਾ।

**ਧਿਆਨ ਲਗਾਉਣ ਵਿੱਚ ਦਿੱਕਤ:** ਕਿਸੇ ਕੰਮ ’ਤੇ ਫੋਕਸ ਕਰਨ ਜਾਂ ਫੈਸਲੇ ਲੈਣ ਵਿੱਚ ਪਰੇਸ਼ਾਨੀ ਮਹਿਸੂਸ ਕਰਨਾ।

**ਰੋਜ਼ਾਨਾ ਦੇ ਕੰਮਾਂ ਵਿੱਚ ਮੁਸ਼ਕਲ:** ਰੋਜ਼ਾਨਾ ਦੇ ਕੰਮਾਂ ਜਿਵੇਂ ਕਿ ਖਰੀਦਦਾਰੀ ਵੇਲੇ ਪੈਸਿਆਂ ਦਾ ਲੈਣ-ਦੇਣ ਜਾਂ ਕੱਪੜਿਆਂ ਦੇ ਬਟਨ ਲਗਾਉਣ ਵਿੱਚ ਉਲਝਣ ਹੋਣਾ।

**ਗੱਲਬਾਤ ਵਿੱਚ ਪਰੇਸ਼ਾਨੀ:** ਗੱਲ ਕਰਦੇ ਸਮੇਂ ਸਹੀ ਸ਼ਬਦ ਨਾ ਲੱਭ ਪਾਉਣਾ ਜਾਂ ਗੱਲਬਾਤ ਦੇ ਪ੍ਰਵਾਹ ਨੂੰ ਨਾ ਸਮਝ ਸਕਣਾ।

**ਸਮੇਂ ਅਤੇ ਜਗ੍ਹਾ ਦਾ ਭੁਲੇਖਾ:** ਇਹ ਭੁੱਲ ਜਾਣਾ ਕਿ ਅਜੇ ਕਿਹੜਾ ਸਮਾਂ ਹੈ ਜਾਂ ਉਹ ਇਸ ਵੇਲੇ ਕਿੱਥੇ ਹਨ।

**ਵਿਹਾਰ ਵਿੱਚ ਬਦਲਾਅ:** ਅਚਾਨਕ ਸੁਭਾਅ ਵਿੱਚ ਬਦਲਾਅ ਆਉਣਾ, ਬਿਨਾਂ ਕਾਰਨ ਉਦਾਸ ਜਾਂ ਚਿੜਚਿੜਾ ਮਹਿਸੂਸ ਕਰਨਾ।

**ਦਿਮਾਗ ’ਤੇ ਵਾਧੂ ਦਬਾਅ:** ਜਦੋਂ ਸਾਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦਾ, ਤਾਂ ਸਾਡੇ ਦਿਮਾਗ ਨੂੰ ਸ਼ਬਦਾਂ ਅਤੇ ਆਵਾਜ਼ਾਂ ਨੂੰ ਸਮਝਣ ਲਈ ਬਹੁਤ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਇਹ ਵਾਧੂ ਦਬਾਅ ਯਾਦਾਸ਼ਤ ਅਤੇ ਸੋਚਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

# ਆਸਟ੍ਰੇਲੀਆ ਦੇ ਵਿਕਟੋਰੀਅਨ ਪਾਰਲੀਮੈਂਟ ’ਚ ਸਿੱਖ ਬੱਚੇ ਨੇ ‘ਰਾਈਟ ਟੂ ਹੋਮ’ ਬਿੱਲ ਪੇਸ਼ ਕਰਕੇ ਸਭ ਦਾ ਦਿਲ ਜਿੱਤਿਆ

ਮੈਲਬਰਨ/ਵਿਕਟੋਰੀਆ (ਆਸਟ੍ਰੇਲੀਆ), 4 ਅਪ੍ਰੈਲ (ਚ.ਨ.ਸ.) : ਆਸਟ੍ਰੇਲੀਆ ਦੇ ਮੈਲਬਰਨ ਸ਼ਹਿਰ ਵਿੱਚ ਸਥਿਤ Victorian Parliament ਵਿੱਚ ਅੱਜ ਇੱਕ ਪ੍ਰੇਰਣਾਦਾਇਕ ਦ੍ਰਿਸ਼ ਦੇਖਣ ਨੂੰ ਮਿਲਿਆ, ਜਿੱਥੇ ਨੌਜਵਾਨ ਸਿੱਖ ਬੱਚੇ ਸਹਿਰਾਜ ਸਿੰਘ ਦਿਓਲ ਨੇ Right to Home ਬਿੱਲ ਪੇਸ਼ ਕੀਤਾ।ਇਸ ਦੌਰਾਨ ਉਸ ਨੇ ਬਹੁਤ ਹੀ ਆਤਮਵਿਸ਼ਵਾਸ ਨਾਲ ਆਪਣੀ ਗੱਲ ਰੱਖਦਿਆਂ ਕਿਹਾ ਕਿ ਹਰ ਇਨਸਾਨ ਨੂੰ ਇੱਕ ਸੁਰੱਖਿਅਤ ਘਰ ਮਿਲਣਾ ਉਸਦਾ ਬੁਨਿਆਦੀ ਹੱਕ ਹੈ। ਉਸਦੀ ਇਸ ਸੋਚ ਅਤੇ ਹਿੰਮਤ ਨੇ ਉੱਥੇ ਮੌਜੂਦ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ। ਸਹਿਰਾਜ ਸਿੰਘ ਦੀ ਇਹ ਕੋਸ਼ਿਸ਼ ਸਮਾਜ ਵਿੱਚ ਬੇਘਰ ਲੋਕਾਂ ਦੀ ਸਮੱਸਿਆ ਵੱਲ ਧਿਆਨ ਖਿੱਚਦੀ ਹੈ ਅਤੇ ਸਰਕਾਰ ਨੂੰ ਇਸ ਮਸਲੇ ‘ਤੇ ਸੋਚਣ ਲਈ ਪ੍ਰੇਰਿਤ ਕਰਦੀ ਹੈ। ਨਿੱਕੀ ਉਮਰ ਵਿੱਚ ਐਸਾ ਵੱਡਾ ਕਦਮ ਚੁੱਕਣਾ ਸੱਚਮੁੱਚ ਕਾਬਿਲ-ਏ-ਤਾਰੀਫ਼ ਹੈ। ਇਹ ਖ਼ਬਰ ਨੌਜਵਾਨਾਂ ਲਈ ਇੱਕ ਪ੍ਰੇਰਣਾ ਹੈ ਕਿ ਉਹ ਵੀ ਆਪਣੇ ਵਿਚਾਰਾਂ ਨਾਲ ਸਮਾਜ ਵਿੱਚ ਬਦਲਾਅ ਲਿਆ ਸਕਦੇ ਹਨ।



# ਪਿੰਡ ਦੀਵਾਲੀ ਵਿੱਚ ਕਰਵਾਇਆ ਤਿੰਨ ਦਿਨਾਂ ਸੰਤ/ਕੀਰਤਨ ਸਮਾਗਮ

## ਪੰਥਕ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਦਸ਼ਮੇਸ਼ ਪਿਤਾ ਜੀ ਦੇ ਇਤਿਹਾਸ ਨਾਲ ਜੋੜਿਆ

ਜੰਡਿਆਲਾ ਮੰਜਕੀ, 4 ਅਪ੍ਰੈਲ (ਚ.ਨ.ਸ.) : ਜੰਡਿਆਲਾ ਮੰਜਕੀ-ਜਲੰਧਰ ਰੋਡ ਤੇ ਸਥਿਤ ਪਿੰਡ ਦੀਵਾਲੀ ਦੇ ਗੁਰਦੁਆਰਾ ਸਿੰਘ ਸਭਾ ਵਿੱਚ ਸਮੂਹ ਸੰਗਤਾਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਸੰਤ ਅਤੇ ਕੀਰਤਨ ਸਮਾਗਮ ਕਰਵਾਏ ਗਏ। ਪ੍ਰਸਿੱਧ ਕੀਰਤਨੀ ਭਾਈ ਦਵਿੰਦਰ ਸਿੰਘ ਸੋਢੀ ਦੀਵਾਲੀ ਵਾਲਿਆਂ ਦੀ ਦੇਖ ਰੇਖ ਹੇਠ ਗੁਰੂ ਤੇਗ ਬਹਾਦਰ ਸਾਹਿਬ ਅਤੇ ਭਗਤ ਧੰਨਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਇਹਨਾਂ ਸਮਾਗਮਾਂ ਵਿੱਚ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ,ਭਾਈ ਨਰਿੰਦਰ ਸਿੰਘ ਸੋਢੀ, ਬਾਬਾ ਗੁਰਦਿਆਲ ਸਿੰਘ ਮਨਸੂਰਵਾਲ ਵਾਲੇ,ਬਾਬਾ ਲਾਲ ਸਿੰਘ ਪਿਹੋਵਾ ਵਾਲੇ, ਗਿਆਨੀ ਜਸਵੰਤ ਸਿੰਘ, ਬਾਬਾ ਕਰਨੈਲ ਸਿੰਘ ਨਾਨਕਸਰ,ਢਾਡੀ ਇਕਬਾਲ ਸਿੰਘ ਬੈਂਸ, ਢਾਡੀ ਇੰਦਰਜੀਤ ਸਿੰਘ ਸ਼ੇਰਗਿੱਲ ਆਦਿ ਦੇ ਜਥਿਆਂ ਨੇ ਦੋ ਦਿਨ ਦੇ ਦੀਵਾਨਾਂ ਵਿੱਚ ਹਾਜ਼ਰੀਆਂ ਭਰੀਆਂ। ਅਖੀਰਲੇ ਰਾਤਰੀ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਬੁਲਾਰੇ ਅਤੇ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਸੰਗਤਾਂ ਨੂੰ ਦਸ਼ਮੇਸ਼ ਪਿਤਾ ਜੀ ਦੇ ਗੁਰ ਇਤਿਹਾਸ ਨਾਲ ਜੋੜਿਆ। ਸੰਤ ਰਵਿੰਦਰ ਸਿੰਘ ਜੌਨੀ ਨੇ ਨਿਰੋਲ ਗੁਰਬਾਣੀ ਕੀਰਤਨ ਅਤੇ ਧਾਰਨਾ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਅਤੇ ਆਏ ਜਥਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਿਰਵੈਰ ਸਿੰਘ ਡੈਅਰੀ ਵਾਲੇ,ਬਲਦੇਵ ਸਿੰਘ ਦੇਬਾ, ਹਰਿੰਦਰ ਸਿੰਘ ਬਿੱਟੂ ਸ਼ਾਹ, ਸੁਖਵਿੰਦਰ ਸਿੰਘ ਧਾਲੀਵਾਲ, ਮਨੀ ਸਿੰਘ ਧਾਲੀਵਾਲ, ਗੁਰਦੀਪ ਸਿੰਘ ਜੰਡਿਆਲੀ, ਰਸ਼ਪਾਲ ਸਿੰਘ ਪਾਲਾ, ਗੁਰਨਾਮ ਸਿੰਘ ਮਛਿਆਣਾ, ਬਿੰਦਰ ਸਿੰਘ, ਮੇਜਰ ਸਿੰਘ, ਗੁਰਦੇਵ ਸਿੰਘ ਦੀਵਾਲੀ, ਫਤਿਹਜੀਤ ਸਿੰਘ, ਸੁਖਵਿੰਦਰ ਸਿੰਘ ਜੰਡਿਆਲਾ, ਸੁਖਵਿੰਦਰ ਸਿੰਘ ਸੁੱਖੀ ਅਤੇ ਪਤਵੰਤੇ ਵੀ ਹਾਜ਼ਰ ਸਨ॥ 04ਮੰਜਕੀ01ਲੋਕਲ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਹੁਰਾਂ ਨੂੰ ਸਨਮਾਨਿਤ ਕਰਦੇ ਹੋਏ ਬਾਬਾ ਰਵਿੰਦਰ ਸਿੰਘ ਜੌਨੀ, ਦਵਿੰਦਰ ਸਿੰਘ ਸੋਢੀ ਅਤੇ ਸਮੂਹ ਪ੍ਰਬੰਧਕ। 04ਮੰਜਕੀ02ਲੋਕਲ ਬਾਬਾ ਰਵਿੰਦਰ ਸਿੰਘ ਜੌਨੀ ਦੇ ਜੱਥੇ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।





**ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਵਿਖੇ ਸਹਾਇਕ ਜਥੇਦਾਰ ਵਜੋਂ ਸੇਵਾ ਕਰਦੇ ਹੋਏ ਅੱਜ 8 ਸਾਲ ਪੂਰੇ ਹੋਣ ’ਤੇ ਦਿਲੋਂ ਬੇਅੰਤ-ਬੇਅੰਤ ਵਧਾਈਆਂ। ਇਸ ਮੌਕੇ ਸਿੰਘ ਸਾਹਿਬ ਦਾ ਸ੍ਰ. ਅੰਮ੍ਰਿਤਪਾਲ ਸਿੰਘ, ਦਿਲਬਾਗ ਸਿੰਘ, ਅਮਰਜੀਤ ਸਿੰਘ ਤੇ ਸਮੂਹ ਸੰਗਤਾਂ ਵੱਲੋਂ ਸਨਮਾਨ ਕੀਤਾ ਗਿਆ, ਸਿੰਘ ਸਾਹਿਬ ਨੇ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਵਿਖੇ ਪਿਛਲੇ ਅੱਠ ਸਾਲਾਂ ਦੌਰਾਨ ਗੁਰੂ ਘਰ ਦੀ ਸੇਵਾ ਬੜੀ ਨਿਮਰਤਾ, ਸਮਰਪਣ ਅਤੇ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਨਿਭਾਈ ਹੈ। ਸੰਗਤ ਨਾਲ ਪ੍ਰੇਮ ਭਾਵਨਾ ਅਤੇ ਪੰਥ ਦੀ ਚੜ੍ਹਦੀਕਲਾ ਲਈ ਕੀਤੀਆਂ ਸੇਵਾਵਾਂ ਕਾਬਿਲ-ਏ-ਸਤਿਕਾਰ ਹਨ। ਸਮੂਹ ਸੰਗਤਾਂ ਨੇ ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਸਿੰਘ ਸਾਹਿਬ ਨੂੰ ਅੱਗੇ ਵੀ ਇਸੇ ਤਰ੍ਹਾਂ ਗੁਰੂ ਘਰ ਅਤੇ ਸਿੱਖ ਪੰਥ ਦੀ ਸੇਵਾ ਕਰਨ ਦੀ ਤਾਕਤ ਬਖ਼ਸ਼ਣ ਅਤੇ ਹਮੇਸ਼ਾਂ ਚੜ੍ਹਦੀਕਲਾ ਵਿੱਚ ਰੱਖਣ। ਬਾਬਾ ਰਾਮ ਸਿੰਘ ਪਿਛਲੇ 30 ਸਾਲਾ ਤੋਂ ਸਹਾਇਕ ਜਥੇਦਾਰ ਵਜੋਂ ਸੇਵਾ ਨਿਭਾ ਰਹੇ ਹਨ।**

# Acme Heights 92 ਵਿਖੇ ਸੁੰਦਰਕਾਂਡ ਪਾਠ ਕਰਵਾਇਆ

ਮੁਹਾਲੀ, 4 ਅਪ੍ਰੈਲ (ਚ.ਨ.ਸ.) : Acme Heights 92, ਸੈਕਟਰ 92, ਮੋਹਾਲੀ ਨੇ ਸਾਂਝੇ ਤੌਰ ’ਤੇ ਬਿਲਡਰ ਅਤੇ RW ਦੁਆਰਾ ਆਯੋਜਿਤ ਇੱਕ ਸ਼ਾਨਦਾਰ ਸੁੰਦਰਕਾਂਡ ਪਾਠ ਦਾ ਆਯੋਜਨ ਕੀਤਾ। ਇਹ ਪ੍ਰੋਜੈਕਟ ਆਪਣੇ 2 ਅਤੇ C BHK ਫਲੈਟਾਂ ਲਈ ਜਾਣਿਆ ਜਾਂਦਾ ਹੈ। ਨਿਵਾਸੀਆਂ, ਨਿਵੇਸ਼ਕਾਂ ਅਤੇ ਮਹਿਮਾਨਾਂ ਨੇ ਇਸ ਧਾਰਮਿਕ ਸਮਾਗਮ ਵਿੱਚ ਸ਼ਰਧਾ ਅਤੇ ਸ਼ਰਧਾ ਨਾਲ ਹਿੱਸਾ ਲਿਆ। ਰਾਮਾਇਣ ਦੇ ਪਵਿੱਤਰ ਸੁੰਦਰਕਾਂਡ ਪਾਠ ਦਾ ਪਾਠ ਇੱਕ ਸ਼ਾਂਤ ਅਤੇ ਅਧਿਆਤਮਿਕ ਮਾਹੌਲ ਵਿੱਚ ਕੀਤਾ ਗਿਆ, ਜਿਸ ਨਾਲ ਪੂਰੇ ਕੰਪਲੈਕਸ ਵਿੱਚ ਸਕਾਰਾਤਮਕ ਊਰਜਾ ਫੈਲ ਗਈ। ਸਮਾਗਮ ਤੋਂ ਬਾਅਦ, ਆਰਤੀ ਕੀਤੀ ਗਈ ਅਤੇ ਪ੍ਰਸ਼ਾਦ ਵੰਡਿਆ ਗਿਆ। ਬਿਲਡਰ ਨੇ ਕਿਹਾ, ਸਾਡਾ ਉਦੇਸ਼ ਸਿਰਫ਼ ਘਰ ਬਣਾਉਣਾ ਨਹੀਂ ਹੈ, ਸਗੋਂ ਇੱਕ ਅਜਿਹਾ ਮਾਹੌਲ ਬਣਾਉਣਾ ਹੈ ਜਿੱਥੇ ਸੱਭਿਆਚਾਰ, ਪਰੰਪਰਾ ਅਤੇ ਭਾਈਚਾਰਕ ਭਾਵਨਾ ਵਧਦੀ-ਫੁੱਲਦੀ ਹੋਵੇ। ਅਜਿਹੇ ਸਮਾਗਮ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹਨ। ਸਮਾਗਮ ਸਫਲਤਾਪੂਰਵਕ ਸਮਾਪਤ ਹੋਇਆ, ਸਦਭਾਵਨਾ, ਵਿਸ਼ਵਾਸ ਅਤੇ ਏਕਤਾ ਦਾ ਸੰਦੇਸ਼ ਦਿੰਦਾ ਹੋਇਆ।



# ਯੂਕੋ ਬੈਂਕ, ਜ਼ੋਨਲ ਦਫ਼ਤਰ, ਚੰਡੀਗੜ੍ਹ ਵੱਲੋਂ ਅੱਖਾਂ ਦੀ ਜਾਂਚ ਦਾ ਮੁਫਤ ਕੈਂਪ

ਚੰਡੀਗੜ੍ਹ, 4 ਅਪ੍ਰੈਲ (ਚ.ਨ.ਸ.): ਯੂਕੋ ਬੈਂਕ, ਜ਼ੋਨਲ ਦਫ਼ਤਰ, ਚੰਡੀਗੜ੍ਹ ਨੇ 2 ਅਪ੍ਰੈਲ, 2026 ਨੂੰ ਸੈਕਟਰ 17ਬੀ ਸਥਿਤ ਯੂਕੋ ਬੈਂਕ ਸ਼ਾਖਾ ਦੇ ਅਹਾਤੇ ਵਿੱਚ ਇੱਕ ਮੁਫ਼ਤ ਅੱਖਾਂ ਦੀ ਜਾਂਚ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਗਰੇਵਰ ਆਈ ਹਸਪਤਾਲ ਦੇ ਸਹਿਯੋਗ ਨਾਲ ਲਗਾਇਆ ਗਿਆ ਸੀ। ਕੈਂਪ ਵਿੱਚ ਬੈਂਕ ਸਟਾਫ਼, ਗਾਹਕਾਂ ਅਤੇ ਆਮ ਲੋਕਾਂ ਨੂੰ ਮੁਫ਼ਤ ਅੱਖਾਂ ਦੀ ਜਾਂਚ, ਨਜ਼ਰ ਦੀ ਜਾਂਚ ਅਤੇ ਡਾਕਟਰੀ ਸਲਾਹ ਦਿੱਤੀ ਗਈ। ਲਗਭਗ 100 ਲੋਕਾਂ ਨੇ ਅੱਖਾਂ ਦੀ ਜਾਂਚ ਕੀਤੀ ਅਤੇ ਇਸ ਸਿਹਤ ਪਹਿਲਕਦਮੀ ਤੋਂ ਲਾਭ ਉਠਾਇਆ। ਯੂਕੋ ਬੈਂਕ ਸਮੇਂ-ਸਮੇਂ ’ਤੇ ਕਰਮਚਾਰੀਆਂ, ਗਾਹਕਾਂ ਅਤੇ ਭਾਈਚਾਰੇ ਨੂੰ ਲਾਭ ਪਹੁੰਚਾਉਣ ਲਈ ਅਜਿਹੇ ਸਮਾਜਿਕ ਅਤੇ ਸਿਹਤ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ। ਅੰਤ ਵਿੱਚ, ਯੂਕੋ ਬੈਂਕ, ਜ਼ੋਨਲ ਦਫ਼ਤਰ, ਚੰਡੀਗੜ੍ਹ ਨੇ ਇਸ ਕੈਂਪ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਵਿੱਚ ਗਰੇਵਰ ਆਈ ਹਸਪਤਾਲ ਦੀ ਟੀਮ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ।



**ਮਾਣਯੋਗ ਜਸਟਿਸ ਰੋਹਿਤ ਕਪੂਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਵੱਲੋਂ ਜ਼ਿਲ੍ਹਾ ਅਦਾਲਤ ਚੰਡੀਗੜ੍ਹ ਦਾ ਸਾਲਾਨਾ ਨਿਰੀਖਣ, ਰੁੱਖ ਲਗਾਉਣ, ਪਾਰਕਿੰਗ ਸਾਈਟ ਦਾ ਦੌਰਾ ਅਤੇ ਬਾਰ ਮੈਂਬਰਾਂ ਨਾਲ ਸੰਵਾਦ।**

## ਜਨਮ ਦਿਨ ਮੁਬਾਰਕ



ਗੁਰਮੰਨਤ ਕੌਰ



ਨਰਿੰਦਰ ਸਿੰਘ ਤੇ ਕਮਲਜੀਤ ਕੌਰ ਨੂੰ ਵਿਆਹ ਦੀ ਵਰੇਗੰਢ ਮੁਬਾਰਕ


ਪੀ.ਐਸ.ਆਈ.ਈ.ਸੀ. ਨੇ ਉਦਯੋਗਿਕ ਪਲਾਟਾਂ ਲਈ ਮਾਲਕੀ ਹੱਕ ਖੋਲ੍ਹੇ

ਜ਼ੀਰੋ ਸਟੈਂਪ ਡਿਊਟੀ ਨਾਲ ਲੀਜ਼ਹੋਲਡ ਪਲਾਟਾਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਲਈ ਯਕਮੁਸ਼ਤ ਮੌਕਾ

ਲੀਜ਼ਹੋਲਡ ਪਲਾਟਾਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਦੇ ਮੁੱਖ ਫ਼ਾਇਦੇ:

1. 30.04.2026 ਤੱਕ ਪ੍ਰਾਪਤ ਹੋਈਆਂ ਅਰਜ਼ੀਆਂ ਲਈ ਲੀਜ਼ਹੋਲਡ ਉਦਯੋਗਿਕ ਸੰਪਤੀਆਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਸਮੇਂ ਕਨਵੇਐਂਸ ਡੀਡ ਰਜਿਸਟ੍ਰੇਸ਼ਨ 'ਤੇ ਸਟੈਂਪ ਡਿਊਟੀ ਤੋਂ ਯਕਮੁਸ਼ਤ ਮੁਕੰਮਲ ਛੋਟ।
2. ਫ੍ਰੀਹੋਲਡ ਪਲਾਟਾਂ ਲਈ ਪੋਸਟ-ਅਲਾਟਮੈਂਟ ਸੇਵਾਵਾਂ ਨੂੰ ਸਰਲ ਬਣਾ ਕੇ ਇਨ੍ਹਾਂ ਨੂੰ ਸਿਰਫ਼ ਦੋ ਹੈੱਡਾਂ ਵਿੱਚ ਵੰਡਿਆ ਗਿਆ ਹੈ- 5 ਲਾਜ਼ਮੀ ਅਤੇ 18 ਵਿਕਲਪਿਕ ਸੇਵਾਵਾਂ; ਅੱਗੇ ਇਸ ਨੂੰ ਤਿੰਨ ਯੂਨੀਫਾਈਡ ਕੈਟਾਗਿਰੀਜ਼ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਅਲਾਟੀਆਂ ਲਈ ਕਾਰੋਬਾਰ ਕਰਨ ਦੀ ਆਸਾਨੀ ਅਤੇ ਕੁਸ਼ਲਤਾ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।
3. ਫ੍ਰੀਹੋਲਡ ਪਲਾਟਾਂ ਨਾਲ ਸਬੰਧਤ ਸਾਰੀਆਂ ਸੇਵਾਵਾਂ ਲਈ ਸਮਾਂ-ਸੀਮਾਵਾਂ ਨੂੰ ਤਰਕਸੰਗਤ ਬਣਾਇਆ ਅਤੇ ਘਟਾਇਆ ਗਿਆ ਹੈ। ਇਸ ਤੋਂ ਇਲਾਵਾ ਤੇਜ਼ੀ ਨਾਲ ਫ਼ੈਸਲਾ ਲੈਣ ਨੂੰ ਯਕੀਨੀ ਬਣਾਉਣ ਲਈ ਅਜਿਹੇ ਮਾਮਲਿਆਂ ਦੇ ਨਿਪਟਾਰੇ ਲਈ ਅਸਟੇਟ ਅਫਸਰ (ਈ.ਓ.) ਨੂੰ ਉੱਚ ਅਥਾਰਿਟੀ ਵਜੋਂ ਮਨੋਨੀਤ ਕੀਤਾ ਗਿਆ ਹੈ।
4. ਬੈਂਕਾਂ/ਐਨ.ਬੀ.ਐਫ.ਸੀਜ਼ ਕੋਲ ਗਿਰਵੀ ਪਈਆਂ ਲੀਜ਼ਹੋਲਡ ਸੰਪਤੀਆਂ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਦੇ ਯੋਗ ਹੋਣਗੀਆਂ, ਬਸ਼ਰਤੇ ਕਿ ਸਬੰਧਤ ਬੈਂਕ/ਐਨ.ਬੀ.ਐਫ.ਸੀ. ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਮ੍ਹਾਂ ਕਰਵਾਇਆ ਜਾਵੇ।
5. ਫ੍ਰੀਹੋਲਡ ਪਲਾਟ ਧਾਰਕਾਂ ਨੂੰ ਹਲਫ਼ਨਾਮਿਆਂ ਦੀ ਥਾਂ ਸਵੈ-ਘੋਸ਼ਣਾ ਪੱਤਰ ਜਮ੍ਹਾਂ ਕਰਾਉਣ ਦੀ ਇਜਾਜ਼ਤ ਹੋਵੇਗੀ, ਜਿਸ ਨਾਲ ਪ੍ਰਕਿਰਿਆ ਸਬੰਧੀ ਵੱਖ-ਵੱਖ ਲੋੜਾਂ ਸਰਲ ਬਣਨਗੀਆਂ।
6. ਜਿਨ੍ਹਾਂ ਮਾਮਲਿਆਂ ਵਿੱਚ ਮੌਜੂਦਾ ਲੀਜ਼ਹੋਲਡ ਸਮਝੌਤੇ ਵਿੱਚ ਕੀਮਤ ਵਾਧੇ (ਅਨਅਰਨਡ ਇਨਕ੍ਰੀਜ਼) ਲਈ ਕੋਈ ਉਪਬੰਧ ਨਹੀਂ, ਉੱਥੇ ਫ੍ਰੀਹੋਲਡ ਵਿੱਚ ਤਬਾਦਲੇ ਸਮੇਂ ਇਹ ਲਾਗੂ ਨਹੀਂ ਹੋਵੇਗਾ।
7. ਪਰਿਵਾਰ ਅੰਦਰ ਕੀਤੇ ਜਾਣ ਵਾਲੇ ਤਬਾਦਲਿਆਂ, ਜਿਨ੍ਹਾਂ ਵਿੱਚ ਵਿਰਾਸਤ ਅਤੇ ਅਲਾਟੀ ਦੀ ਮੌਤ ਤੋਂ ਬਾਅਦ ਹੋਣ ਵਾਲੇ ਤਬਾਦਲੇ ਸ਼ਾਮਲ ਹਨ, ਦੇ ਮਾਮਲਿਆਂ ਵਿੱਚ, ਜਦੋਂ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲੇ ਦਾ ਵਿਕਲਪ ਵਰਤਿਆ ਜਾ ਰਿਹਾ ਹੋਵੇ ਤਾਂ ਕੋਈ ਕੀਮਤ ਵਾਧਾ (ਅਨਅਰਨਡ ਇਨਕ੍ਰੀਜ਼) ਚਾਰਜ ਨਹੀਂ ਲੱਗੇਗਾ।
8. ਜੇਕਰ ਅਰਜ਼ੀਆਂ 30.04.2026 ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ ਤਾਂ ਅਲਾਟੀ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲੇ 'ਤੇ 1,800 ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਬੱਚਤ ਲਾਭ ਪ੍ਰਾਪਤ ਕਰ ਸਕਦੇ ਹਨ। ਅਸਲ ਬੱਚਤ ਲਾਭ ਜਗ੍ਹਾ ਅਤੇ ਲਾਗੂ ਕੁਲੈਕਟਰ ਦਰਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੇ ਹਨ।



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਲਿਮਟਿਡ

## ਫਤਿਹਾਬਾਦ ਬ੍ਰਾਂਚ ਨਹਿਰ ਵਿੱਚ ਬੋਰੀ 'ਚ ਬੰਦ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼, ਇਲਾਕੇ ਵਿੱਚ ਸਨਸਨੀ

ਖਨੌਰੀ, 4 ਅਪ੍ਰੈਲ (ਓਮਪ੍ਰਕਾਸ਼ ਮੁਆਲ): ਬਲਿਆ ਵਾਲਾ ਹੈਡ ਨੇੜੇ ਫਤਿਹਾਬਾਦ ਬ੍ਰਾਂਚ ਨਹਿਰ ਟੋਹਾਣਾ 'ਤੇ ਬਣੇ ਨਵੇਂ ਪੁਲ ਕੋਲ ਕੱਟਿਆਂ ਵਿਚਕਾਰ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਇਸ ਦੀ ਸੂਚਨਾ ਸਮਾਜ ਸੇਵੀ ਨਵਜੋਤ ਸਿੰਘ ਢਿੱਲੋਂ ਅਤੇ ਉਨ੍ਹਾਂ ਦੀ ਟੀਮ ਵੱਲੋਂ ਤੁਰੰਤ ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਗਈ।ਸੂਚਨਾ ਮਿਲਦੇ ਹੀ ਨਵਜੋਤ ਸਿੰਘ ਢਿੱਲੋਂ ਦੀ ਟੀਮ ਨੇ ਪੁਲਿਸ ਦੀ ਮੌਜੂਦਗੀ ਵਿੱਚ ਨਹਿਰ ਵਿੱਚੋਂ ਲਾਸ਼ ਨੂੰ ਬਾਹਰ ਕੱਢਿਆ। ਮ੍ਰਿਤਕ ਦੇ ਹੱਥ 'ਤੇ ਫੁੱਲ ਦਾ ਨਿਸ਼ਾਨ ਮਿਲਿਆ। ਮ੍ਰਿਤਕ ਨੇ ਨੀਲੇ ਰੰਗ ਦਾ ਅੰਡਰਵੇਅਰ, ਮਹਿੰਦੀ ਰੰਗ ਦੀ ਪੈਂਟ ਅਤੇ ਚੈਕ ਵਾਲੀ ਕਮੀਜ਼ ਪਹਿਨੀ ਹੋਈ ਸੀ। ਪਹਿਲੀ ਨਜ਼ਰ ਵਿੱਚ ਲਾਸ਼ ਇੱਕ ਤੋਂ ਦੋ ਦਿਨ ਪੁਰਾਣੀ ਲੱਗ ਰਹੀ ਸੀ।ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਦੇ ਪੈਰ ਮੋੜ ਕੇ ਚੌਕੜੀ ਮਾਰ ਕੇ ਬੋਰੀ ਵਿੱਚ ਬੰਦ ਕੀਤਾ ਗਿਆ ਸੀ ਅਤੇ ਉਸ ਨੂੰ ਗੰਢੜੀ ਬਣਾ ਕੇ ਨਹਿਰ ਵਿੱਚ ਸੁੱਟਿਆ ਗਿਆ ਸੀ। ਬੋਰੀ ਵਿੱਚ ਕੋਇਲਾ ਅਤੇ ਫੁੱਲ ਵੀ ਮਿਲੇ ਹਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਕਿਸੇ ਵੱਲੋਂ ਜਲ ਪ੍ਰਵਾਹ ਕੀਤਾ ਗਿਆ ਹੋਵੇ।ਘਟਨਾ ਦੀ ਸੂਚਨਾ ਮਿਲਦੇ ਹੀ ਸੰਬੰਧਿਤ ਥਾਣਾ ਪੁਲਿਸ ਅਤ ਟੋਹਾਣਾ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ ਗਈ। ਬਾਅਦ ਵਿੱਚ ਡੀਐਸਪੀ ਵੀ ਸ਼ਵਘਰ ਪਹੁੰਚੇ ਅਤੇ ਲਾਸ਼ ਦਾ ਜਾਇਜ਼ਾ ਲਿਆ।ਪ੍ਰਾਰੰਭਿਕ ਜਾਂਚ ਵਿੱਚ ਇਹ ਵੀ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਲਾਸ਼ ਪੰਜਾਬ ਵੱਲੋਂ ਪਾਣੀ ਦੇ ਨਾਲ ਵਗਦੀ ਹੋਈ ਹਰਿਆਣਾ ਖੇਤਰ ਵਿੱਚ ਆਈ ਹੋ ਸਕਦੀ ਹੈ। ਇਸ ਮਾਮਲੇ ਨੂੰ ਧਿਆਨ ਵਿੱਚ ਰੱਖਦਿਆਂ ਆਸ-ਪਾਸ ਦੇ ਜ਼ਿਲ੍ਹਿਆਂ ਅਤੇ ਪੰਜਾਬ ਖੇਤਰ ਦੇ ਥਾਣਿਆਂ ਨੂੰ ਵੀ ਸੂਚਨਾ ਭੇਜੀ ਗਈ ਹੈ।ਨਵਜੋਤ ਸਿੰਘ ਢਿੱਲੋਂ ਨੇ ਦੱਸਿਆ ਕਿ ਮ੍ਰਿਤਕ ਦੀ ਪਹਿਚਾਣ ਲਈ ਲਾਸ਼ ਨੂੰ 72 ਘੰਟਿਆਂ ਲਈ ਸ਼ਵਘਰ ਟੋਹਾਣਾ ਵਿੱਚ ਰੱਖਵਾਇਆ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ।ਜੇ ਕੋਈ ਵਿਅਕਤੀ ਮ੍ਰਿਤਕ ਦੀ ਪਹਿਚਾਣ ਕਰਦਾ ਹੈ ਜਾਂ ਕੋਈ ਜਾਣਕਾਰੀ ਰੱਖਦਾ ਹੈ ਤਾਂ ਤੁਰੰਤ ਪੁਲਿਸ ਪ੍ਰਸ਼ਾਸਨ ਜਾਂ ਨਵਜੋਤ ਸਿੰਘ ਢਿੱਲੋਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

## ਯੂਨੀਵਰਸਟੀ ਕਾਲਜ ਵੱਲੋਂ ਵਿੱਦਿਅਕ ਲਗਾਇਆ ਗਿਆ ਟੂਰ



ਮੂਨਕ ,4 ਅਪ੍ਰੈਲ (ਸਮਸ਼ੇਰ ਸਿੰਘ ਭੁਟਾਲ):ਪ੍ਰਿੰਸੀਪਲ ਡਾ ਰਾਜਿੰਦਰ ਸਿੰਘ ਅਤੇ ਵਾਇਸ ਪ੍ਰਿੰਸੀਪਲ ਡਾ ਗੁਰਪ੍ਰੀਤ ਸਿੰਘ ਹਰੀਕਾ ਦੀ ਸਰਪ੍ਰਸਤੀ ਹੇਠ ਯੂਨੀਵਰਸਿਟੀ ਕਾਲਜ, ਮੂਨਕ ਦੇ ਵਿਦਿਆਰਥੀਆਂ ਦਾ ਮਨਾਲੀ (ਹਿਮਾਚਲ ਪ੍ਰਦੇਸ਼) ਵਿਖੇ ਵਿੱਦਿਅਕ ਟੂਰ ਗਿਆ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਬੁੱਧ ਮੋਨਾਸਟਰੀ, ਮਨਾਲੀ ਮਾਲ ਰੋਡ, ਹੜੰਬਾ ਮੰਦਿਰ, ਸੋਲਾਂਗ ਘਾਟੀ, ਮਾਤਾ ਅੰਜਨੀ ਮਹਾਦੇਵ ਮੰਦਿਰ, ਅਟਲ ਟਨਲ, ਸੀਸੂ ਸਨੋ ਪੁਆਇੰਟ ਅਤੇ ਸਿਸੂ ਵਾਟਰਫਾਲ ਦਾ ਟੂਰ ਕਰਵਾਇਆ ਗਿਆ। ਵਿਦਿਆਰਥੀਆਂ ਵੱਲੋਂ ਜ਼ਿਪ ਲਾਈਨ, ਬਰਫ ਦੀਆਂ ਚੋਟੀਆਂ ਤੇ ਟ੍ਰੈਕਿੰਗ, ਕਲਚਰਲ ਪ੍ਰੋਗਰਾਮ ਅਤੇ ਹੋਰ ਲੋਕਲ ਅਡਵੇਂਚਰ ਐਕਟੀਵਿਟੀਜ਼ ਕੀਤੀਆਂ ਗਈਆਂ। ਇਸ ਟੂਰ ਵਿੱਚ ਡਾ. ਗੁਰਦਾਸ ਸਿੰਘ, ਡਾ ਗੁਰਸੇਵਕ ਸਿੰਘ, ਡਾ ਮਨੋਹਰ ਲਾਲ, ਪ੍ਰੋਫੈਸਰ ਜਰਨੈਲ ਸਿੰਘ , ਪ੍ਰੋਫੈਸਰ ਹੈਪੀ, ਪ੍ਰੋਫੈਸਰ ਹਰਮੇਸ਼ ਕੁਮਾਰ, ਪ੍ਰੋਫੈਸਰ ਜਸਕਰਨ ਸਿੰਘ, ਪ੍ਰੋਫੈਸਰ ਵਿਨੋਦ ਕੁਮਾਰ, ਪ੍ਰੋਫੈਸਰ ਯਾਦਵੀਰ ਸਿੰਘ, ਪ੍ਰੋਫੈਸਰ ਵਕੀਲ ਸਿੰਘ, ਪ੍ਰੋਫੈਸਰ ਰਮਨਦੀਪ ਕੌਰ, ਪ੍ਰੋਫੈਸਰ ਮਨਿੰਦਰ ਕੌਰ ਅਤੇ ਪੂਨਮ ਰਾਣੀ ਵੀ ਸਾਮਿਲ ਹਨ। ਕਾਲਜ ਮੈਨੇਜਮੈਂਟ ਅਤੇ ਵਿਦਿਆਰਥੀਆਂ ਨੇ ਡਾ ਅਮਰ ਇੰਦਰ ਸਿੰਘ, ਡਾਇਰੈਕਟਰ ਕਾਸਟੀਚੂਐਂਟ ਕਲਾਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਧੰਨਵਾਦ ਕੀਤਾ ਜਿਨ੍ਹਾਂ ਵੱਲੋ ਦਿੱਤੀ ਪ੍ਰਵਾਨਗੀ ਉਪਰੰਤ ਸਫਲਤਾਪੂਰਬਕ ਵਿਦਿਅਕ ਟੂਰ ਲਗਾਇਆ ਗਿਆ।

## ਬੀਕੇਯੂ ਡਕੌਂਦਾ ਬਲਾਕ ਫੂਲ ਦੀ ਮਹੀਨਾਵਾਰ ਮੀਟਿੰਗ ਹੋਈ

ਭਗਤਾ ਭਾਈ ਕਾ, 4 ਅਪਰੈਲ (ਸਵਰਨ ਸਿੰਘ ਭਗਤਾ) :ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਜ਼ਿਲ੍ਹਾ ਬਠਿੰਡਾ ਬਲਾਕ ਫੂਲ ਮਹੀਨਾਵਾਰ ਮੀਟਿੰਗ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਬਲਾਕ ਪ੍ਰਧਾਨ ਅਮਨਦੀਪ ਸਿੰਘ ਗੱਗੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਮੀਤ ਪ੍ਰਧਾਨ ਬਲਦੇਵ ਸਿੰਘ ਭਾਈਰੂਪਾ ਵਿਸ਼ੇਸ਼ ਤੌਰ ਪਹੁੰਚੇ।ਇਸ ਮੌਕੇ ਵੱਖ-ਵੱਖ ਵੱਖ ਇਕਾਈਆਂ ਹਾਜ਼ਰ ਹੋਈਆਂ, ਇਸ ਮੌਕੇ ਬਲਾਕ ਪ੍ਰਧਾਨ ਅਮਨਦੀਪ ਸਿੰਘ ਗੱਗੀ ਅਤੇ ਜਨਰਲ ਸਕੱਤਰ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀ ਹੀ ਪੰਜਾਬ ਦੇ ਅਰਥਚਾਰੇ ਦਾ ਧੁਰਾ ਹੈ। ਦੂਜਾ ਪੰਜਾਬ ਦਰਿਆਵਾਂ ਦੀ ਧਰਤੀ ਵੀ ਹੈ ਪਰ ਫਿਰ ਵੀ ਸਭ ਕੁਝ ਦੇ ਬਾਵਜੂਦ ਸੂਬੇ ਦੀ ਖੇਤੀ ਸੰਕਟ ਗ੍ਰਸਤ ਹੈ। ਇਹ ਸੰਕਟ ਦੇ ਬਹੁਪ੍ਰਤੀ ਹੋਣ ਦੇ ਕਾਰਨ ਸੂਬੇ ਦੀ ਆਰਥਿਕਤਾ ਅਤੇ ਸਮਾਜਿਕ ਜੀਵਨ ਉੱਪਰ ਵਿਆਪਕ ਪ੍ਰਭਾਵ ਪੈ ਰਿਹਾ ਹੈ। ਕਿਸਾਨਾਂ, ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਹਵਾ, ਪਾਣੀ ਅਤੇ ਜਮੀਨ ਦਾ ਦੂਸ਼ਿਤ ਹੋਣਾ, ਇਸ ਸੰਕਟ ਦੀ ਸਪੱਸ਼ਟ ਉਦਾਹਰਨ ਹੈ। ਸੂਬੇ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਕੇਂਦਰ ਸਰਕਾਰ ਦੇ ਪੱਧਰ ਤੇ ਬਹੁਪੱਖੀ ਕਦਮ ਚੁੱਕਣ ਦੀ ਜ਼ਰੂਰਤ ਹੈ। ਜਿੰਨਾਂ ਵਿੱਚੋਂ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇ। ਉਹਨਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਪਾਣੀ ਦਾ ਸੰਕਟ ਦਿਨੋ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਮੌਜੂਦਾ ਸਮੇਂ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਪੀਣ ਵਾਲਾ ਸ਼ੁੱਧ ਪਾਣੀ ਤੱਕ ਉਪਲਬਧ ਨਹੀਂ ਹੈ। ਪੰਜਾਬ ਦਾ ਨਹਿਰੀ ਢਾਂਚਾ ਜਰਜਰਾ ਹੋ ਚੁੱਕਿਆ ਹੈ ।ਦਰਿਆਵਾਂ ਨੂੰ ਦੂਸ਼ਿਤ ਕਰ ਦਿੱਤਾ ਗਿਆ ਹੈ ।ਅਜਿਹੇ ਸਮੇਂ ਵਿੱਚ ਪਾਣੀ ਦੀ ਸਾਂਭ ਸੰਭਾਲ ਅਤੇ ਸ਼ੁੱਧਤਾ ਲਈ ਕੁਝ ਠੋਸ ਕਦਮ ਚੁੱਕੇ ਜਾਣ ਦੀ ਜਰੂਰਤ ਨੂੰ ਸਮਜਿਆ ਜਾਵੇ ਅਤੇ ਇਸ ਸਮੱਸਿਆ ਦੇ ਹੱਲ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।ਫਸਲੀ ਵਿਭਿੰਨਤਾਂ ਨੂੰ ਉਤਸਾਹਿਤ ਕਰਨ ਲਈ ਸਾਰੀਆਂ ਫਸਲਾਂ, ਫਲਾਂ, ਸਬਜ਼ੀਆਂ ਅਤੇ ਬਾਸਮਤੀ ਦੀ 3 2+ 50% ਫਾਰਮੂਲੇ ਨਾਲ ਐਮ ਐਸ ਪੀ ਉੱਤੇ ਖਰੀਦ ਦੀ ਕਾਨੂੰਨੀ ਗਰੰਟੀ ਕੀਤੀ ਜਾਵੇ।ਕਿਸਾਨ ਪੱਖੀ ਖੇਤੀ ਨੀਤੀ ਲਾਗੂ ਕੀਤੀ ਜਾਵੇ।ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ 2025 ਨੂੰ ਰੱਦ ਕੀਤਾ ਜਾਵੇ।ਭਾਰਤ ਮਾਲਾ ਪ੍ਰੋਜੈਕਟ ਤਹਿਤ ਐਕਸਪ੍ਰੈਸਵੇ ਜਾਂ ਹੋਰ ਪ੍ਰੋਜੈਕਟਾਂ ਲਈ ਜਮੀਨਾਂ ਦਾ ਮੁਆਜਵਾ ਜਮੀਨ ਅਧਿਗ੍ਰਹਿਣ ਸੋਧ ਕਾਨੂੰਨ 2013 ਅਨੁਸਾਰ ਬਜ਼ਾਰੀ ਕੀਮਤ ਨੂੰ ਆਧਾਰ ਬਣਾ ਕੇ ਅਤੇ ਦੂਜੇ ਕਾਰਨ ਜੋੜ ਕੇ ਤੈਅ ਕੀਤਾ ਜਾਵੇ। ਦਿੱਲੀ ਅੰਦੋਲਨ ਤੋਂ ਪਹਿਲਾਂ, ਅੰਦੋਲਨ ਦੌਰਾਨ ਅਤੇ ਬਾਅਦ ਵਿੱਚ ਕਿਸਾਨਾਂ ਉੱਪਰ ਦਰਜ ਕੀਤੇ ਸਾਰੇ ਕੇਸ ਵਾਪਸ ਲਏ ਜਾਣ। ਮੱਧ ਪੂਰਬ ਅਤੇ ਪਾਕਿਸਤਾਨ ਨਾਲ ਅਟਾਰੀ ਵਾਹਘਾ ਅਤੇ ਹੁਸੈਨੀਵਾਲਾ ਦੇ ਬਾਡਰ ਦੇ ਸੜਕੀ ਅਤੇ ਰੇਲ ਰਾਹੀਂ ਲਾਘਿਆਂ ਨੂੰ ਵਪਾਰ ਲਈ ਖੋਲਿਆ ਜਾਵੇ। 58 ਸਾਲ ਤੋਂ ਵੱਧ ਉਮਰ ਵਾਲੇ ਔਰਤ ਤੇ ਮਰਦ ਕਿਸਾਨ, ਮਜ਼ਦੂਰ ਤੇ ਪੇਂਡੂ ਦਸਤਕਾਰ ਨੂੰ 10 ਹਜਾਰ ਰੁਪਏ ਬੁਢਾਪਾ ਪੈਨਸ਼ਨ ਪਾਰਲੀਮੈਂਟ ਅੰਦਰ ਕਾਨੂੰਨ ਪਾਸ ਕਰਕੇ ਦਿੱਤੀ ਜਾਵੇ।ਕਿਸਾਨ ਪੱਖੀ ਪ੍ਰਭਾਵਸ਼ਾਲੀ ਅਤੇ ਸਰਲ ਸਰਕਾਰੀ ਫਸਲੀ ਬੀਮਾ ਯੋਜਨਾ ਲਾਗੂ ਕੀਤੀ ਜਾਵੇ। ਨਵੀਂ ਕੌਮੀ ਸਿੱਖਿਆ ਨੀਤੀ 2020 ਰੱਦ ਕੀਤੀ ਜਾਵੇ। ਕੌਮੀ ਖੇਤੀ ਮੰਡੀਕਰਨ ਖਰੜੇ ਨੂੰ ਕੇਂਦਰ ਸਰਕਾਰ ਰੱਦ ਕਰੇ ਅਤੇ ਮੁਕਤ ਵਪਾਰ ਸਮਝੌਤੇ ਰਾਹੀਂ ਅਮਰੀਕਾ ਅਤੇ ਯੂਰਪੀ ਯੂਨੀਅਨ ਨਾਲ ਕੀਤੇ ਜਾਣ ਵਾਲੇ ਸਮਝੌਤਿਆਂ ਸਮੇਂ ਖੇਤੀ ਸੈਕਟਰ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖਿਆ ਜਾਵੇ।ਅਗਸਤ-ਸਤੰਬਰ 2025 ਦੌਰਾਨ ਪੰਜਾਬ ਵਿੱਚ ਆਏ ਭਾਰੀ ਹੜਾਂ ਕਾਰਨ ਫਸਲਾਂ, ਘਰਾਂ,ਮਨੁੱਖੀ ਜਾਨਾਂ ਅਤੇ ਪਸ਼ੂਆਂ ਦਾ ਭਾਰੀ ਨੁਕਸਾਨ ਹੋਇਆ ਹੈ ਅਤੇ ਹੋਏ ਨੁਕਸਾਨ ਦਾ ਮੁਆਵਜ਼ਾ ਰਾਸ਼ੀ ਤੁਰੰਤ ਜਾਰੀ ਹੋਵੇ।

## ਥਾਣੇ ਦੀ ਜ਼ਮੀਨ ਨੂੰ ਲੈ ਕੇ ਪੁਲਿਸ ਤੇ ਪੰਚਾਇਤ ਵਿਚਾਲੇ ਟਕਰਾਅ, 100 ਲੋਕਾਂ ਤੇ ਕੇਸ ਦਰਜ

ਬਠਿੰਡਾ, 4 ਅਪ੍ਰੈਲ 2026 (ਦੀਪਕ ਸ਼ਰਮਾ) ਕੀ ਕਦੇ ਜ਼ਮੀਨ ਦਾ ਇੱਕ ਟੁਕੜਾ ਇੰਨਾ ਵੱਡਾ ਹੋ ਸਕਦਾ ਹੈ ਕਿ ਉਹ ਪੂਰੇ ਪਿੰਡ ਅਤੇ ਪੁਲਿਸ ਪ੍ਰਸ਼ਾਸਨ ਦੇ ਵਿਚਕਾਰ ਨਫ਼ਰਤ ਦੀ ਕੰਧ ਖੜ੍ਹੀ ਕਰ ਦੇਵੇ? ਬੱਲੀਆਂਵਾਲੀ ਪਿੰਡ ਵਿੱਚ ਇਹੀ ਹੋਇਆ। ਥਾਣਾ ਪਰਿਸਰ ਦੀ ਇੱਕ ਖਾਲੀ ਪਈ ਜ਼ਮੀਨ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਹੁਣ ਅਦਾਲਤੀ ਕਾਗਜ਼ਾਂ ਦੀਆਂ ਸੰਗੀਨ ਧਾਰਾਵਾਂ ਤੱਕ ਪਹੁੰਚ ਗਿਆ ਹੈ। ਪੁਲਿਸ ਦਾ ਇਲਜ਼ਾਮ ਹੈ ਕਿ ਸਰਪੰਚ ਸੁਖਪਾਲ ਕੌਰ ਦੀ ਅਗਵਾਈ ਵਿੱਚ ਆਈ ਭੀੜ ਨੇ ਨਾ ਸਿਰਫ਼ ਸਰਕਾਰੀ ਕੰਮ ਵਿੱਚ ਰੁਕਾਵਟ ਪਾਈ, ਬਲਕਿ ਵਰਦੀਧਾਰੀ ਮੁਲਾਜ਼ਮਾਂ ਨੂੰ ਬੰਧਕ ਬਣਾਉਣ ਦੀ ਕੋਸ਼ਿਸ਼ ਵੀ ਕੀਤੀ। ਦੂਜੇ ਪਾਸੇ ਪੰਚਾਇਤ ਦਾ ਆਪਣਾ ਤਰਕ ਹੈ—ਉਨ੍ਹਾਂ ਮੁਤਾਬਕ ਇਹ ਜ਼ਮੀਨ ਪਿੰਡ ਦੇ ਸਾਂਝੇ ਹਿੱਤਾਂ ਲਈ ਹੈ। ਸੌ ਤੋਂ ਵੱਧ ਲੋਕਾਂ ਤੇ ਕੇਸ ਦਰਜ ਹੋ ਚੁੱਕਾ ਹੈ, ਪਰ ਸਵਾਲ ਅਜੇ ਵੀ ਉੱਥੇ ਹੀ ਖੜ੍ਹਾ ਹੈ ਕਿ ਸੰਵਾਦ ਦੀਆਂ ਗੁੰਜਾਇਸ਼ਾਂ ਖ਼ਤਮ ਹੋ ਚੁੱਕੀਆਂ ਹਨ ?ਬੱਲੀਆਂਵਾਲੀ ਪਿੰਡ ਦਾ ਮਾਮਲਾ ਹੁਣ ਦਸਤਾਵੇਜ਼ਾਂ ਦੀ ਜੰਗ ਵਿੱਚ ਬਦਲ ਗਿਆ ਹੈ। ਪੰਚਾਇਤ ਦਾ ਦਾਅਵਾ ਹੈ ਕਿ ਜ਼ਮੀਨ ਲਾਲ ਲਕੀਰ ਦੇ ਅੰਦਰ ਆਉਂਦੀ ਹੈ, ਜਦਕਿ ਪੁਲਿਸ ਪ੍ਰਸ਼ਾਸਨ ਇਸ ਤੇ ਆਪਣਾ ਕਬਜ਼ਾ ਦੱਸ ਰਿਹਾ ਹੈ। ਡੀਐਸਪੀ ਕੁਲਦੀਪ ਸਿੰਘ ਅਨੁਸਾਰ, ਜੇਕਰ ਪੰਚਾਇਤ ਕੋਲ ਸਬੂਤ ਹਨ ਤਾਂ ਉਹ ਪੇਸ਼ ਕਰੇ, ਪਰ ਕਾਨੂੰਨ ਨੂੰ ਹੱਥ ਵਿੱਚ ਲੈਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਫਿਲਹਾਲ ਸਰਪੰਚ ਸਮੇਤ ਕਈ ਨਾਮਜ਼ਦ ਅਤੇ ਦਰਜਨਾਂ ਅਣਪਛਾਤੇ ਲੋਕਾਂ ਤੇ ਮਾਮਲਾ ਦਰਜ ਕਰਕੇ ਜਾਂਚ ਜਾਰੀ ਹੈ।

## ਕੁੱਖਾਂ 'ਚ ਕਤਲ ਹੁੰਦੇ ਅਪਰਾਧ 'ਤੇ ਨਕੇਲ: ਆਭਾ ਆਈ.ਡੀ. ਬਣੀ ਹਥਿਆਰ, ਹੁਣ ਹਰ ਨਵਜੰਮੇ ਬੱਚੇ ਦਾ ਰਿਕਾਰਡ ਹੋਵੇਗਾ ਆਨਲਾਈਨ

ਬਠਿੰਡਾ, 4 ਅਪ੍ਰੈਲ 2026 (ਦੀਪਕ ਸ਼ਰਮਾ) : ਕੀ ਅਸੀਂ ਇੱਕ ਅਜਿਹੇ ਸਮਾਜ ਵੱਲ ਵਧ ਰਹੇ ਹਾਂ ਜਿੱਥੇ ਧੀਆਂ ਦੀ ਲੋਰੀ ਸਿਰਫ਼ ਯਾਦਾਂ ਵਿੱਚ ਰਹਿ ਜਾਵੇਗੀ? ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਲੜਕੀਆਂ ਦੀ ਲਗਾਤਾਰ ਘਟ ਰਹੀ ਗਿਣਤੀ ਨੇ ਨਾ ਸਿਰਫ਼ ਸਿਹਤ ਵਿਭਾਗ ਦੀ ਨੀਂਦ ਉਡਾ ਦਿੱਤੀ ਹੈ, ਬਲਕਿ ਸਮਾਜਿਕ ਚੇਤਨਾ 'ਤੇ ਵੀ ਵੱਡਾ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਸਿਹਤ ਵਿਭਾਗ ਨੇ ਹੁਣ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਨਵੇਂ ਨਿਯਮਾਂ ਅਨੁਸਾਰ ਹੁਣ ਕਿਸੇ ਵੀ ਗਰਭਵਤੀ ਮਹਿਲਾ ਦਾ ਅਲਟਰਾਸਾਊਂਡ ਉਦੋਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਸ ਦੀ ਆਭਾ ਆਈਡੀ (ਡਿਜੀਟਲ ਸਿਹਤ ਖਾਤਾ) ਤਿਆਰ ਨਹੀਂ ਹੁੰਦੀ।ਇਹ ਡਿਜੀਟਲ ਪ੍ਰਣਾਲੀ ਇੱਕ ਅਜਿਹੇ ਪਹਿਰੇਦਾਰ ਵਜੋਂ ਕੰਮ ਕਰੇਗੀ ਜੋ ਕੁੱਖ ਵਿੱਚ ਪਲ ਰਹੀ ਜਾਨ ਦੀ ਹਰ ਹਰਕਤ 'ਤੇ ਨਜ਼ਰ ਰੱਖੇਗੀ। ਵਿਭਾਗ ਦਾ ਮੰਨਣਾ ਹੈ ਕਿ ਇਸ ਨਾਲ ਭਰੂਣ ਦੀ ਲਿੰਗ ਜਾਂਚ ਵਰਗੇ ਗੈਰ-ਕਾਨੂੰਨੀ ਧੰਦਿਆਂ ਨੂੰ ਨਕੇਲ ਪਾਈ ਜਾ ਸਕੇਗੀ। ਇਸ ਨਵੀਂ ਵਿਵਸਥਾ ਨੂੰ ਸਿਰੇ ਚਾੜ੍ਹਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੀਆਂ ਸਿਹਤ ਮੁਲਾਜ਼ਮਾਂ ਅਤੇ ਆਸ਼ਾ ਵਰਕਰਾਂ ਨੂੰ ਘਰ-ਘਰ ਜਾ ਕੇ ਪੰਜੀਕਰਨ ਕਰਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਹੁਣ ਹਰ ਮਹਿਲਾ ਅਤੇ ਉਸ ਦੇ ਹੋਣ ਵਾਲੇ ਬੱਚੇ ਦੀ ਇੱਕ ਵਿਲੱਖਣ ਡਿਜੀਟਲ ਪਛਾਣ ਹੋਵੇਗੀ, ਜਿਸ ਰਾਹੀਂ ਇਹ ਪਤਾ ਲਗਾਇਆ ਜਾ ਸਕੇਗਾ ਕਿ ਕਿਸੇ ਮਹਿਲਾ ਨੇ ਬੱਚੇ ਨੂੰ ਜਨਮ ਦਿੱਤਾ ਹੈ ਜਾਂ ਨਹੀਂ। ਜੇਕਰ ਜਨਮ ਦਾ ਰਿਕਾਰਡ ਦਰਜ ਨਹੀਂ ਹੁੰਦਾ, ਤਾਂ ਵਿਭਾਗ ਤੁਰੰਤ ਉਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰੇਗਾ।ਸਿਹਤ ਵਿਭਾਗ ਦੇ ਇਸ ਡਿਜੀਟਲ ਕਦਮ ਦੇ ਜਿੱਥੇ ਸਮਾਜਿਕ ਫਾਇਦੇ ਹਨ, ਉੱਥੇ ਹੀ ਮਰੀਜ਼ਾਂ ਲਈ ਵੀ ਇਹ ਇੱਕ ਵੱਡੀ ਸਹੂਲਤ ਸਾਬਤ ਹੋਵੇਗਾ। ਹੁਣ ਮਰੀਜ਼ਾਂ ਨੂੰ ਆਪਣੀਆਂ ਪੁਰਾਣੀਆਂ ਪਰਚੀਆਂ ਜਾਂ ਮੈਡੀਕਲ ਰਿਪੋਰਟਾਂ ਦੇ ਪੁਲੰਦੇ ਚੁੱਕ ਕੇ ਘੁੰਮਣ ਦੀ ਲੋੜ ਨਹੀਂ ਪਵੇਗੀ। ਸਾਰਾ ਰਿਕਾਰਡ ਡਿਜੀਟਲ ਰੂਪ ਵਿੱਚ ਸੁਰੱਖਿਅਤ ਰਹੇਗਾ ਅਤੇ ਹਸਪਤਾਲਾਂ ਵਿੱਚ ਸਿਰਫ਼ ਇੱਕ ਕੋਡ ਸਕੈਨ ਕਰਕੇ ਇਲਾਜ ਦੀ ਪ੍ਰਕਿਰਿਆ ਸ਼ੁਰੂ ਹੋ ਸਕੇਗੀ। ਸਿਵਲ ਸਰਜਨ ਡਾਕਟਰ ਤਪਿੰਦਰਜੋਤ ਅਨੁਸਾਰ ਇਹ ਪ੍ਰਣਾਲੀ ਪਾਰਦਰਸ਼ਤਾ ਲਿਆਉਣ ਅਤੇ ਭਵਿੱਖ ਵਿੱਚ ਧੀਆਂ ਦੀ ਗਿਣਤੀ ਨੂੰ ਸਥਿਰ ਕਰਨ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ।ਸਿਹਤ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜੇ ਰੂਹ ਨੂੰ ਕੰਬਾਉਣ ਵਾਲੇ ਹਨ। ਬਠਿੰਡਾ ਵਿੱਚ ਇੱਕ ਹਜ਼ਾਰ ਲੜਕਿਆਂ ਦੇ ਮੁਕਾਬਲੇ ਸਿਰਫ਼ ਨੌਂ ਸੌ ਛੇ ਲੜਕੀਆਂ ਜਨਮ ਲੈ ਰਹੀਆਂ ਹਨ, ਜਦਕਿ ਮਾਨਸਾ ਦੀ ਹਾਲਤ ਹੋਰ ਵੀ ਪਤਲੀ ਹੈ ਜਿੱਥੇ ਇਹ ਅੰਕੜਾ ਅੱਠ ਸੌ ਅੱਠਾਹਟ ਤੱਕ ਡਿੱਗ ਗਿਆ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਇਹ ਗਿਰਾਵਟ ਦਰਸਾਉਂਦੀ ਹੈ ਕਿ ਸਖ਼ਤ ਕਾਨੂੰਨਾਂ ਦੇ ਬਾਵਜੂਦ ਕਿਤੇ ਨਾ ਕਿਤੇ ਕੁੱਖਾਂ ਵਿੱਚ ਕਤਲ ਦਾ ਸਿਲਸਿਲਾ ਜਾਰੀ ਹੈ। ਇਸ ਵੇਲੇ ਪੂਰੇ ਪੰਜਾਬ ਵਿੱਚ ਬਠਿੰਡਾ ਚੌਧਵੇਂ ਅਤੇ ਮਾਨਸਾ ਤੇਈਵੇਂ ਸਥਾਨ ਤੇ ਪਹੁੰਚ ਚੁੱਕਿਆ ਹੈ, ਜੋ ਕਿ ਇੱਕ ਸਮਾਜਿਕ ਐਮਰਜੈਂਸੀ ਵਰਗੀ ਸਥਿਤੀ ਹੈ।ਜ਼ਿਲ੍ਹੇ ਵਿੱਚ ਹਰ ਗਰਭਵਤੀ ਮਹਿਲਾ ਦਾ ਪੰਜੀਕਰਨ ਯਕੀਨੀ ਬਣਾਉਣ ਲਈ ਵਿਭਾਗ ਨੇ ਲਗਭਗ ਤਿੰਨ ਸੌ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਇਸ ਯੋਜਨਾ ਨਾਲ ਜੋੜਿਆ ਹੈ। ਹੁਣ ਤੱਕ ਜ਼ਿਲ੍ਹੇ ਦੀ ਲਗਭਗ ਅੱਧੀ ਆਬਾਦੀ ਦੀ ਡਿਜੀਟਲ ਆਈਡੀ ਬਣ ਚੁੱਕੀ ਹੈ ਅਤੇ ਰਹਿੰਦੇ ਲੋਕਾਂ ਨੂੰ ਵੀ ਜਲਦ ਇਸ ਘੇਰੇ ਵਿੱਚ ਲਿਆਉਣ ਲਈ ਹਸਪਤਾਲਾਂ ਵਿੱਚ ਵਿਸ਼ੇਸ਼ ਕਾਊਂਟਰ ਸਥਾਪਿਤ ਕੀਤੇ ਗਏ ਹਨ। ਮਕਸਦ ਸਾਫ਼ ਹੈ। ਜੇਕਰ ਹਰ ਜਾਨ ਦਾ ਰਿਕਾਰਡ ਡਿਜੀਟਲ ਹੋਵੇਗਾ, ਤਾਂ ਕਿਸੇ ਲਈ ਵੀ ਕਾਨੂੰਨ ਦੀਆਂ ਅੱਖਾਂ ਵਿੱਚ ਧੂੜ ਪਾਉਣਾ ਸੰਭਵ ਨਹੀਂ ਹੋਵੇਗਾ।

## ਵਰਦੀ ਦੀ ਥਕਾਵਟ ਹੁਣ ਹੋਵੇਗੀ ਦੂਰ: ਪੰਜਾਬ ਪੁਲਿਸ ਵਿੱਚ ਹ.ਫਤਾਵਾਰੀ ਛੁੱਟੀ ਦਾ ਐਲਾਨ

ਬਠਿੰਡਾ, 4 ਅਪ੍ਰੈਲ (ਦੀਪਕ ਸ਼ਰਮਾ): ਕਹਿੰਦੇ ਹਨ ਕਿ ਖ਼ਾਕੀ ਕਦੇ ਸੌਂਦੀ ਨਹੀਂ, ਪਰ ਕੀ ਉਸ ਵਰਦੀ ਦੇ ਅੰਦਰ ਧੜਕਣ ਵਾਲਾ ਦਿਲ ਕਦੇ ਥਕਾਵਟ ਮਹਿਸੂਸ ਨਹੀਂ ਕਰਦਾ? ਦਿਨ-ਰਾਤ ਦੀਆਂ ਨਾ-ਖ਼ਤਮ ਹੋਣ ਵਾਲੀਆਂ ਡਿਊਟੀਆਂ, ਤਿਉਹਾਰਾਂ ਤੇ ਪਰਿਵਾਰ ਤੋਂ ਦੂਰੀ ਅਤੇ ਲਗਾਤਾਰ ਵਧਦੇ ਮਾਨਸਿਕ ਬੋਝ ਨੇ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਇੱਕ ਅਜਿਹੀ ਮਸ਼ੀਨ ਬਣਾ ਦਿੱਤਾ ਸੀ, ਜਿਸ ਕੋਲ ਸਭ ਕੁਝ ਸੀ ਪਰ ਆਪਣਿਆਂ ਲਈ ਵਕਤ ਨਹੀਂ ਪਰ ਹੁਣ ਹਵਾ ਦਾ ਰੁਖ ਬਦਲਿਆ ਹੈ। ਪੰਜਾਬ ਪੁਲਿਸ ਨੇ ਇੱਕ ਬੇਹੱਦ ਸੰਵੇਦਨਸ਼ੀਲ ਫ਼ੈਸਲਾ ਲੈਂਦਿਆਂ ਮੁਲਾਜ਼ਮਾਂ ਲਈ ਹਫ਼ਤਾਵਾਰੀ ਛੁੱਟੀ ਦੀ ਵਿਵਸਥਾ ਮੁੜ ਸ਼ੁਰੂ ਕਰ ਦਿੱਤੀ ਹੈ।ਇਹ ਸਿਰਫ਼ ਇੱਕ ਸਰਕਾਰੀ ਹੁਕਮ ਨਹੀਂ, ਬਲਕਿ ਉਨ੍ਹਾਂ ਹਜ਼ਾਰਾਂ ਜਵਾਨਾਂ ਲਈ ਸੁਖਾਲੇ ਸਾਹ ਲੈਣ ਦੀ ਇੱਕ ਵਿੱਥ ਹੈ, ਜੋ ਸਾਲਾਂ ਤੋਂ ਨੀਂਦ ਅਤੇ ਪਰਿਵਾਰਕ ਸਕੂਨ ਲਈ ਤਰਸ ਰਹੇ ਸਨ। ਬਠਿੰਡਾ ਜ਼ਿਲ੍ਹੇ ਵਿੱਚ ਇਸ ਨੂੰ ਲਾਗੂ ਕਰਦਿਆਂ ਥਾਣਾ ਮੁਖੀਆਂ ਲਈ ਇੱਕ ਵਿਸ਼ੇਸ਼ ਰੋਟੇਸ਼ਨ ਸ਼ੈਡਿਊਲ ਤਿਆਰ ਕੀਤਾ ਗਿਆ ਹੈ। ਨਵੇਂ ਨਿਯਮਾਂ ਅਨੁਸਾਰ, ਜਿਸ ਦਿਨ ਥਾਣਾ ਮੁਖੀ ਛੁੱਟੀ 'ਤੇ ਹੋਣਗੇ, ਉਨ੍ਹਾਂ ਦੀ ਜਗ੍ਹਾ ਵਿਭਾਗ ਵੱਲੋਂ ਕਿਸੇ ਹੋਰ ਅਧਿਕਾਰੀ ਨੂੰ ਵਧੀਕ ਥਾਣਾ ਮੁਖੀ ਵਜੋਂ ਤਾਇਨਾਤ ਕੀਤਾ ਜਾਵੇਗਾ ਤਾਂ ਜੋ ਜਨਤਾ ਦੇ ਕੰਮਾਂ ਵਿੱਚ ਕੋਈ ਵਿਘਨ ਨਾ ਪਵੇ।ਥਾਣੇ ਦੇ ਹੋਰਨਾਂ ਮੁਲਾਜ਼ਮਾਂ ਦੀ ਛੁੱਟੀ ਬਾਰੇ ਫ਼ੈਸਲਾ ਥਾਣਾ ਮੁਖੀ ਖ਼ੁਦ ਇਹ ਤੈਅ ਕਰਨਗੇ ਕਿ ਬਾਕੀ ਸਟਾਫ਼ ਨੇ ਰੋਟੇਸ਼ਨ ਦੇ ਆਧਾਰ 'ਤੇ ਕਿਸ ਤਰ੍ਹਾਂ ਛੁੱਟੀ ਕਰਨੀ ਹੈ। ਇਹ ਕਦਮ ਮੁਲਾਜ਼ਮਾਂ ਨੂੰ ਮਾਨਸਿਕ ਤੌਰ 'ਤੇ ਤਾਜ਼ਾ-ਦਮ ਕਰਨ ਲਈ ਚੁੱਕਿਆ ਗਿਆ ਹੈ। ਹਾਲਾਂਕਿ, ਇਹ ਛੁੱਟੀ ਇੱਕ ਵੱਡੀ ਜ਼ਿੰਮੇਵਾਰੀ ਦੇ ਨਾਲ ਆਵੇਗੀ—ਮੁਲਾਜ਼ਮ ਆਪਣਾ ਮੁੱਖ ਕੇਂਦਰ ਨਹੀਂ ਛੱਡ ਸਕਣਗੇ ਅਤੇ ਕਿਸੇ ਵੀ ਹੰਗਾਮੀ ਹਾਲਤ ਵਿੱਚ ਉਨ੍ਹਾਂ ਨੂੰ ਤੁਰੰਤ ਡਿਊਟੀ 'ਤੇ ਹਾਜ਼ਰ ਹੋਣਾ ਪਵੇਗਾ। ਥਾਣਿਆਂ ਵਿੱਚ ਇਸ ਫ਼ੈਸਲੇ ਤੋਂ ਬਾਅਦ ਇੱਕ ਵੱਖਰੀ ਹੀ ਖ਼ੁਸ਼ੀ ਵੇਖਣ ਨੂੰ ਮਿਲ ਰਹੀ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਨਾ ਸਿਰਫ਼ ਮਾਨਸਿਕ ਤਣਾਅ ਘਟੇਗਾ, ਬਲਕਿ ਆਮ ਲੋਕਾਂ ਪ੍ਰਤੀ ਪੁਲਿਸ ਦੇ ਵਤੀਰੇ ਵਿੱਚ ਵੀ ਨਰਮੀ ਵੇਖਣ ਨੂੰ ਮਿਲੇਗੀ।**ਥਾਣਾ ਮੁਖੀਆਂ ਦੀ ਹ.ਫਤਾਵਾਰੀ ਛੁੱਟੀ ਦਾ ਵੇਰਵਾ।**ਪ੍ਰਸ਼ਾਸਨ ਵੱਲੋਂ ਜਾਰੀ ਵੇਰਵਿਆਂ ਅਨੁਸਾਰ ਸੋਮਵਾਰ ਨੂੰ ਕੋਤਵਾਲੀ ਬਠਿੰਡਾ, ਸੰਗਤ ਅਤੇ ਫੂਲ ਦੇ ਮੁਖੀ ਛੁੱਟੀ 'ਤੇ ਰਹਿਣਗੇ। ਮੰਗਲਵਾਰ ਲਈ ਸਿਵਲ ਲਾਈਨਜ਼, ਨੇਹੀਆਂਵਾਲਾ ਅਤੇ ਮੌੜ ਦੇ ਨਾਮ ਤੈਅ ਕੀਤੇ ਗਏ ਹਨ। ਬੁੱਧਵਾਰ ਨੂੰ ਕੈਨਾਲ ਕਲੋਨੀ, ਤਲਵੰਡੀ ਸਾਬੋ ਅਤੇ ਸਿਟੀ ਰਾਮਪੁਰਾ ਦੇ ਮੁਖੀਆਂ ਨੂੰ ਰਾਹਤ ਮਿਲੇਗੀ। ਵੀਰਵਾਰ ਲਈ ਕੈਂਟ, ਬਾਲਿਆਂਵਾਲੀ ਅਤੇ ਰਾਮਾਂ ਜਦਕਿ ਸ਼ੁੱਕਰਵਾਰ ਨੂੰ ਥਰਮਲ, ਨਥਾਣਾ ਅਤੇ ਕੋਟਫੱਤਾ ਦੇ ਮੁਖੀ ਛੁੱਟੀ ਮਨਾਉਣਗੇ। ਸ਼ਨੀਵਾਰ ਨੂੰ ਸਦਰ ਬਠਿੰਡਾ, ਸਦਰ ਰਾਮਪੁਰਾ ਅਤੇ ਸਾਈਬਰ ਅਪਰਾਧ ਸ਼ਾਖਾ ਦੇ ਇੰਚਾਰਜਾਂ ਦੀ ਵਾਰੀ ਹੋਵੇਗੀ। ਐਤਵਾਰ ਦਾ ਦਿਨ ਮਹਿਲਾ ਥਾਣਾ, ਨੰਦਗੜ੍ਹ ਅਤੇ ਭਗਤਾ ਭਾਈਕਾ ਦੇ ਮੁਖੀਆਂ ਲਈ ਰਾਖਵਾਂ ਰੱਖਿਆ ਗਿਆ ਹੈ।

## ਬਾਲਾ ਜੀ ਮੰਦਰ ਵਿਖੇ ਸ਼੍ਰੀ ਹਨੂੰਮਾਨ ਜੀ ਦਾ ਜਨਮ ਉਤਸਵ ਮਨਾਇਆ

ਸੁਨਾਮ ਊਧਮ ਸਿੰਘ ਵਾਲਾ, 4 ਅਪ੍ਰੈਲ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) :ਭਗਵਾਨ ਰਾਮ ਜੀ ਦੇ ਭਗਤ ਭਗਵਾਨ ਹਨੂੰਮਾਨ ਜੀ ਦਾ ਜਨਮ ਉਤਸਵ ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ, ਸੁਨਾਮ ਵਿਖੇ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਜਨਮ ਉਤਸਵ ਸਮਾਗਮ ਵਿੱਚ ਦਿੱਲੀ ਦੇ ਕਾਰੋਬਾਰੀ ਮਨੁਜ ਸਚਦੇਵਾ ਨੇ ਭਗਵਾਨ ਸ਼੍ਰੀ ਬਾਲਾਜੀ ਨੂੰ ਸਵਰਨ ਚੋਲਾ ਚੜ੍ਹਾਉਣ ਦੀ ਰਸਮ ਨਿਭਾਈ। ਸਮਾਗਮ ਦੇ ਮੁੱਖ ਆਕਰਸ਼ਣਾਂ ਵਿੱਚ ਸੰਕਟਮੋਚਨ ਯੱਗ, ਰਾਮਾਇਣ ਜੀ ਦੇ ਪਾਠ ਦੇ ਭੋਗ ਅਤੇ ਸ਼੍ਰੀ ਬਾਲਾਜੀ ਦੇ ਨਾਲ ਸ਼੍ਰੀ ਖਾਟੂ ਸ਼ਿਆਮ ਅਤੇ ਸ਼ਿਵ ਭੋਲੇ ਬਾਬਾ ਦਾ ਸ਼ਾਨਦਾਰ ਮਨਮੋਹਕ ਸ਼ਿੰਗਾਰ ਸ਼ਾਮਲ ਸੀ। ਸਮਾਗਮ ਵਿੱਚ ਇੱਕ ਵਿਸ਼ਾਲ ਜਾਗਰਣ ਦਾ ਆਯੋਜਨ ਕੀਤਾ ਗਿਆ, ਜਿੱਥੇ ਸੀਨੀਅਰ ਭਾਜਪਾ ਨੇਤਾ ਮੈਡਮ ਦਮਨ ਥਿੰਦ ਬਾਜਵਾ ਅਤੇ ਹਰਮਨ ਦੇਵ ਬਾਜਵਾ, ਸੀਨੀਅਰ ਕਾਂਗਰਸ ਨੇਤਾ ਰਾਜਿੰਦਰ ਦੀਪਾ, ਸੀਨੀਅਰ ਅਕਾਲੀ ਨੇਤਾ ਵਿਨਰਜੀਤ ਸਿੰਘ ਗੋਲਡੀ, ਘਨਸ਼ਿਆਮ ਕਾਂਸਲ, ਪ੍ਰੇਮ ਗੁਪਤਾ, ਭਾਰਤ ਭੂਸ਼ਣ ਅਤੇ ਸ਼ਹਿਰ ਦੀਆਂ ਕਈ ਹੋਰ ਪ੍ਰਮੁੱਖ ਹਸਤੀਆਂ ਨੇ ਭਗਵਾਨ ਬਾਲਾਜੀ ਮਹਾਰਾਜ ਦਾ ਆਸ਼ੀਰਵਾਦ ਲੈਣ ਲਈ ਸ਼ਿਰਕਤ ਕੀਤੀ। ਇਸ ਦੌਰਾਨ ਜਾਣਕਾਰੀ ਦਿੰਦੇ ਹੋਏ ਮੰਦਿਰ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਪੰਜ ਦਿਨਾਂ ਸੰਕਟਮੋਚਨ ਯੱਗ ਵਿੱਚ ਲੋਕਾਂ ਨੇ ਬਹੁਤ ਉਤਸ਼ਾਹ ਦਿਖਾਇਆ। ਪੂਰਨਾਹੂਤੀ ਤੋਂ ਪਹਿਲਾਂ ਸ਼ਰਧਾਲੂਆਂ ਵੱਲੋਂ ਦੁੱਖਾਂ ਤੋਂ ਛੁਟਕਾਰਾ ਪਾਉਣ ਅਤੇ ਇੱਛਾਵਾਂ ਦੀ ਪੂਰਤੀ ਲਈ ਹਵਨ ਕੁੰਡ ਵਿੱਚ ਨਾਰੀਅਲ ਚੜ੍ਹਾਏ ਗਏ। । ਇਸ ਉਪਰਾਂਤ ਰਾਤ ਨੂੰ ਇੱਕ ਵਿਸ਼ਾਲ ਜਾਗਰਣ ਆਯੋਜਿਤ ਕੀਤਾ ਗਿਆ। ਜਿਸ ਵਿੱਚ ਜੋਤੀ ਪ੍ਰਚੰਡ ਦੀ ਸੇਵਾ ਦਿੱਲੀ ਦੇ ਕਾਰੋਬਾਰੀ ਮਨੁਜ ਸਚਦੇਵਾ ਦੁਆਰਾ ਕੀਤੀ ਗਈ ਅਤੇ ਛੱਪਨ ਭੋਗ ਦੀ ਸੇਵਾ ਮੁਨੀਸ਼ ਗਰਗ



ਮੋਨੂੰ ਦੁਆਰਾ ਕੀਤੀ ਗਈ, ਸਵਮਨੀ ਭੋਗ ਦਾ ਪ੍ਰਬੰਧ ਡਾਕਟਰ ਦਿਨੇਸ਼ ਗੁਪਤਾ, ਸੁਨੀਲ ਗਰਗ, ਅਮਨ ਬਾਂਸਲ ਦੁਆਰਾ ਕੀਤਾ ਗਿਆ। ਇਸ ਦੌਰਾਨ ਨਿਤੀਸ਼ ਗਰਗ ਬਾਂਗਰੂ ਅਤੇ ਰਿੰਕੂ ਬਾਂਸਲ ਪ੍ਰਾਪਰਟੀ ਡੀਲਰ ਦੇ ਸਹਿਯੋਗ ਨਾਲ ਸ਼੍ਰੀ ਬਾਲਾਜੀ ਟਰੱਸਟ ਵੱਲੋਂ ਮਟਰ ਪਨੀਰ, ਦਾਲ ਮੱਖਣੀ, ਪੂਰੀ, ਕੜ੍ਹੀ ਚਾਵਲ, ਟਿੱਕੀ, ਕੌਫੀ, ਪ੍ਰਸ਼ਾਦ, ਛਪਣ ਭੋਗ ਆਦਿ ਦੇ ਭੰਡਾਰੇ ਦਾ ਆਯੋਜਨ ਕੀਤਾ ਗਿਆ। ਸ਼ਰਧਾਲੂਆਂ ਦੇ ਇੱਕ ਸਮੂਹ ਦੁਆਰਾ ਸ਼੍ਰੀ ਬਾਲਾਜੀ ਮਹਾਰਾਜ ਦਾ ਪਵਿੱਤਰ ਝੰਡਾ ਲਹਿਰਾਇਆ ਗਿਆ। ਭਜਨ ਗਾਇਕ ਜਤਿਨ ਛਾਵੜਾ ਅਤੇ ਮੁਨੀਸ਼ ਅਰੋੜਾ ਨੇ 'ਕਲਿਯੁਗ ਵਿੱਚ ਦੇਵ ਹਜ਼ਾਰੋ ਹੈ, ਬਜਰੰਗਬਲੀ ਕਾ ਕਯਾ ਕਹਿਣਾ ', 'ਲਾਲ ਲਗੋਟੇ ਵਾਲਾ ਮੇਰਾ ਯਾਰ ਹੈ', 'ਕਲਯੁਗ ਮੇ ਡੰਕਾ ਬਜਤਾ ਮਹਿੰਦੀਪੁਰ ਦਰਬਾਰ ਕਾ' ਆਦਿ ਭਜਨ ਗਾ ਕੇ ਸ਼ਰਧਾਲੂਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਮੁਨੀਸ਼ ਮੋਨੂੰ, ਸਤੀਸ਼ ਬਾਂਗਰੂ, ਮੌਂਟੂ ਮੋਦੀ, ਰਾਕੇਸ਼ ਭੋਲਾ, ਰਾਜੀਵ ਬਾਂਸਲ ਸੀ.ਏ., ਪਰਵੇਸ਼ ਅਗਰਵਾਲ,ਕਮਲ ਸਿੰਗਲਾ, ਸ਼ੀਤਲ ਮਿੱਤਲ, ਵਿਕਾਸ ਕਾਂਸਲ, ਕੇਸ਼ਵ ਗੁਪਤਾ ਨੇ ਸ਼੍ਰੀ ਬਾਲਾਜੀ ਮਹਾਰਾਜ ਦਾ ਆਸ਼ੀਰਵਾਦ ਲਿਆ।

## ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਪੁਰਾਣੇ ਮੋਬਾਇਲ ਫੋਨਾਂ ਨੂੰ ਸਵੀਕਾਰ ਨਹੀਂ ਕਰੇਗੀ : ਰਣਜੀਤ ਕੌਰ ਬਰੇਟਾ

ਬੁਢਲਾਡਾ, 4 ਆਪ੍ਰੈਲ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) : ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਨੂੰ ਪਹਿਲਾਂ ਵਰਤੇ ਹੋਏ ਮੋਬਾਇਲ ਦੇਣ ਦੀ ਯੋਜਨਾ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਆਂਗਨਵਾੜੀ ਮੁਲਾਜ਼ਮ ਯੂਨੀਅਨ ਅਜਿਹਾ ਬਰਦਾਸ਼ਤ ਨਹੀਂ ਕਰੇਗੀ। ਅੱਜ ਇੱਥੇ ਆਂਗਨਵਾੜੀ ਮੁਲਾਜ਼ਮ ਯੂਨੀਅਨ ਦੀ ਆਗੂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਪਿਛਲੇ ਚਾਰ ਸਾਲਾਂ ਤੋਂ ਸੱਤਾ ਵਿੱਚ ਹੈ ਅਤੇ ਆਂਗਨਵਾੜੀ ਮੁਲਾਜ਼ਮਾਂ ਨੂੰ ਲਾਰਾ ਲੱਪਾ ਲਾ ਕੇ ਟਾਇਮ ਟਪਾ ਰਹੀ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਮੁਲਾਜ਼ਮਾਂ ਦੀਆਂ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। ਜਿਸ ਕਾਰਨ ਆਂਗਨਵਾੜੀ ਮੁਲਾਜ਼ਮਾਂ ਦੇ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਅਤੇ ਗੁੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਮੁਲਾਜ਼ਮਾਂ ਨੂੰ ਮੋਬਾਇਲ ਦਿੱਤੇ ਜਾਣੇ ਸਨ ਜੋ ਹਾਲਾਂ ਤੱਕ ਨਹੀਂ ਦਿੱਤੇ ਗਏ।

## ਪਾਕਿਸਤਾਨ ਦਾ ਆਰਥਿਕ ਮਹਾਂ-ਸੰਕਟ: ਤੇਲ ਦੀਆਂ ਕੀਮਤਾਂ ਅਤੇ ਹੋਂਦ ਦੀ ਜੰਗ ਕਾਰਨ ਆਮ ਜਨਤਾ ਬੇਹਾਲ : ਡਾ. ਕ੍ਰਿਸ਼ਨ ਲਾਲ

ਬੁਢਲਾਡਾ, 4 ਅਪ੍ਰੈਲ ( ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ)-ਮੱਧ ਪੂਰਬ ਦੇ ਮਹਾਂ-ਸੰਕਟ ਕਾਰਨ ਪਾਕਿਸਤਾਨ ਇਸ ਵੇਲੇ ਆਪਣੀ ਹੋਂਦ ਦੀ ਸਭ ਤੋਂ ਵੱਡੀ ਆਰਥਿਕ ਜੰਗ ਲੜ ਰਿਹਾ ਹੈ। ਅਪ੍ਰੈਲ 2026 ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਹਕੂਮਤ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਭਾਰੀ ਵਾਧੇ ਨੇ ਪੂਰੇ ਮੁਲਕ ਵਿੱਚ ਹਾਹਾਕਾਰ ਮਚਾ ਦਿੱਤੀ ਹੈ। ਪੈਟਰੋਲ ਦੀ ਕੀਮਤ 458 ਰੁਪਏ ਅਤੇ ਡੀਜ਼ਲ ਦੀ ਕੀਮਤ 520 ਰੁਪਏ ਪ੍ਰਤੀ ਲੀਟਰ ਤੋਂ ਪਾਰ ਹੋ ਜਾਣਾ ਕੋਈ ਮਾਮੂਲੀ ਘਟਨਾ ਨਹੀਂ ਹੈ। ਇਹ ਸਿਰਫ਼ ਅੰਕੜਿਆਂ ਦਾ ਵਾਧਾ ਨਹੀਂ, ਬਲਕਿ ਕਰੋੜਾਂ ਪਾਕਿਸਤਾਨੀਆਂ ਦੀਆਂ ਅੱਖਾਂ ਦੇ ਹੰਝੂ ਹਨ ਜੋ ਹੁਣ ਆਰਥਿਕ ਬੋਝ ਹੇਠ ਦੱਬੇ ਜਾ ਚੁੱਕੇ ਹਨ। ਪੈਟਰੋਲ ਵਿੱਚ ਲਗਭਗ 137 ਰੁਪਏ ਅਤੇ ਡੀਜ਼ਲ ਵਿੱਚ 184 ਰੁਪਏ ਦਾ ਇੱਕਮੁਸ਼ਤ ਵਾਧਾ ਜਨਤਾ ਲਈ ਕਿਸੇ ਅਸਮਾਨੀ ਬਿਜਲੀ ਡਿੱਗਣ ਤੋਂ ਘੱਟ ਨਹੀਂ ਸੀ। ਅੱਜ ਪਾਕਿਸਤਾਨ ਵਿੱਚ ਤੇਲ ਦੀਆਂ ਕੀਮਤਾਂ ਗੁਆਂਢੀ ਮੁਲਕਾਂ ਨਾਲੋਂ ਕਿਤੇ



ਜ਼ਿਆਦਾ ਹਨ, ਜਿਸ ਕਾਰਨ ਆਮ ਆਦਮੀ ਦੀ ਜੇਬ ਖਾਲੀ ਹੋ ਚੁੱਕੀ ਹੈ। ਤੇਲ ਦੀਆਂ ਕੀਮਤਾਂ ਵਧਣ ਪਿੱਛੇ ਕਈ ਜਟਿਲ ਕਾਰਨ ਹਨ। ਇਜ਼ਰਾਈਲ-ਈਰਾਨ ਜੰਗ ਕਾਰਨ ਤੇਲ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਸਟ੍ਰੇਟ ਆਫ ਹਾਰਮੁਜ਼ ਦੇ ਬੰਦ ਹੋਣ ਦੇ ਡਰ ਨੇ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਨੂੰ ਬਹੁਤ ਮਹਿੰਗਾ ਕਰ ਦਿੱਤਾ ਹੈ। ਦੂਜੇ ਪਾਸੇ, ਪਾਕਿਸਤਾਨ ਆਈ.ਐਮ.ਐਫ. ਤੋਂ ਕਰਜ਼ਾ ਲੈਣ ਲਈ ਉਨ੍ਹਾਂ ਦੀਆਂ ਸਖ਼ਤ ਸ਼ਰਤਾਂ ਮੰਨਣ ਲਈ ਮਜਬੂਰ ਹੈ, ਜਿਸ ਕਾਰਨ ਸਰਕਾਰ ਨੂੰ ਤੇਲ ਤੇ ਸਬਸਿਡੀਆਂ ਖ਼ਤਮ ਕਰਨੀਆਂ ਪਈਆਂ ਹਨ ਅਤੇ ਪੈਟਰੋਲੀਅਮ ਲੇਵੀ ਵਿੱਚ ਭਾਰੀ ਵਾਧਾ ਕਰਨਾ ਪਿਆ ਹੈ। ਡਾਲਰ ਦੇ ਮੁਕਾਬਲੇ ਪਾਕਿਸਤਾਨੀ ਰੁਪਿਆ ਲਗਾਤਾਰ ਕਮਜ਼ੋਰ ਹੋ ਰਿਹਾ ਹੈ, ਜਿਸ ਨਾਲ ਤੇਲ ਦੀ ਦਰਾਮਦ ਹੋਰ ਵੀ ਮਹਿੰਗੀ ਹੋ ਗਈ ਹੈ। ਹਾਲਾਂਕਿ ਰੂਸ ਤੋਂ ਸਸਤਾ ਤੇਲ ਖਰੀਦਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਪੁਰਾਣੀਆਂ ਰਿਫਾਇਨਰੀਆਂ ਅਤੇ ਪੱਛਮੀ ਦੇਸ਼ਾਂ ਦੇ ਸਿਆਸੀ ਦਬਾਅ ਕਾਰਨ ਇਹ ਉਮੀਦ ਵੀ ਸਿਰੇ ਨਹੀਂ ਚੜ੍ਹ ਸਕੀ।ਪਾਕਿਸਤਾਨ ਦੇ ਹਰ ਸ਼ਹਿਰ—ਚਾਹੇ ਉਹ ਲਾਹੌਰ ਹੋਵੇ, ਕਰਾਚੀ ਹੋਵੇ ਜਾਂ ਇਸਲਾਮਾਬਾਦ—ਲੋਕਾਂ ਦੀਆਂ ਕਹਾਣੀਆਂ ਇੱਕੋ ਜਿਹੀਆਂ ਹਨ। ਜੋ ਲੋਕ ਆਪਣੇ ਮੋਟਰਸਾਈਕਲਾਂ ਤੇ ਕੰਮ ਤੇ ਜਾਂਦੇ ਸਨ, ਹੁਣ ਪੈਦਲ ਚੱਲਣ ਲਈ ਮਜਬੂਰ ਹਨ ਕਿਉਂਕਿ ਟ੍ਰਾਂਸਪੋਰਟ ਦੇ ਕਿਰਾਏ 100% ਤੱਕ ਵਧ ਗਏ ਹਨ। ਇੱਕ ਖੇਤੀਬਾੜੀ ਪ੍ਰਧਾਨ ਦੇਸ਼ ਹੋਣ ਦੇ ਨਾਤੇ, ਡੀਜ਼ਲ ਦਾ 520 ਰੁਪਏ ਹੋਣਾ ਫਸਲ ਉਗਾਉਣ ਦੇ ਖਰਚੇ ਨੂੰ ਦੁੱਗਣਾ ਕਰ ਚੁੱਕਾ ਹੈ, ਜਿਸ ਨਾਲ ਭਵਿੱਖ ਵਿੱਚ ਅਨਾਜ ਦੀ ਕਿੱਲਤ ਦਾ ਖ਼ਤਰਾ ਪੈਦਾ ਹੋ ਗਿਆ ਹੈ। ਬਿਜਲੀ ਦਾ ਵੱਡਾ ਹਿੱਸਾ ਥਰਮਲ ਪਾਵਰ ਪਲਾਂਟਾਂ ਰਾਹੀਂ ਪੈਦਾ ਹੋਣ ਕਾਰਨ ਬਿੱਲਾਂ ਵਿੱਚ ਫਿਊਲ ਪ੍ਰਾਈਸ ਐਡਜਸਟਮੈਂਟ ਦੇ ਨਾਮ ਤੇ ਭਾਰੀ ਵਸੂਲੀ ਕੀਤੀ ਜਾ ਰਹੀ ਹੈ ਅਤੇ 12-14 ਘੰਟੇ ਦੇ ਕੱਟਾਂ ਨੇ ਜਨਤਾ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ।ਆਰਥਿਕ ਤੰਗੀ ਸਿਰਫ਼ ਜੇਬ ਤੇ ਹੀ ਨਹੀਂ, ਸਗੋਂ ਦਿਮਾਗ ਤੇ ਵੀ ਅਸਰ ਪਾ ਰਹੀ ਹੈ। ਘਰਾਂ ਵਿੱਚ ਤਣਾਅ, ਚਿੜਚਿੜਾਪਨ ਅਤੇ ਖੁਦਕੁਸ਼ੀ ਵਰਗੇ ਰੁਝਾਨ ਵਧ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ ਵਿੱਚ ਲੁੱਟ-ਖੋਹ ਦਾ ਖ਼ਤਰਾ ਵਧ ਗਿਆ ਹੈ। ਸਿੱਖਿਆ ਅਤੇ ਸਿਹਤ ਸੇਵਾਵਾਂ ਵੀ ਇਸ ਦੀ ਮਾਰ ਹੇਠ ਹਨ; ਹੋਸਟਲਾਂ ਦੇ ਖਰਚੇ ਵਧਣ ਕਾਰਨ ਉੱਚ ਸਿੱਖਿਆ ਸਿਰਫ਼ ਅਮੀਰਾਂ ਦਾ ਖੇਡ ਬਣ ਗਈ ਹੈ ਅਤੇ ਪੇਂਡੂ ਇਲਾਕਿਆਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ।ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਦੇਸ਼ ਨੂੰ ਦੀਵਾਲੀਆ ਹੋਣ ਤੋਂ ਬਚਾਉਣ ਲਈ ਜ਼ਰੂਰੀ ਹਨ,

## ਸਕੂਲੀ ਵਿਦਿਆਰਥੀਆਂ ਦਾ ਸਨਮਾਨ



ਖਨੌਰੀ, 4 ਅਪ੍ਰੈਲ (ਓਮਪ੍ਰਕਾਸ਼ ਮੁਆਲ) : ਨਜ਼ਦੀਕੀ ਪਿੰਡ ਬਿਸ਼ਨਪੁਰਾ ਖੋਖਰ ਦੇ ਸ੍. ਪ੍ਰਾ. ਸਕੂਲ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਰਿਟਾਇਰਡ ਮੁੱਖ ਅਧਿਆਪਕ ਸ਼੍ਰੀ ਦੇਵ ਰਾਜ ਸ਼ਰਮਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਆਪਣੀ ਮਾਤਾ ਬਚਨੀ ਦੇਵੀ ਦੀ ਯਾਦ ਨੂੰ ਸਮਰਪਿਤ ਸਕੂਲੀ ਵਿਦਿਆਰਥੀਆਂ ਨੂੰਸਨਮਾਨਿਤ ਕੀਤਾ । ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਦੇਵ ਰਾਜ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਡੇ ਸ਼ਰਮਾ ਪਰਿਵਾਰ ਵੱਲੋਂ ਸਾਡੀ ਮਾਤਾ ਬਚਨੀ ਦੇਵੀ ਦੀ ਯਾਦ ਨੂੰ ਸਮਰਪਿਤ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਐਲਾਨੇ ਸਾਲਾਨਾ ਨਤੀਜੇ ਦੌਰਾਨ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਕਲਾਸ 'ਚੋਂ ਪਹਿਲੀ ਪੁਜੀਸ਼ਨ ਹਾਸਲ ਕਰਨ 'ਤੇ ਨਕਦ ਰਾਸ਼ੀ ਤੇ ਬਾਕੀ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਕਾਪੀ ਪੈਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁੱਖ ਅਧਿਆਪਕ ਸ਼੍ਰੀ ਰਾਮ ਨਿਵਾਸ ਅਤੇ ਸਮਾਜ ਸੇਵਕ ਮਹਾਂਵੀਰ ਸੈਣੀ ਭੁੱਲਣ ਨੇ ਦੱਸਿਆ ਕਿ ਸ਼ਰਮਾ ਪਰਿਵਾਰ ਦਾ ਇਹ ਪ੍ਰਸ਼ੰਸਾ ਯੋਗ ਉਪਰਾਲਾ ਹੈ , ਜੋ ਹਰ ਸਾਲ ਆਪਣੀ ਮਾਤਾ ਬਚਨੀ ਦੇਵੀ ਜੀ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਬੱਚਿਆਂ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਿਤ ਕਰਦੇਹੋਏ ਬੱਚਿਆਂ ਦੀ ਪੜ੍ਹਾਈ ਦੌਰਾਨ ਹੌਸਲਾ ਅਫਜ਼ਾਈ ਕਰਦੇ ਹਨ। ਇਸ ਮੌਕੇ ਸਕੂਲ ਸਟਾਫ ਚੋਂ ਸ੍ਰੀ ਨਸ਼ੀਬ ਚੰਦ, ਮੈਡਮ ਮਲਕੀਤ ਕੌਰ, ਸਰਪੰਚ ਸ਼੍ਰੀ ਜਗਸੀਰ ਸਿੰਘ ਨਾਲ ਪਰਿਵਾਰਕ ਮੈਂਬਰ ਹੰਸ ਰਾਜ, ਸਿਸਨਪਾਲ, ਗਗਨ, ਸੋਨੂੰ, ਜੀਵਨ ਕੁਮਾਰ, ਰਾਜ਼ ਕੁਮਾਰ, ਮੱਖਣ ਸਿੰਘ, ਬਿੰਦਰ ਸਿੰਘ ਨਾਲ ਪਿੰਡ ਦੇ ਪੱਤਵੰਤੇ ਸੱਜਣ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮੀਟਿੰਗ, ਗੜੇਮਾਰੀ ਨਾਲ ਬਰਬਾਦ .ਫਸਲ ਲਈ ਪ੍ਰਤੀ ਏਕੜ 50 ਹਜ਼ਾਰ ਮੁਆਵਜ਼ੇ ਦੀ ਮੰਗ

ਮਲੋਟ, 4 ਅਪ੍ਰੈਲ( ਅਮਨਦੀਪ ਸਿੰਘ ਮਹਿਰਾ ) :ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਇੱਕ ਅਹਿਮ ਮੀਟਿੰਗ ਮਲੋਟ ਮਾਰਕੀਟ ਕਮੇਟੀ ਦਫਤਰ ਦੇ ਮੀਟਿੰਗ ਹਾਲ ਵਿੱਚ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਹਰਦੀਪ ਸਿੰਘ ਭੁੱਲਰ ਅਤੇ ਜਿਲਾ ਪ੍ਰਧਾਨ ਹਰਮਨਦੀਪ ਸਿੰਘ ਬਾਮ ਵੱਲੋਂ ਕੀਤੀ ਗਈ।ਮੀਟਿੰਗ ਦੌਰਾਨ ਇਕੱਠੇ ਹੋਏ ਕਿਸਾਨਾਂ ਨੇ ਬੀਤੇ ਦਿਨੀਂ ਹੋਈ ਭਾਰੀ ਬਾਰਿਸ਼ ਅਤੇ ਗੜੇਮਾਰੀ ਕਾਰਨ ਕਣਕ ਦੀ ਫਸਲ ਦੇ ਭਾਰੀ ਨੁਕਸਾਨ 'ਤੇ ਚਿੰਤਾ ਜਤਾਈ। ਕਿਸਾਨਾਂ ਨੇ ਦੱਸਿਆ ਕਿ ਇਸ ਕੁਦਰਤੀ ਆਫ਼ਤ ਕਾਰਨ ਹਾੜੀ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ। ਇਸ ਤੋਂ ਇਲਾਵਾ ਪਸ਼ੂਆਂ ਲਈ ਹਰਾ ਚਾਰਾ ਅਤੇ ਸਬਜ਼ੀਆਂ ਵੀ ਬਰਬਾਦ ਹੋ ਗਈਆਂ ਹਨ।ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਗੜੇਮਾਰੀ ਨਾਲ ਨੁਕਸਾਨੀ ਕਣਕ ਦੀ ਫਸਲ ਲਈ ਪ੍ਰਤੀ ਏਕੜ 50 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਗਿਰਦੌਰੀ ਦੀ ਕਾਰਵਾਈ 2-4 ਦਿਨਾਂ ਵਿੱਚ ਮੁਕੰਮਲ ਕਰਕੇ ਤੁਰੰਤ ਮੁਆਵਜ਼ਾ ਜਾਰੀ ਕੀਤਾ ਜਾਵੇ। ਮੁਆਵਜ਼ਾ ਸਿੱਧਾ ਕਾਸ਼ਤਕਾਰਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ ਅਤੇ ਗਿਰਦੌਰੀ ਦੌਰਾਨ ਕਿਸੇ ਵੀ ਤਰ੍ਹਾਂ ਦਾ



ਪੱਖਪਾਤ ਨਾ ਕੀਤਾ ਜਾਵੇ।ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਪਿਛਲੇ ਸਮੇਂ ਵਿੱਚ ਅਕਸਰ ਜਿਨ੍ਹਾਂ ਕਿਸਾਨਾਂ ਦਾ ਅਸਲ ਨੁਕਸਾਨ ਹੁੰਦਾ ਹੈ, ਉਨ੍ਹਾਂ ਨੂੰ ਮੁਆਵਜ਼ੇ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ, ਜਦਕਿ ਘੱਟ ਨੁਕਸਾਨ ਵਾਲਿਆਂ ਨੂੰ ਫਾਇਦਾ ਮਿਲ ਜਾਂਦਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਅਮਰੀਕਾ-ਭਾਰਤ ਵਪਾਰਕ ਸਮਝੌਤੇ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਡੀਲ ਕਿਸਾਨ ਵਿਰੋਧੀ ਹੈ ਅਤੇ ਜਥੇਬੰਦੀ ਇਸ ਦਾ ਡਟ ਕੇ ਵਿਰੋਧ ਕਰੇਗੀ।ਮੀਟਿੰਗ ਵਿੱਚ ਨਕਲੀ ਦੁੱਧ ਦੇ ਮਸਲੇ 'ਤੇ ਵੀ ਗੰਭੀਰ ਚਰਚਾ ਕੀਤੀ ਗਈ। ਆਗੂਆਂ ਨੇ ਕਿਹਾ ਕਿ ਸੂਬੇ ਵਿੱਚ ਮਿਲਾਵਟੀ ਦੁੱਧ ਦੀ ਵਿਕਰੀ ਬੇਰੋਕਟੋਕ ਜਾਰੀ ਹੈ ਅਤੇ ਜੇਕਰ ਕੋਈ ਮਿਲਾਵਟਖੋਰ ਫੜਿਆ ਵੀ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਆਪਣਾ ਲਾਭ ਕਮਾਉਣ ਲਈ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ, ਜਿਸ ਕਾਰਨ ਲੋਕ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।ਇਸ ਮੌਕੇ ਸਤਿਨਾਮ ਸਿੰਘ ,ਬਚਿੱਤਰ ਸਿੰਘ ਭਗਵਾਨਪੁਰ, ਬਖ਼ਸ਼ੀਸ਼ ਸਿੰਘ, ਸੁਰਜੀਤ ਸਿੰਘ ਰੁਪਾਣਾ, ਨਿਰਮਲ ਸਿੰਘ ਸੰਘੂਧਾਣ, ਹਰਜੀਤ ਸਿੰਘ ਅਬੁਲਖੁਰਾਣਾ, ਗੁਰਮੀਤ ਸਿੰਘ, ਸਤਨਾਮ ਸਿੰਘ, ਜਸਵੀਰ ਸਿੰਘ, ਮਨਜੀਤ ਸਿੰਘ ਸਰਾਵਾਂ, ਬੋਦਲਾਂ, ਰੇਸ਼ਮ ਸਿੰਘ, ਪਿੱਪਲ ਸਿੰਘ, ਬਲਵੀਰ ਸਿੰਘ, ਚੰਚਲ ਸਿੰਘ, ਦਲਜੀਤ ਸਿੰਘ, ਗੁਰਦੇਵ ਸਿੰਘ, ਜਸਵੰਤ ਸਿੰਘ, ਪੂਰਨ ਸਿੰਘ, ਮੰਗਲ ਸਿੰਘ, ਨਿਸ਼ਾਨ ਸਿੰਘ, ਬਲਦੇਵ ਸਿੰਘ ਕੋਲਿਆਂ ਅਤੇ ਹੋਰ ਕਿਸਾਨ ਹਾਜ਼ਰ ਸਨ।

## ਇੰਜੀ. ਅਮਨ ਬੋਧ ਖਨੌਰੀ ਬਸਪਾ ਲੋਕ ਸਭਾ ਹਲਕਾ ਸੰਗਰੂਰ ਦੇ ਇੰਚਾਰਜ ਨਿਯੁਕਤ

ਖਨੌਰੀ, 4 ਅਪ੍ਰੈਲ (ਓਮਪ੍ਰਕਾਸ ਮੁਆਲ) : 14 ਅਪ੍ਰੈਲ ਨੂੰ ਹੋਣ ਵਾਲੀ ਧੂਰੀ ਰੈਲੀ ਦੀ ਤਿਆਰੀਆਂ ਦੀ ਸਮੀਖਿਆ ਕਰਨ ਨੂੰ ਲੈਕੇ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ( ਸਾਬਕਾ ਰਾਜ ਸਭਾ ਮੈਂਬਰ) ਜੀ ਦੀ ਅਗਵਾਈ ਹੇਠਾਂ ਸੰਗਰੂਰ ਵਿੱਚ ਹੋਈ , ਜਿਸ ਵਿੱਚ ਸਤਿਕਾਰਯੋਗ ਭੈਣ ਕੁਮਾਰੀ ਮਾਇਆਵਤੀ ਜੀ (ਰਾਸ਼ਟਰੀ ਪ੍ਰਧਾਨ, ਬਸਪਾ) ਦੇ ਦਿਸ਼ਾ-ਨਿਰਦੇਸ਼ਾਂ ਹੇਠ, ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਜੀ ਅਤੇ ਸਮੁੱਚੀ ਸਟੇਟ ਲੀਡਰਸ਼ਿਪ ਵੱਲੋਂ ਇੰਜੀ ਅਮਨ ਬੋਧ ਨੂੰ ਲੋਕ ਸਭਾ ਸੰਗਰੂਰ ਦਾ ਇੰਚਾਰਜ



ਨਿਯੁਕਤ ਕੀਤਾ ਗਿਆ । ਇਸ ਮੌਕੇ ਕਰੀਮਪੁਰੀ ਨੇ ਅਮਨ ਬੋਧ ਨੂੰ ਸਮੂਹ ਲੋਕ ਸਭਾ ਦੇ ਦਸ ਹਲਕਿਆਂ ਅੰਦਰ ਨੌਜਵਾਨਾਂ ਨੂੰ ਬਸਪਾ ਨਾਲ ਜੋੜਨ ਦੀ ਵੱਡੀ ਜਿੰਮੇਵਾਰੀ ਦਿੱਤੀ । ਜਿਕਰਯੋਗ ਹੈ ਕੇ ਬੋਧ ਜੀ ਪਹਿਲਾਂ ਹੀ ਵਿਧਾਨ ਸਭਾ ਹਲਕੇ ਲਹਿਰੇ ਦੇ ਇੰਚਾਰਜ ਹਨ। ਬੋਧ ਨੇ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕੇ ਉਹ ਪਾਰਟੀ ਦੇ ਸੰਗਠਨ ਲਈ ਦਿਨ ਰਾਤ ਕੰਮ ਕਰਨਗੇ ਤੇ ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਇਸ ਦੇ ਨਤੀਜੇ ਨਜ਼ਰ ਆਉਣਗੇ। ਇਸ ਦੌਰਾਨ ਬਸਪਾ ਪੰਜਾਬ ਇੰਚਾਰਜ ਅਜੀਤ ਸਿੰਘ ਭੈਣੀ ਜੀ, ਜੋਨ ਇੰਚਾਰਜ ਮਾਸਟਰ ਅਮਰਜੀਤ ਝਲੂਰ, ਪੰਜਾਬ ਬਸਪਾ ਜਨਰਲ ਸਕੱਤਰ ਚਮਕੌਰ ਸਿੰਘ ਵੀਰ, ਡਾਕਟਰ ਮੱਖਣ ਸਿੰਘ, ਸਾਬਕਾ ਬਸਪਾ ਵਿਧਾਇਕ ਨਿਰਮਲ ਸਿੰਘ ਨਿੰਮਾ ਜੀ, ਜ਼ਿਲ੍ਹਾ ਪ੍ਰਧਾਨ ਸਤਿਗੁਰੂ ਮੱਟੂ, ਬਰਨਾਲਾ ਜ਼ਿਲ੍ਹਾ ਪ੍ਰਧਾਨ ਸਰਬਜੀਤ ਖੇੜੀ ਅਤੇ ਸਕੱਤਰ ਸ਼ਮਸ਼ਾਦ ਅੰਸਾਰੀ ਆਦਿ ਸਭ ਨੇ ਬੋਧ ਨੂੰ ਇੰਚਾਰਜ ਬਣਨ 'ਤੇ ਵਧਾਈਆਂ ਦਿੱਤੀਆਂ ।ਇਸ ਦੌਰਾਨ ਹਲਕਾ ਲਹਿਰਾ ਤੋਂ ਪ੍ਰਧਾਨ ਡਾ ਰਾਜਕੁਮਾਰ ਬੋਪੁਰ, ਜਨਰਲ ਸਕੱਤਰ ਸ਼ੰਭੂ ਰੰਗਾ, ਸ਼ਹਿਰੀ ਪ੍ਰਧਾਨ ਗੁਲਾਬ ਛਾਛੀਆ, ਦਿਹਾਤੀ ਪ੍ਰਧਾਨ ਰਾਜਵੀਰ, ਨੌਜਵਾਨ ਆਗੂ ਜਸਵੰਤ ਚੋਹਾਨ ਅਤੇ ਪ੍ਰੇਮ ਛਾਛੀਆ ਆਦਿ ਮੌਜੂਦ ਰਹੇ ।



ਸੀਨੀਅਰ ਕਾਂਗਰਸ ਟਕਸਾਲੀ ਆਗੂ ਨਿਰਭੈ ਸਿੰਘ ਦੀ ਰਹਿਨੁਮਾਈ ਹੇਠ ਬਲਰਾਜ ਸਿੰਘ ਭੋਲਾ ਅਤੇ ਬਲਵਿੰਦਰ ਸਿੰਘ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਿਲ ਹੋਏ। ਇਸ ਸਮੇਂ ਕਾਂਗਰਸੀ ਆਗੂ ਸੁਖਮੰਦਰ ਸਿੰਘ ਨੰਬਰਦਾਰ ਹਾਜ਼ਰ ਸੀ ।ਫੋਟੋ ਤੇ ਵੇਰਵਾ (ਅਵਤਾਰ ਸਿੰਘ ਮੱਲਾ )

## 'ਆਪ' ਵੱਲੋਂ ਸੁੰਦਰ ਸਿੰਘ ਗਿੱਲ ਜ਼ਿਲ੍ਹਾ ਮਾਨਸਾ ਦੇ ਲੀਗਲ ਸੈੱਲ ਦੇ ਉਪ ਪ੍ਰਧਾਨ ਨਿਯੁਕਤ

ਬੁਢਲਾਡਾ, (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) :ਆਮ ਆਦਮੀ ਪਾਰਟੀ ਪੰਜਾਬ ਨੇ ਪੰਜਾਬ ਵਿੱਚ ਆਪਣੇ ਸਗੰਠਨ ਦਾ ਵਿਸਥਾਰ ਕਰਦਿਆਂ ਐਡਵੋਕੇਟ ਸੁੰਦਰ ਸਿੰਘ ਗਿੱਲ ਮੱਲ ਸਿੰਘ ਵਾਲਾ ਨੂੰ ਜਿਲਾ ਮਾਨਸਾ ਦੇ ਲੀਗਲ ਸੈੱਲ ਦੇ ਉਪ ਪ੍ਰਧਾਨ ਨਿਯੁਕਤ ਕੀਤਾ ਹੈ ਐਡਵੋਕੇਟ ਗਿੱਲ ਆਮ ਆਦਮੀ ਪਾਰਟੀ ਦੇ ਟਕਸਾਲੀ ਵਰਕਰ ਹਨ ਅਤੇ ਵੱਖ ਵੱਖ ਅਹੁਦਿਆਂ ਉੱਤੇ ਜਿੰਮੇਵਾਰੀ ਨਿਭਾ ਚੁੱਕੇ ਹਨ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਹੈ ਪਾਰਟੀ ਓਹਨਾਂ ਦੀ ਕਿਤੇ ਵੀ ਜਿੰਮੇਵਾਰੀ ਲਗਾਉਂਦੀ ਹੈ ਤਾਂ ਉਹ ਜਿੰਮੇਵਾਰੀ ਬਹੁਤ ਹੀ ਤਨਦੇਹੀ ਨਾਲ ਨਿਭਾਉਂਦੇ ਹਨ ਜਿਸ ਕਰਕੇ ਪਾਰਟੀ ਨੇ ਗਿੱਲ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਹੈ ਐਡਵੋਕੇਟ ਗਿੱਲ ਨੇ ਆਪਣੀ ਨਿਯੁਕਤੀ ਉਤੇ ਪਾਰਟੀ ਹਾਈ ਕਮਾਂਡ ਦਾ ਬਹੁਤ ਬਹੁਤ ਧੰਨਵਾਦ ਕੀਤਾ



# ਬਾਰਿਸ਼ ਨੇ ਵਧਾਈ ਕਿਸਾਨਾਂ ਦੀ ਚਿੰਤਾ

## ਮਿਹਨਤ ਨਾਲ ਪਾਲ਼ੀ ਫ਼ਸਲ ਜ਼ਮੀਨ ’ਤੇ ਵਿੱਛੀ, ਵਾਢੀ ’ਚ ਹੋ ਸਕਦੀ ਦੇਰੀ



ਤਪਾ ਮੰਡੀ, 4 ਅਪ੍ਰੈਲ (ਭੂਸ਼ਨ ਘੜੈਲਾ / ਰਾਜੂ ਮਹਿਰਾ) : ਇਲਾਕੇ ’ਚ ਹੋਈ ਬਾਰਿਸ਼ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾਏ ਹੋਏ ਨਜ਼ਰ ਆ ਰਹੇ ਹਨ। ਇਸ ਬਾਰਿਸ਼ ਨਾਲ ਜਿੱਥੇ ਕਣਕ ਦੀ ਵਾਢੀ ਲੇਟ ਹੋਣ ਦੇ ਆਸਾਰ ਬਣ ਰਹੇ ਹਨ, ਉੱਥੇ ਕਣਕ ਦੇ ਝਾੜ ’ਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ।ਜਾਣਕਾਰੀ ਅਨੁਸਾਰ ਕਈ ਇਲਾਕਿਆਂ ਵਿੱਚ ਪੱਕੀ ਹੋਈ ਕਣਕ ਦੀ ਫਸਲ ’ਤੇ ਪੈ ਰਹੇ ਅਚਾਨਕ ਮੀਂਹ ਨੇ ਕਿਸਾਨਾਂ ਦੀ ਚਿੰਤਾ ਵਧਾ ਦਿੱਤੀ ਹੈ। ਖੇਤਾਂ ਵਿੱਚ ਤਿਆਰ ਖੜੀ ਕਣਕ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਢਹਿ ਢੇਰੀ ਹੋ ਰਹੀ ਹੈ, ਜਿਸ ਨਾਲ ਨੁਕਸਾਨ ਦਾ ਖਤਰਾ ਵੱਧ ਗਿਆ ਹੈ। ਮੌਸਮ ਵਿੱਚ ਆਈ ਅਚਾਨਕ ਤਬਦੀਲੀ ਨੇ ਵਾਢੀ ਦੇ ਕੰਮ ’ਤੇ ਵੀ ਅਸਰ ਪਾਇਆ ਹੈ ਅਤੇ ਕਈ ਥਾਵਾਂ ’ਤੇ ਵਾਢੀ ਦੇ ਕੰਮ ਵਿੱਚ ਦੇਰੀ ਹੋ ਰਹੀ ਹੈ।ਇਸ ਮੌਕੇ ਕਿਸਾਨਾਂ ਨਿਰਮਲ ਸਿੰਘ ਨਿੰਮਾ,ਦਰਸ਼ਨ ਸਿੰਘ, ਕੁਲਵਿੰਦਰ ਸਿੰਘ,ਅਜੈਬ ਸਿੰਘ ਤੇ ਤੇਜਾ ਸਿੰਘ ਦਾ ਕਹਿਣਾ ਹੈ ਕਿ ਜੇ ਮੀਂਹ ਹੋਰ ਦਿਨਾਂ ਤੱਕ ਜਾਰੀ ਰਹਿੰਦਾ ਹੈ, ਤਾਂ ਫਸਲ ਨੂੰ ਭਾਰੀ ਨੁਕਸਾਨ ਪੈ ਸਕਦਾ ਹੈ ਪੱਕੀ ਹੋਈ ਕਣਕ ਜਦੋਂ ਖੇਤਾਂ ਵਿੱਚ ਡਿੱਗ ਜਾਂਦੀ ਹੈ ਤਾਂ ਦਾਣੇ ਕਾਲੇ ਪੈਣ ਜਾਂਦੇ ਹਨ, ਜਿਸ ਨਾਲ ਉਪਜ ਦੀ ਗੁਣਵੱਤਾ ‘ਤੇ ਸਿੱਧਾ ਅਸਰ ਪੈਂਦਾ ਹੈ। ਇਸ ਕਾਰਨ ਮੰਡੀਆਂ ਵਿੱਚ ਵੀ ਕਿਸਾਨਾਂ ਨੂੰ ਠੀਕ ਭਾਅ ਨਹੀਂ ਮਿਲਦਾ ਇਸ ਵੇਲੇ ਮੌਸਮ ਦੀ ਮਾਰ ਨੇ ਕਿਸਾਨਾਂ ਦੀ ਮਿਹਨਤ ’ਤੇ ਪਾਣੀ ਫੇਰ ਦਿੱਤਾ ਹੈ ਅਤੇ ਉਹ ਅਸਮਾਨ ਵੱਲ ਤੱਕਦੇ ਹੋਏ ਮੌਸਮ ਸੁਧਰਨ ਦੀ ਉਡੀਕ ਕਰ ਰਹੇ ਹਨ।

## ਐਡਵੋਕੇਟ ਧੀਰਜ ਕੁਮਾਰ ‘ਆਪ’ ਦੇ ਲੀਗਲ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਬਣਨ ’ਤੇ ਖ਼ੁਸ਼ੀ ਦਾ ਪ੍ਰਗਟਾਵਾ



ਬਰਨਾਲਾ, 4 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਵੱਲੋਂ ਧੀਰਜ ਕੁਮਾਰ ਐਡਵੋਕੇਟ, ਜ਼ਿਲ੍ਹਾ ਕਚਹਿਰੀ ਬਰਨਾਲਾ ਨੂੰ ਵੱਡੀ ਜ਼ੁੰਮੇਵਾਰੀ ਸੌਂਪਦੇ ਹੋਏ ਜ਼ਿਲ੍ਹਾ ਬਰਨਾਲਾ ਦੇ ਲੀਗਲ ਸੈਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ 22 ਏਕੜ ਪ੍ਰਾਚੀਨ ਸ਼ਿਵ ਮੰਦਰ ਦੇ ਪ੍ਰਧਾਨ ਸੁਰੇਸ਼ ਕੁਮਾਰ ਤਪੇ ਵਾਲੇ,ਸਾਂਝਾ ਆਸਰਾ ਸੋਸ਼ਲ ਵੈੱਲਫੇਅਰ ਕਲੱਬ ਬਰਨਾਲਾ ਦੇ ਪ੍ਰਧਾਨ ਰਾਜੇਸ਼ ਭੂਟਾਨੀ, ਖ਼ੂਨਦਾਨੀ ਜਨਕ ਰਾਜ ਗੋਇਲ ਅਤੇ ਮਾਂ ਚਿੰਤਪੁਰਨੀ ਲੰਗਰ ਕਮੇਟੀ ਦੇ ਆਗੂ ਦੀਪ ਚੰਦ ਬਾਂਸਲ, ਬਾਬਾ ਮੋਤੀ ਰਾਮ ਮਹਿਰਾ ਕਲੱਬ ਦੇ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਆਦਿ ਸੰਸਥਾਵਾਂ ਨੇ ਸੀਨੀਅਰ ਐਡਵੋਕੇਟ ਧੀਰਜ ਗੋਇਲ ਨੂੰ ਲੀਗਲ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਬਣਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਧਾਈ ਦਿੱਤੀ ਹੈ। ਇਸ ਮੌਕੇ ਬਰਨਾਲਾ ਬਾਰ ਦੇ ਵਕੀਲਾਂ ਵਿੱਚ ਖੁਸ਼ੀ ਦਾ ਮਾਹੌਲ ਹੈ ਅਤੇ ਐਡਵੋਕੇਟ ਨਿਤਿਨ ਬਾਂਸਲ, ਰਜਨੀਸ਼ ਕੁਮਾਰ, ਹਰਮਨਦੀਪ ਜੱਸੜ, ਮਹੇਸ਼ ਗੋਇਲ, ਸਿਮਰਨਜੀਤ ਕੌਰ, ਖੁਸ਼ਾਂਤ ਸਿੰਗਲਾ, ਤਾਰੁਸ਼ ਗੋਇਲ, ਕੀਰਤ ਕੌਸ਼ਲ, ਚੰਦਰ ਸ਼ੇਖਰ, ਅਰੁਣਜੀਤ ਗਰੇਵਾਲ ਵੱਲੋਂ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ, ਗੁਰਮੀਤ ਸਿੰਘ ਮੀਤ ਹੇਅਰ, ਮੈਂਬਰ ਪਾਰਲੀਮੈਂਟ, ਹਰਿੰਦਰ ਸਿੰਘ ਧਾਲੀਵਾਲ ਹਲਕਾ ਇੰਚਾਰਜ ਬਰਨਾਲਾ, ਲਾਭਸਿੰਘ ਉਗੋਕੇ ਐਮ.ਐਲ.ਏ. ਭਦੌੜ ਅਤੇ ਕੁਲਵੰਤ ਸਿੰਘ ਪੰਡੋਰੀ ਐਮ.ਐਲ.ਏ. ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

## ਮੁਲਾਜ਼ਮ ਯੂਨਾਈਟਡ ਆਰਗੇਨਾਈਜੇਸ਼ਨ ਦੀ ਮੀਟਿੰਗ ਵਿੱਚ ਸੇਫਟੀ ਕਿੱਟਾਂ ਅਤੇ ਭਰਤੀ ਨੀਤੀ ਖ਼ਿਲਾਫ਼ ਆਵਾਜ਼ ਬੁਲੰਦ



ਬਰਨਾਲਾ, 4 ਅਪ੍ਰੈਲ ( ਬਘੇਲ ਸਿੰਘ ਧਾਲੀਵਾਲ) : ਮੁਲਾਜ਼ਮ ਯੂਨਾਈਟਡ ਔਰਗਨਾਈਜੇਸ਼ਨ ਦੀ ਮਹੀਨਾਵਾਰ ਮੀਟਿੰਗ ਸਬ ਡਿਵੀਜ਼ਨ ਸ਼ਹਿਰੀ ਬਰਨਾਲਾ ਵਿਖੇ ਹੋਈ, ਜਿਸ ਵਿਚ ਸਬ ਡਿਵੀਜ਼ਨ ਸ਼ਹਿਰੀ , ਦਿਹਾਤੀ, ਸੰਘੇੜਾ ਅਤੇ ਟੀ . ਐਲ ਸਬ ਡਵੀਜ਼ਨ ਦੇ ਸਾਥੀਆ ਨੇ ਹਾਜ਼ਰੀ ਲਗਾਈ। ਇਸ ਮੌਕੇ ਫੀਲਡ ਵਿਚ ਕੰਮ ਕਰਦੇ ਸਾਥੀਆਂ ਨਾਲ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਪੈਡੀ ਸੀਜ਼ਨ ਦੇ ਮੱਦੇਨਜ਼ਰ ਮਹਿਕਮੇ ਤੋਂ ਚੰਗੀਆ ਸੇਫਟੀ ਕਿੱਟਾਂ ਦੀ ਮੰਗ ਕੀਤੀ ਗਈ ਤਾਂ ਜੋ ਹੋਣ ਵਾਲੇ ਮੰਦਭਾਗੇ ਹਾਦਸਿਆਂ ਤੋਂ ਬਚਿਆ ਜਾ ਸਕੇ। ਪਿਛਲੇ ਦਿਨੀਂ ਮਹਿਕਮੇ ਵੱਲੋਂ ਸਹਾਇਕ ਲਾਈਨਮੈਨਾਂ ਦੇ ਬਿਨਾਂ ਅਪ੍ਰੈਂਟਸ਼ਿਪ ਤੋਂ ਸਿੱਧੀ ਭਰਤੀ ਦੇ ਕੱਢੇ ਇਸ਼ਤਿਹਾਰ ਦਾ ਵਿਰੋਧ ਕਰਦਿਆ ਸਰਕਾਰ ਦੀਆਂ ਕੋਝੀਆ ਚਾਲਾਂ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ । ਇਸ ਮੌਕੇ ਸਹਾਇਕ ਲਾਈਨਮੈਨ ਤੋਂ ਲਾਈਨ ਮੈਨ ਪ੍ਰਮੋਟ ਹੋ ਰਹੇ ਸਾਥੀਆਂ ਨੂੰ ਨੇੜਲੇ ਸਟੇਸ਼ਨਾਂ ਤੇ ਹੀ ਤੈਨਾਤ ਕਰਨ ਦੀ ਮੰਗ ਰੱਖੀ ਗਈ। ਇਸ ਦੌਰਾਨ ਮੀਟਿੰਗ ਵਿਚ ਰਣਜੋਧ ਸਿੰਘ, ਰਜਿੰਦਰ ਸ਼ਰਮਾ, ਸੁਖਵਿੰਦਰ ਸਿੰਘ ਜੱਸਲ, ਰੁਪਿੰਦਰ ਸਿੰਘ, ਸੁਰਿੰਦਰ ਸਿੰਘ ,ਗੁਰਿੰਦਰ ਸਿੰਘ, ਨਿੰਦਰ ਸਿੰਘ, ਮੱਖਣ ਸਿੰਘ, ਅਮਰਜੀਤ ਸਿੰਘ, ਸੁਰਜੀਤ ਸਿੰਘ ਜੱਸਲ, ਰਣਜੀਤ ਸਿੰਘ, ਗੁਰਮੇਲ ਸਿੰਘ, ਧਰਮਿੰਦਰ ਸਿੰਘ, ਹਰਵਿੰਦਰ ਸਿੰਘ ਅਤੇ ਰਵਿੰਦਰ ਸਿੰਘ ਨੇ ਆਪਣੇ ਵਿਚਾਰ ਸਭ ਸਾਥੀਆ ਨਾਲ ਸਾਂਝੇ ਕੀਤੇ। ਅਖ਼ੀਰ ਵਿਚ ਸੁਰਜੀਤ ਸਿੰਘ ਜੱਸਲ ਨੇ ਹਾਜ਼ਰ ਸਾਥੀਆ ਦਾ ਧੰਨਵਾਦ ਕੀਤਾ।

## ਪੱਖੋਂ ਕੈਂਚੀਆਂ ਸੂਏ ’ਤੇ ਸੜਕ ਟੁੱਟੀ ਹੋਣ ਕਾਰਨ ਟਰਾਲੀ ਪਲਟੀ



ਤਪਾ ਮੰਡੀ, 4 ਅਪ੍ਰੈਲ (ਭੂਸ਼ਨ ਘੜੈਲਾ) : ਬਰਨਾਲਾ ਬਾਜਾਖਾਨਾ ਰੋਡ ਪੱਖੋਂ ਕੈਂਚੀਆਂ ਸੂਏ ਦੇ ਪੁੱਲ ’ਤੇ ਬਣੇਂ ਹੋਏ ਵੱਡੇ ਵੱਡੇ ਖੱਡਿਆਂ ਕਾਰਨ ਲਗਾਤਾਰ ਹਾਦਸੇ ਵਾਪਰ ਰਹੇ ਹਨ ਪ੍ਰੰਤੂ ਵਿਭਾਗ ਦੇ ਅਧਿਕਾਰੀ ਕੋਈ ਧਿਆਨ ਨਹੀਂ ਦੇ ਰਹੇ ਅੱਜ ਵੀ ਦਿਨ ਦਿਹਾੜੇ ਬਰਸੀਨ ਲੈ ਕੇ ਜਾ ਰਹੇ ਟਰੈਕਟਰ ਟਰਾਲੀ ਦੇ ਪਲਟਣ ਦੀ ਘਟਨਾ ਸਾਹਮਣੇ ਆਈ ਹੈ, ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਹਾਕਮ ਸਿੰਘ ਵਾਲਾ ਤੋਂ ਟਰੈਕਟਰ ਟਰਾਲੀ ਜੋ ਬਰਸੀਨ ਦੀ ਭਰੀ ਹੋਈ ਸੀ ਬਰਨਾਲਾ ਵੱਲ ਜਾ ਰਿਹਾ ਸੀ, ਜਦੋਂ ਸੂਏ ਦੇ ਪੁੱਲ ਪੱਖੋਂ ਕੈਂਚੀਆਂ ਪਹੁੰਚੇ ਤਾਂ ਬਰਸੀਨ ਦੀ ਭਰੀ ਟਰਾਲੀ ਦਾ ਸੰਤੁਲਨ ਵਿਗੜ ਗਿਆ ਟਰਾਲੀ ਮੌਕੇ ’ਤੇ ਹੀ ਪਲਟ ਗਈ ਚਾਲਕ ਦਾ ਬਚਾਉ ਹੋ ਗਿਆ, ਇਸ ਘਟਨਾ ਦੀ ਕੁਲਵੰਤ ਸਿੰਘ ਮਾਨ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ, ਉਂਕਾਰ ਸਿੰਘ ਬਰਾੜ ਕੌਮੀ ਆਗੂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਾਬਕਾ ਸਰਪੰਚ ਚਮਕੌਰ ਸਿੰਘ ਭਗਤਪੁਰਾ, ਬੇਅੰਤ ਸਿੰਘ ਸਰਾਂ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ, ਗੁਰਜੀਤ ਸਿੰਘ ਖਾਲਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮ੍ਰਿਤਪਾਲ ਸਿੰਘ ਖਾਲਸਾ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਸੀਨੀਅਰ ਕਾਂਗਰਸੀ ਆਗੂ ਸੁਖਵਿੰਦਰ ਸਿੰਘ ਧਾਲੀਵਾਲ ਹਲਕਾ ਭਦੌੜ ਆਦਿ ਆਗੂਆਂ ਵੱਲੋਂ ਨਿੰਦਾ ਕਰਦਿਆਂ ਕਿਹਾ ਕਿ ਇਲਾਕੇ ਦੇ ਲੋਕ ਵਾਰ ਵਾਰ ਹਾਦਸੇ ਹੋਣ ਕਾਰਨ ਇਥੇ ਸੜਕ ਬਣਾਉਣ ਦੀ ਮੰਗ ਕਰ ਰਹੇ ਹਨ ਪ੍ਰੰਤੂ ਸੁੱਤੇ ਪਏ ਵਿਭਾਗ ਦੇ ਅਧਿਕਾਰੀ ਅਤੇ ਪੰਜਾਬ ਸਰਕਾਰ ਦੇ ਆਗੂਆਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਉਨ੍ਹਾਂ ਕਿਹਾ ਕਿ ਕੋਈ ਵੱਡਾ ਹਾਦਸਾ ਹੋਣ ਤੋਂ ਪਹਿਲਾਂ ਇੱਥੇ ਤੁਰੰਤ ਸੜਕ ਬਣਾਈ ਜਾਵੇ ਨਹੀਂ ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸੰਬੰਧਿਤ ਮਹਿਕਮੇ ਦੀ ਹੋਵੇਗੀ।

## ਸਿਆਸੀ ਪਾਰਟੀਆਂ ਦੇ ਆਗੂ ਡੇਰਿਆਂ ਤੇ ਬਾਬਿਆਂ ਦੇ ਚੱਕਰ ਕੱਟਣ ਦੀ ਬਜਾਏ ਲੋਕਾਂ ਦੇ ਘਰਾਂ ’ਚ ਜਾ ਕੇ ਉਨ੍ਹਾਂ ਦੇ ਦੁੱਖੜੇ ਦੂਰ ਕਰਨ



ਬਰਨਾਲਾ, 4 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਡੇਰਿਆਂ ਅਤੇ ਬਾਬਿਆਂ ਦਾ ਆਸ਼ੀਰਵਾਦ ਲੈਣ ਬਾਰੇ ਵਿਸ਼ੇ ’ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਮੌਕੇ ਬੋਲਦਿਆਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਗੁਰਮੀਤ ਸਿੰਘ ਮੀਮਸਾ, ਸਮਾਜ ਸੇਵੀ (ਡਾ) ਰਾਜੀਵ ਸ਼ਰਮਾ, ਪੱਤਰਕਾਰ ਜਨਕ ਰਾਜ ਗੋਇਲ, ਸਮਾਜ ਸੇਵੀ ਨੀਰਜ ਬਾਲਾ ਦਾਨੀਆ, ਸੋਮਾ ਭੰਡਾਰੀ ਅਤੇ ਬਬੀਤਾ ਜਿੰਦਲ ਨੇ ਕਿਹਾ ਕਿ ਸਿਆਸੀ ਪਾਰਟੀਆਂ ਦੇ ਆਗੂ ਡੇਰਿਆਂ ਤੇ ਬਾਬਿਆਂ ਦਾ ਅਸ਼ੀਰਵਾਦ ਲੈ ਕੇ ਚੋਣਾਂ ਜਿੱਤਣ ਲਈ ਇਹ ਭਰਮ ਪਾਲ ਬੈਠਦੇ ਹਨ ਕਿ ਹੁਣ ਤਾਂ ਮੇਰੀ ਜਿੱਤ ਯਕੀਨੀ ਹੈ, ਕਿਉਂਕਿ ਮੈਨੂੰ ਬਾਬਾ ਜੀ ਤੋਂ ਆਸ਼ੀਰਵਾਦ ਮਿਲ ਗਿਆ ਹੈ। ਅਜਿਹੀ ਸੋਚ ਵਾਲੇ ਆਗੂ ਬੀਤੇ ਸਮੇਂ ’ਚ ਬੁਰੀ ਤਰ੍ਹਾਂ ਹਾਰੇ ਹਨ। ਇਸ ਵਿਸ਼ੇ ’ਤੇ ਵਿਚਾਰ ਪ੍ਰਗਟ ਕਰਦਿਆਂ ਉਕਤ ਸਮਾਜ ਸੇਵੀ ਪਤਵੰਤੇ ਸੱਜਣਾਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਡੇਰਿਆਂ ਦੇ ਚੱਕਰ ਕੱਟਣ ਦੀ ਬਜਾਇ ਲੋਕਾਂ ਦੇ ਘਰਾਂ ਵਿੱਚ ਜਾ ਕੇ ਪੁੱਛਣਾ ਚਾਹੀਦਾ ਹੈ ਕਿ ਤੁਹਾਡਾ ਕੋਈ ਕੰਮ ਤਾਂ ਪੈਂਡਿੰਗ ਤਾਂ ਨਹੀਂ ਪਿਆ। ਨੇਤਾਵਾਂ ਨੂੰ ਘਰ ਦੀ ਦੁੱਖ ਤਕਲੀਫ ਜਾਂ ਰੁਕਿਆ ਹੋਇਆ ਕੰਮ ਕਰਵਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਲੋਕ ਤੁਹਾਨੂੰ ਜਿਤਾਉਣ ’ਚ ਮਦਦਗਾਰ ਸਾਬਤ ਹੋਣਗੇ। ਸਾਨੂੰ ਅਨੇਕਾਂ ਅਜਿਹੇ ਲੋਕ ਵੀ ਮਿਲੇ ਹਨ ਜਿਹੜੇ ਕਹਿੰਦੇ ਹਨ ਕਿ ਜਿੱਤਣ ਮਗਰੋਂ ਨੇਤਾ ਲੋਕ ਮੁੜ ਕੇ ਦਿਖਾਈ ਨਹੀਂ ਦਿੰਦੇ। ਪਿਛਲੇ ਸਮਿਆਂ ’ਚ ਅਨੇਕਾਂ ਉਦਾਹਰਨਾਂ ਮਿਲ ਜਾਣਗੀਆਂ ਜਿਨ੍ਹਾਂ ਆਗੂਆਂ ਨੇ ਆਮ ਲੋਕਾਂ ਦੀ ਬਾਂਹ ਫੜੀ ਅਤੇ ਉਨ੍ਹਾਂ ਦੇ ਕੰਮ ਕਰਵਾਏ, ਉਨ੍ਹਾਂ ਨੂੰ ਲੋਕਾਂ ਨੇ ਜਿਤਾਉਣ ਲਈ ਦਿਨ ਰਾਤ ਇੱਕ ਕਰ ਦਿੱਤੀ। ਲੋਕ ਇਹ ਸੋਚਦੇ ਹਨ ਕਿ ਅਸੀਂ ਜਿਸ ਉਮੀਦਵਾਰ ਨੂੰ ਵੋਟਾਂ ਪਾ ਕੇ ਜਿਤਾਉਂਦੇ ਹਾਂ ਤੇ ਉਹ ਜਿੱਤਣ ਮਗਰੋਂ ਸਾਡੇ ਕੰਮ ਕਰਨਾ ਤਾਂ ਇੱਕ ਪਾਸੇ ਬਲਕਿ ਉਹ ਸਾਨੂੰ ਮੂੰਹ ਨਹੀਂ ਦਿਖਾਉਂਦਾ । ਲੋਕਾਂ ਨੇ ਚੋਣ ਕਮਿਸ਼ਨ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਵੋਟਰਾਂ ਨੂੰ ਇਹ ਅਧਿਕਾਰ ਮਿਲਣਾ ਚਾਹੀਦਾ ਹੈ ਕਿ ਜੇਕਰ ਕੋਈ ਜੇਤੂ ਉਮੀਦਵਾਰ ਕੰਮ ਨਹੀਂ ਕਰਦਾ ਜਾਂ ਆਪਣੀਆਂ ਜਿੰਮੇਵਾਰੀਆਂ ਨੂੰ ਸਹੀ ਨਹੀਂ ਨਿਭਾਉਂਦਾ ਤਾਂ ਲੋਕਾਂ ਨੂੰ ਉਸ ਨੁਮਾਇੰਦੇ ਨੂੰ ਵਾਪਿਸ ਬੁਲਾਉਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਕਈ ਅਜਿਹੇ ਸਥਾਨਕ ਲੀਡਰ ਵੀ ਵੇਖੇ ਨੇ ਜਿਹੜੇ ਹਮੇਸ਼ਾ ਰੂਲਿੰਗ ਪਾਰਟੀ ਚ ਸ਼ਾਮਿਲ ਹੋ ਕੇ ਰਸ ਮਲਾਈਆਂ ਖਾਂਦੇ ਰਹਿੰਦੇ ਹਨ ਅਤੇ ਨਵੀਆਂ ਚੋਣਾਂ ਤੋਂ ਬਾਅਦ ਨਵੀਂ ਰੂਲਿੰਗ ਪਾਰਟੀ ਚ ਸ਼ਾਮਿਲ ਹੋ ਜਾਂਦੇ ਹਨ ਅਤੇ ਬਿਨ੍ਹਾਂ ਚੋਣ ਲੜਿਆਂ ਸਾਰੀ ਉਮਰ ਹੀ ਲਗਾਤਾਰ ਸੱਤਾ ਦਾ ਆਨੰਦ ਮਾਣਦੇ ਰਹਿੰਦੇ ਹਨ। ਸਿਆਸੀ ਆਗੂਆਂ ਨੂੰ ਬੇਨਤੀ ਹੈ ਕਿ ਉਹ ਲੋਕਾਂ ਦੇ ਘਰਾਂ ਚ ਜਾ ਕੇ ਉਨ੍ਹਾਂ ਦੇ ਰੁਕੇ ਹੋਏ ਕੰਮ ਕਰਨ ਅਤੇ ਦੁੱਖ ਤਕਲੀਫਾਂ ਦੂਰ ਕਰਨ।

## ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਦੇ ਵਿਦਿਆਰਥੀ ਡੀ.ਟੀ.ਐਫ਼. ਪ੍ਰੀਖਿਆ ਵਿੱਚੋਂ ਮੋਹਰੀ



ਭਦੌੜ, 4 ਅਪ੍ਰੈਲ (ਸੁਖਵਿੰਦਰ ਪਲਾਹਾ) : ਡੈਮੋਕ੍ਰੇਟਿਕ ਟੀਚਰ ਫਰੰਟ ਬਰਨਾਲਾ ਵੱਲੋਂ ਗ਼ਦਰੀ ਬੀਬੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ 11ਵੀਂ ਡੀ.ਟੀ.ਐਫ ਵਜ਼ੀਫ਼ਾ ਪ੍ਰੀਖਿਆ ਕਰਵਾਈ ਗਈ,ਜਿਸ ਵਿੱਚ ਮਾਤਾ ਗੁਜਰੀ ਪਬਲਿਕ ਹਾਈ ਸਕੂਲ ਭਦੌੜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੁਜੀਸ਼ਨਾਂ ਹਾਸਿਲ ਕਰਕੇ ਆਪਣੀ ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਬਰਨਾਲਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 2158 ਵਿਦਿਆਰਥੀਆਂ ਨੇ ਭਾਗ ਲਿਆ।ਜਿਸ ਵਿੱਚ ਮਾਤਾ ਗੁਜਰੀ ਪਬਲਿਕ ਸਕੂਲ ਦੀ ਅੱਠਵੀਂ ਜਮਾਤ ਦੀ ਪਰੀ ਰਾਣੀ ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਅਤੇ ਦਸਵੀਂ ਕਲਾਸ ਦੀ ਦਿਸ਼ਾ ਨੇ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ।ਇਸ ਤੋਂ ਇਲਾਵਾ ਪੰਜਵੀਂ ,ਅੱਠਵੀਂ ਅਤੇ ਦਸਵੀਂ ਜਮਾਤ ਦੇ ਪਹਿਲੇ 15 ਬੱਚਿਆਂ ਨੇ ਵਜ਼ੀਫਾ ਪ੍ਰੀਖਿਆ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਆਪਣੀ ਕਾਬਲੀਅਤ ਨੂੰ ਦਰਸਾਇਆ ਹੈ ।ਇਸ ਪ੍ਰਾਪਤੀ ਤੇ ਪ੍ਰਿੰਸੀਪਲ ਵੱਲੋਂ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀ ਸਮਾਜ ਅਤੇ ਰਾਸ਼ਟਰ ਦਾ ਅਸਲ ਸਰਮਾਇਆ ਹੁੰਦੇ ਹਨ ।ਇਸ ਮੌਕੇ ਸਕੂਲ ਮਨੇਜਮੈਂਟ ਕਮੇਟੀ ਮੈਂਬਰਾਂ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਵਾਈ.ਐਸ. ਪਬਲਿਕ ਸਕੂਲ ਵਿੱਚ ਅਕਾਦਮਿਕ ਸੈਸ਼ਨ 2026-27 ਦੀ ਖੁਸ਼ੀਆਂ ਭਰੀ ਸ਼ੁਰੂਆਤ




ਬਰਨਾਲਾ, 4 ਅਪ੍ਰੈਲ (ਹਮੀਰ ਸਿੰਘ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ੁਮਾਰ ਵਾਈਐਸ ਪਬਲਿਕ ਸਕੂਲ ਵਿੱਚ ਨਵੇਂ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ ਬੜੇ ਹੀ ਉਤਸ਼ਾਹ ਅਤੇ ਸਕਾਰਾਤਮਕ ਮਾਹੌਲ ਨਾਲ ਕੀਤੀ ਗਈ। ਸਕੂਲ ਕੈਂਪਸ ਨੂੰ ਨੰਨ੍ਹੇ ਵਿਦਿਆਰਥੀਆਂ ਦੇ ਸਵਾਗਤ ਲਈ ਸੋਹਣੇ ਢੰਗ ਨਾਲ ਸਜਾਇਆ ਗਿਆ ਸੀ। ਵਿਦਿਆਰਥੀਆਂ ਦਾ ਰਵਾਇਤੀ ਤਿਲਕ ਲਗਾ ਕੇ ਸਵਾਗਤ ਕੀਤਾ ਗਿਆ, ਜਿਸ ਨਾਲ ਦਰਵਾਜ਼ੇ ਤੋਂ ਹੀ ਤਿਉਹਾਰੀ ਅਤੇ ਸ਼ੁਭ ਮਾਹੌਲ ਬਣ ਗਿਆ। ਛੁੱਟੀਆਂ ਤੋਂ ਬਾਅਦ ਸਕੂਲ ਆਏ ਵਿਦਿਆਰਥੀਆਂ ਦੇ ਚਿਹਰਿਆਂ ’ਤੇ ਖੁਸ਼ੀ ਅਤੇ ਉਤਸ਼ਾਹ ਸਪਸ਼ਟ ਦਿਖਾਈ ਦੇ ਰਹੇ ਸਨ। ਦਿਨ ਦੀ ਰੌਣਕ ਨੂੰ ਹੋਰ ਵਧਾਉਣ ਲਈ ਰੰਗ-ਬਿਰੰਗੇ ਮੈਸਕਾਟਸ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ, ਜਿਸ ਨਾਲ ਮਾਹੌਲ ਹੋਰ ਵੀ ਜੀਵੰਤ ਅਤੇ ਖੁਸ਼ਗਵਾਰ ਬਣ ਗਿਆ। ਨਵੇਂ ਸੈਸ਼ਨ ਦੀ ਸ਼ੁਰੂਆਤ ਨੂੰ ਨਿਸ਼ਾਨਜ਼ਦ ਕਰਨ ਲਈ ਇਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਦਿਨ ਨੂੰ ਰੁਚਿਕਰ ਬਣਾਉਣ ਲਈ ਵੱਖ-ਵੱਖ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ ਸੀ। ਸਭ ਤੋਂ ਖਾਸ ਆਕਰਸ਼ਣ ਸਜਾਈ ਹੋਈ ਡਬਲ ਡੈਕਰ ਟੌਆਏ ਬੱਸ ਵਿੱਚ ਸਵਾਰੀ ਸੀ, ਜਿਸ ਦਾ ਵਿਦਿਆਰਥੀਆਂ ਨੇ ਬਹੁਤ ਆਨੰਦ ਮਾਣਿਆ। ਇਸ ਦੇ ਨਾਲ ਹੀ ਇਕ ਮੂਵੀ ਸੈਸ਼ਨ ਦਾ ਵੀ ਆਯੋਜਨ ਕੀਤਾ ਗਿਆ, ਜਿੱਥੇ ਵਿਦਿਆਰਥੀਆਂ ਨੇ ਪੌਪਕੌਰਨ ਨਾਲ ਫਿਲਮ ਦਾ ਮਜ਼ਾ ਲਿਆ। ਕੁੱਲ ਮਿਲਾ ਕੇ, ਦਿਨ ਹਾਸੇ, ਖੁਸ਼ੀਆਂ ਅਤੇ ਉਤਸ਼ਾਹ ਨਾਲ ਭਰਪੂਰ ਰਿਹਾ, ਜਿਸ ਨੇ ਨਵੇਂ ਸਾਲ ਲਈ ਸਕਾਰਾਤਮਕ ਮਾਹੌਲ ਤਿਆਰ ਕੀਤਾ। ਇਸ ਮੌਕੇ ’ਤੇ ਸਕੂਲ ਦੇ ਪ੍ਰਿੰਸੀਪਲ ਮੋਹਿਤ ਜਿੰਦਲ ਨੇ ਕਿਹਾ, ‘ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਖੁਸ਼ਮਿਜ਼ਾਜ ਅਤੇ ਸਮ੍ਰਿੱਧ ਸਿਖਲਾਈ ਦਾ ਮਾਹੌਲ ਪ੍ਰਦਾਨ ਕਰਨਾ ਹੈ। ਪਹਿਲਾ ਦਿਨ ਹਮੇਸ਼ਾ ਖਾਸ ਹੁੰਦਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਬੱਚੇ ਹਰ ਰੋਜ਼ ਸਕੂਲ ਆਉਣ ਲਈ ਖੁਸ਼, ਸੁਰੱਖਿਅਤ ਅਤੇ ਉਤਸ਼ਾਹਿਤ ਮਹਿਸੂਸ ਕਰਨ।’ ਇਹ ਗਰਮਜੋਸ਼ੀ ਭਰਿਆ ਸਵਾਗਤ ਅਤੇ ਮਨੋਰੰਜਕ ਗਤੀਵਿਧੀਆਂ ਨਵੇਂ ਅਕਾਦਮਿਕ ਸਾਲ ਦੀ ਇੱਕ ਯਾਦਗਾਰ ਸ਼ੁਰੂਆਤ ਸਾਬਤ ਹੋਈਆਂ।

## ਅਨਾਜ ਮੰਡੀਆਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦਾ ਯੂਨੀਅਨ ਡਟ ਕੇ ਵਿਰੋਧ ਕਰੇਗੀ : ਭੋਲਾ ਸਿੰਘ ਛੰਨਾ




ਸ਼ਹਿਣਾ/ ਭਦੌੜ, 4 ਅਪ੍ਰੈਲ (ਸੁਖਵਿੰਦਰ ਪਲਾਹਾ) : ਪੰਜਾਬ ਸਰਕਾਰ ਵੱਲੋਂ ਇੱਕ ਅਪ੍ਰੈਲ ਤੋਂ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਸਬੰਧੀ ਉਚੇਚੇ ਪ੍ਰਬੰਧ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ ਪ੍ਰੰਤੂ ਇਹਨਾਂ ਹਦਾਇਤਾਂ ਨੂੰ ਟਿੱਚ ਸਮਝਦਿਆਂ ਹੋਇਆਂ ਮਾਰਕੀਟ ਕਮੇਟੀ ਭਦੌੜ ਦੇ ਅਧਿਕਾਰੀਆਂ ਨੇ ਚੁੱਪ ਧਾਰੀ ਹੋਈ ਹੈ, ਜਿਸ ਕਾਰਨ ਸ਼ਹਿਣਾ, ਛੰਨਾ ਗੁਲਾਬ ਸਿੰਘ ਵਾਲਾ, ਵਿਧਾਤਾ ਆਦਿ ਖਰੀਦ ਕੇਂਦਰਾਂ ਵਿੱਚ ਪਿਛਲੇ ਛੇ ਮਹੀਨਿਆਂ ਤੋਂ ਸ਼ੈੱਡ ਪਾਉਣ ਲਈ ਆਇਆ ਸਮਾਨ ਖੰਡਰ ਬਣ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਬਲਾਕ ਪ੍ਰਧਾਨ ਭੋਲਾ ਸਿੰਘ ਛੰਨਾ ਗੁਲਾਬ ਸਿੰਘ ਵਾਲਾ ਨੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਨਾਜ ਮੰਡੀ ਦਾ ਖੜਵੰਜਾ ਪੁੱਟ ਕੇ ਸੈਂਡ ਦੇ ਪਿੱਲਰ ਗੱਡਣ ਲਈ ਛੇ ਮਹੀਨੇ ਪਹਿਲਾਂ ਅਨਾਜ ਮੰਡੀ ਵਿੱਚ ਪੁੱਟੇ ਗਏ ਟੋਇਆ ਵੱਲ ਮਾਰਕੀਟ ਕਮੇਟੀ ਭਦੌੜ ਦੇ ਅਧਿਕਾਰੀਆਂ ਨੇ ਕੋਈ ਧਿਆਨ ਨਹੀਂ ਦਿੱਤਾ ਗਿਆ। ਪ੍ਰਧਾਨ ਭੋਲਾ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਖਰੀਦ ਕੇਂਦਰਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ,ਇਸ ਤੋਂ ਸਪੱਸ਼ਟ ਜ਼ਾਹਿਰ ਹੁੰਦਾ ਹੈਂ ਕਿ ਸਰਕਾਰਾਂ ਇਹਨਾਂ ਅਨਾਜ ਮੰਡੀਆਂ ਦੀਆਂ ਪ੍ਰੋਪਰਟੀ ਨੂੰ ਵੇਚਣਾ ਚਾਹੁੰਦੀਆਂ ਹਨ, ਜਿਸ ਦਾ ਅਸੀ ਡਟ ਕੇ ਵਿਰੋਧ ਕਰਾਂਗੇ।ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਸਿਰਫ ਬਿਆਨਬਾਜ਼ੀਆਂ ਕਰ ਰਹੀਆਂ ਹਨ ਜਦੋਂ ਕਿ ਜ਼ਮੀਨੀ ਪੱਧਰ ਤੇ ਖਰੀਦ ਕੇਂਦਰਾਂ ਵਿੱਚ ਖਰੀਦ ਦੇ ਕੋਈ ਪ੍ਰਬੰਧ ਨਹੀਂ ਹਨ। ਸ਼ਹਿਣਾ ਖਰੀਦ ਕੇਂਦਰ ਸਬੰਧੀ ਬੇਅੰਤ ਸਿੰਘ ਸਰਾਂ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ, ਗੁਰਪ੍ਰੀਤ ਸਿੰਘ ਬੱਬੂ ਪੰਧੇਰ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਚੜੂਨੀ, ਗੁਰਪ੍ਰੀਤ ਸਿੰਘ ਗਿੱਲ ਇਕਾਈ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ , ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਸੁਖਵਿੰਦਰ ਸਿੰਘ ਧਾਲੀਵਾਲ ਸੀਨੀਅਰ ਕਾਂਗਰਸੀ ਆਗੂ ਹਲਕਾ ਭਦੌੜ ਆਦਿ ਆਗੂਆਂ ਨੇ ਕਿਹਾ ਕਿ ਮੌਸਮ ਖਰਾਬ ਹੈ ਪ੍ਰੰਤੂ ਫਿਰ ਵੀ ਮਾਰਕੀਟ ਕਮੇਟੀ ਭਦੌੜ ਦੇ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ ਪਏ ਹਨ ਜਿਸ ਕਾਰਨ ਉਨ੍ਹਾਂ ਨੇ ਅਨਾਜ ਮੰਡੀ ਸਹਿਣਾ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਸ਼ੈੱਡਾਂ ਦਾ ਕੰਮ ਨੇਪਰੇ ਨਾ ਚੜ੍ਹਿਆ ਤਾਂ ਖਰੀਦ ਕੇਂਦਰ ਸਹਿਣਾ ਵਿਖੇ ਆਉਣ ਵਾਲੇ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦਾ ਕਿਸਾਨ ਜਥੇਬੰਦੀਆਂ ਵੱਲੋਂ ਡਟ ਕੇ ਵਿਰੋਧ ਕੀਤਾ ਜਾਵੇਗਾ। ਇਸ ਸਬੰਧੀ ਠੇਕੇਦਾਰ ਅਤੇ ਮਾਰਕੀਟ ਕਮੇਟੀ ਭਦੌੜ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਰਾਬਤਾ ਕਾਇਮ ਨਹੀਂ ਹੋ ਸਕਿਆ।

## ਐਮ.ਟੀ.ਐਸ. ਵਿੱਚ ਵਿਸ਼ਵ ਸਿਹਤ ਦਿਵਸ ਮਨਾਇਆ




ਬਰਨਾਲਾ, 4 ਅਪ੍ਰੈਲ (ਇਸ਼ਨ ਕੰਗ) : ਐਮ.ਟੀ.ਐਸ. ਬਰਨਾਲਾ ਵਿੱਚ ਵਿਸ਼ਵ ਸਿਹਤ ਦਿਵਸ ਨੂੰ ਬਹੁਤ ਹੀ ਉਤਸ਼ਾਹ ਅਤੇ ਰਚਨਾਤਮਕ ਢੰਗ ਨਾਲ ਮਨਾਇਆ ਗਿਆ। ਪਲੇ ਸਕੂਲ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਕਲਾਸਰੂਮ ਗਤੀਵਿਧੀਆਂ ਵਿੱਚ ਭਾਗ ਲੈਂਦਿਆਂ ‘ਹੈਲਦੀ ਪਲੇਟ’ ਤਿਆਰ ਕੀਤੀਆਂ। ਬੱਚਿਆਂ ਨੇ ਫਲਾਂ, ਸਬਜ਼ੀਆਂ ਅਤੇ ਪੌਸ਼ਟਿਕ ਭੋਜਨ ਨੂੰ ਸੁੰਦਰ ਢੰਗ ਨਾਲ ਸਜਾ ਕੇ ਆਪਣੇ ਕੌਸ਼ਲ ਅਤੇ ਸੂਝ-ਬੂਝ ਦਾ ਪ੍ਰਦਰਸ਼ਨ ਕੀਤਾ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸੰਤੁਲਿਤ ਆਹਾਰ, ਸਫ਼ਾਈ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਜਾਈਆਂ ਗਈਆਂ ਪਲੇਟਾਂ ਨੂੰ ਬੜੇ ਉਤਸ਼ਾਹ ਨਾਲ ਪੇਸ਼ ਕੀਤਾ ਗਿਆ, ਜੋ ਬੱਚਿਆਂ ਦੀ ਸਿੱਖਣ ਦੀ ਲਗਨ ਨੂੰ ਦਰਸਾਉਂਦੀਆਂ ਸਨ। ਇਹ ਗਤੀਵਿਧੀ ਵਿਸ਼ਵ ਸਿਹਤ ਦਿਵਸ ਦੇ ਮੂਲ ਸੰਦੇਸ਼—ਤੰਦਰੁਸਤ ਜੀਵਨ ਦੀ ਪ੍ਰੇਰਣਾ—ਨੂੰ ਬੱਚਿਆਂ ਵਿੱਚ ਬਖੂਬੀ ਪਸਾਰਣ ਵਿੱਚ ਸਫਲ ਰਹੀ।

## ਅਸਮਾਨੀ ਬਿਜਲੀ ਡਿੱਗਣ ਨਾਲ ਖੇਤਾਂ ਵਿੱਚ ਰਹਿੰਦੇ ਪਰਿਵਾਰ ਦਾ ਲੱਖਾਂ ਰੁਪਏ ਦਾ ਨੁਕਸਾਨ



ਤਪਾ ਮੰਡੀ / ਚਾਉਕੇ , 4 ਅਪ੍ਰੈਲ (ਭੂਸ਼ਨ ਘੜੈਲਾ / ਰਾਜੂ ਮਹਿਰਾ) : ਜ਼ਿਲ੍ਹਾ ਬਠਿੰਡਾ ਦੇ ਪਿੰਡ ਪਿੱਥੋ ਵਿਚ ਪਿੰਡ ਤੋਂ ਲਗਭਗ ਇੱਕ ਕਿਲੋਮੀਟਰ ਦੂਰ ਖੇਤਾਂ ਵਿੱਚ ਰਹਿੰਦੇ ਇੱਕ ਕਿਸਾਨ ਪਰਿਵਾਰ ਦੇ ਘਰ ਉੱਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਵੱਡਾ ਨੁਕਸਾਨ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਵਿੱਚ ਪਰਿਵਾਰ ਦਾ ਲਗਭਗ ਅੱਠ ਤੋਂ ਦਸ ਲੱਖ ਰੁਪਏ ਤੱਕ ਦਾ ਸਮਾਨ ਸੜ ਕੇ ਖ਼ਾਕ ਹੋ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਰਿਵਾਰ ਦੇ ਮੁਖੀ ਬਲਵਿੰਦਰ ਸਿੰਘ ਪੁੱਤਰ ਭਜਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਤਕਰੀਬਨ ਕਈ ਸਾਲਾਂ ਤੋਂ ਆਪਣੇ ਖੇਤਾਂ ਵਿੱਚ ਹੀ ਰਹਿ ਰਹੇ ਹਨ। ਉਨ੍ਹਾਂ ਮੁਤਾਬਕ ਪਿਛਲੀ ਰਾਤ ਅਚਾਨਕ ਮੌਸਮ ਖਰਾਬ ਹੋ ਗਿਆ ਅਤੇ ਗਰਜ-ਚਮਕ ਦੇ ਨਾਲ ਤੇਜ਼ ਮੀਂਹ ਪੈਣਾ ਸ਼ੁਰੂ ਹੋ ਗਿਆ। ਇਸ ਦੌਰਾਨ ਇੱਕ ਬਹੁਤ ਹੀ ਤੀਖੀ ਬਿਜਲੀ ਦੀ ਕੜਕ ਨਾਲ ਉਨ੍ਹਾਂ ਦੇ ਘਰ ਅਤੇ ਮੋਟਰਾਂ ਉੱਤੇ ਅਸਮਾਨੀ ਬਿਜਲੀ ਡਿੱਗ ਗਈ। ਬਲਵਿੰਦਰ ਸਿੰਘ ਨੇ ਦੱਸਿਆ ਕਿ ਬਿਜਲੀ ਡਿੱਗਣ ਕਾਰਨ ਉਨ੍ਹਾਂ ਦੇ ਘਰ ਦੀ ਪੂਰੀ ਬਿਜਲੀ ਫਿਟਿੰਗ ਸੜ ਗਈ। ਇਸ ਦੇ ਨਾਲ ਹੀ 3 ਮੋਟਰਾਂ, ਸਬਮਰਸੀਵਲ ਪੰਪ, ਜੈਂਪਰ ਅਤੇ ਹੋਰ ਖੇਤੀਬਾੜੀ ਨਾਲ ਸੰਬੰਧਿਤ ਸਾਜ਼ੋ-ਸਮਾਨ ਵੀ ਬੁਰੀ ਤਰ੍ਹਾਂ ਨੁਕਸਾਨ ਹੋ ਗਿਆ। ਘਰ ਦੇ ਅੰਦਰ ਮੌਜੂਦ ਫਰਿਜ, ਕੂਲਰ ਅਤੇ ਹੋਰ ਘਰੇਲੂ ਉਪਕਰਣ ਵੀ ਸੜ ਕੇ ਨਸ਼ਟ ਹੋ ਗਏ। ਉਨ੍ਹਾਂ ਅਨੁਸਾਰ ਇਹ ਨੁਕਸਾਨ ਘੱਟੋ-ਘੱਟ ਦਸ ਲੱਖ ਰੁਪਏ ਦੇ ਕਰੀਬ ਬਣਦਾ ਹੈ, ਜੋ ਕਿ ਇੱਕ ਆਮ ਕਿਸਾਨ ਪਰਿਵਾਰ ਲਈ ਬਹੁਤ ਵੱਡਾ ਆਰਥਿਕ ਝਟਕਾ ਹੈ। ਇਸ ਘਟਨਾ ਤੋਂ ਬਾਅਦ ਪਰਿਵਾਰ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਉਹਨਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਕੋਲੋਂ ਮਾਲੀ ਮਦਦ ਦੀ ਮੰਗ ਕੀਤੀ ਹੈ। ਪਿੰਡ ਵਾਸੀਆਂ ਨੇ ਵੀ ਇਸ ਘਟਨਾ @ਤੇ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਖੇਤਾਂ ਵਿੱਚ ਰਹਿੰਦੇ ਕਿਸਾਨਾਂ ਲਈ ਇਸ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਯੋਗ ਬੰਨ੍ਹਬਸਤ ਕਰਨ ਦੀ ਲੋੜ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਪ੍ਰਭਾਵਿਤ ਪਰਿਵਾਰ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਨੁਕਸਾਨ ਦੀ ਭਰਪਾਈ ਕਰ ਸਕਣ।ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਘਰ ਦੀ ਬਿਜਲੀ ਦਾ ਸਾਰਾ ਉਪਕਰਨ ਅਤੇ ਫਿਟਿੰਗ ਸੜਨ ਕਾਰਨ ਹਨੇਰੇ ਵਿੱਚ ਰਾਤਾਂ ਕੱਟਣੀਆਂ ਪੈ ਰਹੀਆਂ ਹਨ। ਇਸ ਮੌਕੇ ਪੀੜਤ ਕਿਸਾਨ ਦਾ ਪਤਾ ਲੈਣ ਆਏ ਲੋਕਾਂ ਦਾ ਕਹਿਣਾ ਹੈ ਕਿ ਇਹ ਘਟਨਾ ਇਕ ਵਾਰ ਫਿਰ ਦਰਸਾਉਂਦੀ ਹੈ ਕਿ ਕੁਦਰਤੀ ਆਫ਼ਤਾਂ ਕਿਸੇ ਵੀ ਸਮੇਂ ਕਿਸੇ ਵੀ ਪਰਿਵਾਰ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਇਸ ਲਈ ਸੁਰੱਖਿਆ ਉਪਾਅ ਅਤੇ ਸਰਕਾਰੀ ਸਹਾਇਤਾ ਬਹੁਤ ਜ਼ਰੂਰੀ ਹੈ।

## ਆਰੀਆ ਭੱਟ ਕਾਲਜ ਦੇ ਵਿਦਿਆਰਥੀਆਂ ਨੇ ਜ਼ਿੰਦਗੀ ਜ਼ਿੰਦਾਬਾਦ ਸਮਾਗਮ ਵਿੱਚ ਦਿਖਾਇਆ ਹੁਨਰ



ਬਰਨਾਲਾ, 4 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਆਰੀਆਭੱਟ ਕਾਲਜ, ਬਰਨਾਲਾ ਵੱਲੋਂ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਸਾਂਸਕ੍ਰਿਤਿਕ ਗਤੀਵਿਧੀਆਂ ਨਾਲ ਜੋੜਨ ਦੇ ਉਦੇਸ਼ ਨਾਲ ‘ਜ਼ਿੰਦਗੀ ਜ਼ਿੰਦਾਬਾਦ - ਨਸ਼ੇ ਨੂੰ ਨਾਂਹ, ਜ਼ਿੰਦਗੀ ਨੂੰ ਹਾਂ ਸਮਾਗਮ ਵਿੱਚ ਭਾਗ ਲੈਣ ਲਈ ਵਿਦਿਆਰਥੀ ਟੀਮ ਭੇਜੀ ਗਈ। ਇਸ ਸਮਾਗਮ ਵਿੱਚ ਕਾਲਜ ਦੇ ਤਿੰਨ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਆਪਣੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਗ ਲੈਣ ਵਾਲੇ ਵਿਦਿਆਰਥੀਆਂ ਵਿੱਚ ਮਾਨਸੀ ਗਰਗ (ਬੀ.ਕਾਮ ਦੂਜਾ ਸਮੈਸਟਰ), ਜਸਲੀਨ ਕੌਰ (ਬੀ.ਏ ਚੌਥਾ ਸਮੈਸਟਰ) ਅਤੇ ਤਰਨਜੀਤ ਸਿੰਘ (ਬੀ.ਏ ਚੌਥਾ ਸਮੈਸਟਰ) ਸ਼ਾਮਲ ਸਨ। ਇਹਨਾਂ ਵਿਦਿਆਰਥੀਆਂ ਨੇ ਆਪਣੇ ਟੈਲੇਂਟ ਅਤੇ ਯੋਗਤਾਵਾਂ ਰਾਹੀਂ ਸਮਾਗਮ ਵਿੱਚ ਪ੍ਰਭਾਵਸ਼ਾਲੀ ਹਾਜ਼ਰੀ ਦਰਜ ਕਰਵਾਈ। ਟੀਮ ਦੇ ਨਾਲ ਵਣਜ ਅਤੇ ਪ੍ਰਬੰਧਨ ਵਿਭਾਗ ਦੀ ਅਧਿਆਪਿਕਾ ਮਿਸ ਬਿਮਲਾ ਰਾਣੀ ਨੇ ਸਾਥ ਦਿੱਤਾ ਅਤੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਪ੍ਰਦਾਨ ਕੀਤਾ। ਇਸ ਤੋਂ ਇਲਾਵਾ ਕਲਚਰਲ ਕੋਆਰਡੀਨੇਟਰ ਅਤੇ ਨੋਡਲ ਅਫਸਰ ਪ੍ਰੋ. ਸੁਖਪ੍ਰੀਤ ਸਿੰਘ, ਕਾਮਰਸ ਅਤੇ ਮੈਨੇਜਮੈਂਟ ਵਿਭਾਗ ਦੀ ਮੁਖੀ ਡਾ. ਜਸ਼ਨਜੋਤ ਅਤੇ ਆਰਟਸ ਅਤੇ ਹਿਊਮੈਨਿਟੀਜ਼ ਵਿਭਾਗ ਦੀ ਮੁਖੀ ਪ੍ਰੋ. ਭਾਵੁਕਤਾ ਸ਼ਰਮਾ ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਨੇ ਬੇਹਤਰੀਨ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਬੰਧਨ ਵੱਲੋਂ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਯੋਗਤਾ ਨਿਖਾਰਨ ਲਈ ਵਧੀਆ ਮੰਚ ਪ੍ਰਦਾਨ ਕਰਦੇ ਹਨ। ਪ੍ਰਬੰਧਨ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸਰਾਹਨਾ ਕਰਦੇ ਹੋਏ ਭਵਿੱਖ ਵਿੱਚ ਵੀ ਐਸੀ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਹ ਗਤੀਵਿਧੀ ਕਾਲਜ ਪ੍ਰਬੰਧਨ ਦੇ ਮਾਰਗਦਰਸ਼ਨ ਹੇਠ ਆਯੋਜਿਤ ਕੀਤੀ ਗਈ, ਜਿਸ ਵਿੱਚ ਚੇਅਰਮੈਨ ਏ.ਆਰ. ਰਾਕੇਸ਼ ਗੁਪਤਾ, ਡਾਇਰੈਕਟਰ ਡਾ. ਅਜੈ ਮਿੱਤਲ ਅਤੇ ਡੀਨ ਅਕਾਦਮਿਕ ਡਾ. ਭਵੇਤ ਗਰਗ ਵੱਲੋਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਕੈਲਾਸ਼ ਗੋਇਲ ਨਮਿਤ ਭੋਗ ’ਤੇ ਅੰਤਿਮ ਅਰਦਾਸ ਅੱਜ



ਬਰਨਾਲਾ, 4 ਅਪ੍ਰੈਲ (ਹਮੀਰ ਸਿੰਘ) : ਸ਼ਹਿਰ ਦੀ ਮਾਣਯੋਗ ਸ਼ਖ਼ਸੀਅਤ ਸ੍ਰੀਮਤੀ ਕੈਲਾਸ਼ ਗੋਇਲ (1953-2026), ਪਤਨੀ ਰਾਕੇਸ਼ ਸਿੰਗਲਾ, ਦਾ 24 ਮਾਰਚ 2026 ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਲਾਕੇ ਵਿੱਚ ਸ਼ੋਕ ਦੀ ਲਹਿਰ ਪਾਈ ਜਾ ਰਹੀ ਹੈ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਭੋਗ ਅਤੇ ਅੰਤਿਮ ਅਰਦਾਸ 5 ਅਪ੍ਰੈਲ 2026 ਨੂੰ ਦੁਪਹਿਰ 1:00 ਤੋਂ 2:00 ਵਜੇ ਤੱਕ ਸ਼ਾਂਤੀ ਹਾਲ, ਰਾਮਬਾਗ, ਬਰਨਾਲਾ ਵਿੱਚ ਹੋਵੇਗੀ। ਸਮੂਹ ਪਰਿਵਾਰ ਵੱਲੋਂ ਸਾਰੇ ਸਨੇਹੀਆਂ, ਰਿਸ਼ਤੇਦਾਰਾਂ ਅਤੇ ਜਾਣ-ਪਹਿਚਾਣ ਵਾਲਿਆਂ ਨੂੰ ਇਸ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ। ਸ਼ੋਕ ਸੰਦੇਸ਼ ਦੇਣ ਵਾਲਿਆ ਵਿਚ ਰਾਕੇਸ਼ ਸਿੰਗਲਾ (ਪਤੀ) , ਵਿਜੇ ਸਿੰਗਲਾ- ਨਰੇਸ਼ ਰਾਣੀ (ਦੇਵਰ-ਦੇਵਰਾਣੀ), ਡਾ. ਰੁਪੇਸ਼ ਸਿੰਗਲਾ- ਡਾ. ਪਲਵੀਂ (ਸਪੁੱਤਰ- ਨੂੰਹ), ਡਾ. ਮੁਨੀਸ਼ ਸਿੰਗਲਾ- ਡਾ. ਬਾਲਿਕਾ (ਸਪੁੱਤਰ- ਨੂੰਹ) , ਅਨੁਰਾਧਾ ਅਤੇ ਸੁਭਾਸ਼ ਬਾਂਸਲ (ਧੀ- ਜਵਾਈ ) ਅਤੇ ਸਮੂਹ ਪਰਿਵਾਰਕ ਮੈਂਬਰ ਸ਼ਾਮਲ ਹਨ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ੍ਰੀਮਤੀ ਕੈਲਾਸ਼ ਗੋਇਲ ਇੱਕ ਧਾਰਮਿਕ ਅਤੇ ਸੇਵਾਭਾਵੀ ਸ਼ਖ਼ਸੀਅਤ ਸਨ, ਜਿਨ੍ਹਾਂ ਦੀ ਕਮੀ ਹਮੇਸ਼ਾਂ ਮਹਿਸੂਸ ਕੀਤੀ ਜਾਵੇਗੀ।

## ਤਪਾ ਰੇਡੀਮੇਡ ਅਤੇ ਜਨਰਲ ਮਰਚੈਂਟ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ



ਤਪਾ ਮੰਡੀ, 4 ਅਪ੍ਰੈਲ (ਭੂਸ਼ਨ ਘੜੈਲਾ / ਰਾਜੂ ਮਹਿਰਾ) : ਸ਼ਹਿਰ ਦੀ ਬਸਾਤੀ ਐਸੋਸੀਏਸ਼ਨ ਤਪਾ ਦੀ ਰੇਡੀਮੇਡ ਅਤੇ ਜਨਰਲ ਮਰਚੈਂਟ ਤਪਾ ਦੀ ਇੱਕ ਜਨਰਲ ਮੀਟਿੰਗ ਤਪਾ ਦੀ ਅਗਰਵਾਲ ਧਰਮਸ਼ਾਲਾ ਵਿਖੇ ਕਾਰਜਕਾਰੀ ਪ੍ਰਧਾਨ ਅਸ਼ੋਕ ਘੜੈਲਾ ਅਤੇ ਚੇਅਰਮੈਨ ਸੰਦੀਪ ਕੁਮਾਰ ਵਿੱਕੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਐਸੋਸੀਏਸ਼ਨ ਦੀ ਚੋਣ ਸਮੇਤ ਤੇ ਹੋਰ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਦਰਸ਼ਨ ਤਨੇਜਾ ( ਬੱਬੂ ਤਨੇਜਾ) ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ ਓਹਨਾ ਵੱਲੋਂ ਸੰਦੀਪ ਕੁਮਾਰ ਵਿੱਕੀ ਨੂੰ ਚੇਅਰਮੈਨ, ਅਸ਼ੋਕ ਘੜੈਲਾ ਸਰਪ੍ਰਸਤ, ਨੋਨੂੰ ਮੌੜ ਨੂੰ ਵਾਇਸ ਪ੍ਰਧਾਨ, ਮੰਗੂ ਮੌੜ ਨੂੰ ਸੈਕਟਰੀ ਅਤੇ ਨੀਤਨ ਗਰਗ ਨੂੰ ਕੈਸ਼ੀਅਰ ਅਤੇ ਜੁਆਇੰਟ ਸਕੱਤਰ ਪਵਨ ਕੁਮਾਰ ਚੁਣਿਆ ਗਿਆ ਅਤੇ ਬਾਕੀ ਅਹੁਦੇਦਾਰਾਂ ਨੂੰ ਚੁਣਨ ਦਾ ਅਧਿਕਾਰ ਦਿੱਤਾ ਗਿਆ ਇਸ ਸਰਬਸੰਮਤੀ ਨਾਲ ਮਹੀਨੇ ਦਾ ਪਹਿਲਾ ਐਤਵਾਰ ਬੰਦ ਰੱਖਣ ਦਾ ਵੀ ਫੈਸਲਾ ਲਿਆ ਗਿਆ ਅਤੇ ਐਸੋਸੀਏਸ਼ਨ ਦੇ ਦੁਕਾਨਦਾਰਾ ਦੇ ਹੱਕ ਵਿੱਚ ਹੋਰ ਫੈਸਲੇ ਵੀ ਲਏ ਗਏ ਇਸ ਮੌਕੇ ਨਵੇਂ ਬਣੇ ਪ੍ਰਧਾਨ ਵੱਲੋਂ ਐਸੋਸੀਏਸ਼ਨ ਦੇ ਮੈਂਬਰਾ ਦਾ ਮੁਸ਼ਕਿਲ ਵਿੱਚ ਡਟ ਕੇ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ ਓਥੇ ਹੀ ਐਸੋਸੀਏਸ਼ਨ ਨੂੰ ਇਕਜੁੱਟ ਹੋ ਕੇ ਨਵੀਂ ਕਮੇਟੀ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ ਗਈ । ਇਸ ਮੌਕੇ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਸ਼ੋਕ ਘੜੈਲਾ, ਕਾਲਾ ਰੇਡੀਮੇਡ ਵਾਲਾ, ਮੱਖਣ ਸਿੰਗਲਾ, ਵਿਜੇ ਬੂਟਾ ਵਾਲਾ,ਜੱਗੀ ਰੇਡੀਮੇਡ ਵਾਲਾ,ਸੰਦੀਪ ਕੁਮਾਰ ਰਿੰਕੂ, ਯੋਗੀ ਘੜੈਲਾ, ਦੀਪੀ ਮੌੜ, ਸਾਹਿਲ ਮੌੜ, ਸਤੀਸ਼ ਕੁਮਾਰ, ਹੈਰੀ ਘੜੈਲਾ, ਗੋਪਾਲ ਬਦਰਾ, ਗਗਨ ਮਿੱਤਲ, ਪੱਪੂ ਅਰੋੜਾ, ਸੰਗਮ, ਨਵੀਨ ਅਰੋੜਾ, ਹੈਪੀ ਬਾਂਸਲ, ਅਮਨ ਸੁਨਾਮੀਆਂ, ਰਾਜੂ ਤਨੇਜਾ, ਰਾਮ ਲਾਲ ਸ਼ੇਰ, ਸੁਨੀਲ ਕੁਮਾਰ, ਰੋਹਿਤ ਜੈਨ, ਹਰੀਸ਼ ਤਨੇਜਾ, ਮਨੀਸ਼ ਤਨੇਜਾ, ਗੋਪਾਲ ਜੈਨ, ਲਵਲੀ ਮੌੜ, ਸੰਜੀਵ ਬਾਂਸਲ ਪਪਲਾ, ਰੌਕੀ ਕੁਮਾਰ, ਟਿੰਕੂ ਰੇਡੀਮੇਡ, ਪਵਨ ।ਕੁਮਾਰ, ਰੋਹਿਤ ਕੁਮਾਰ, ਗੁਰੀ , ਗੋਰਾ ਲਾਲ, ਦਰਸ਼ਨ ਕੁਮਾਰ ਗੋਲਾ, ਆਦਿ ਐਸੋਸੀਏਸ਼ਨ ਦੇ ਮੈਂਬਰ ਵੱਡੀ ਗਿਣਤੀ ਵਿਚ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਬੇ-ਮੌਸਮੀ ਬਾਰਿਸ਼ ਨੇ ਕਣਕ ਦੀਆਂ ਪੱਕੀਆਂ ਫ਼ਸਲਾਂ ਦਾ ਕੀਤਾ ਭਾਰੀ ਨੁਕਸਾਨ

**ਮੌਸਮ ਵਿਭਾਗ ਵੱਲੋਂ ਅਗਲੇ ਕਈ ਦਿਨਾਂ ਤੱਕ ਮੀਂਹ ਅਤੇ ਤੇਜ਼ ਹਵਾਵਾਂ ਦਾ ਅਲਰਟ, ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ**

ਦੇਵੀਗੜ੍ਹ, 4 ਅਪ੍ਰੈਲ (ਗੁਰਜੀਤ ਸਿੰਘ ਢੋਟ) : ਬੇ-ਮੌਸਮੀ ਬਾਰਿਸ਼ ਨੇ ਕਣਕਾਂ ਦੀਆਂ ਪੱਕੀਆਂ ਫਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ, ਜਿਸ ਨਾਲ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਣ ਦਾ ਅੰਦਾਜ਼ਾ ਹੈ ਅਤੇ ਝਾੜ ਉੱਤੇ ਅਸਰ ਪੈਣ ਦਾ ਵੀ ਖਦਸ਼ਾ ਜਤਾਇਆ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਛਾਈ ਹੋਈ ਹੈ ਖੇਤਾਂ ਵਿੱਚ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਚੁੱਕੀ ਹੈ ਅਤੇ ਕੁਦਰਤ ਵੀ ਕਿਸਾਨਾਂ ਦਾ ਇਮਤਿਹਾਨ ਲੈ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਭੁਪਿੰਦਰ ਸਿੰਘ ਮਸੀਂਗਣ ਨੇ ਪੱਤਰਕਾਰਾਂ ਦੇ ਰੂਬਰੂ ਹੁੰਦੇ ਕੀਤਾ। ਉਹਨਾਂ ਕਿਹਾ ਕਿ ਬਾਰਿਸ਼ ਅਤੇ ਤੇਜ਼ ਹਵਾਵਾਂ ਨਾਲ ਫਸਲਾਂ ਦਾ ਜਮੀਨ ਉੱਤੇ ਵਿਛ ਜਾਣ ਨਾਲ ਕਣਕ ਦਾ ਝਾੜ ਘੱਟਣ ਦਾ ਖਦਸ਼ਾ ਵੱਧ ਗਿਆ ਹੈ ਤੇ ਮੌਸਮ ਵਿਭਾਗ ਨੇ ਅਗਲੇ ਕੁਝ ਦਿਨ ਹੋਰ ਬਾਰਿਸ਼ ਅਤੇ ਤੇਜ਼ ਹਵਾਵਾਂ ਦਾ ਅਲਟ ਜਾਰੀ ਕੀਤਾ ਹੈ ਜਿਸ ਨਾਲ ਕਿਸਾਨਾਂ ਦੀਆਂ ਚਿੰਤਾਵਾਂ ਹੋਰ ਵੱਧ ਗਈਆਂ ਹਨ। ਉਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੋਏ ਇਸ ਨੁਕਸਾਨ ਲਈ 500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਾ ਐਲਾਨ ਕਰੇ ਤਾਂ ਜੋ ਕਿਸਾਨਾਂ ਦੇ ਘਾਟੇ ਨੂੰ ਕੁਝ ਪੂਰਾ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਜਿੱਥੇ ਕਿ ਕੁਦਰਤ ਕਿਸਾਨਾਂ ਦੇ ਨਾਲ ਨਾਰਾਜ਼ ਜਾਪ ਰਹੀ ਹੈ ਉੱਤੇ ਹੀ ਆੜਤੀਏ ਅਤੇ ਸਰਕਾਰਾਂ ਦੇ ਬੇਰੁਖੀ ਦਾ ਵੀ ਕਿਸਾਨ ਨਤੀਜਾ ਭੁਗਤ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਅੱਜ ਮੌਸਮ ਨੂੰ ਦੇਖਦੇ ਹੋਏ ਕਣਕ ਦੀ ਬੋਲੀ ਜਲਦੀ ਸ਼ੁਰੂ ਕਰਵਾ ਕੇ ਕਿਸਾਨਾਂ ਦੀਆਂ ਫਸਲਾਂ ਨੂੰ ਸਾਂਭਿਆ ਜਾਵੇ ਤਾਂ ਜੋ ਕਿਸਾਨ ਕੁਝ ਰਾਹਤ ਮਹਿਸੂਸ ਕਰ ਸਕਣ। ਉਹਨਾਂ ਕਿਹਾ ਕਿ ਕਿਸਾਨੀ ਤਾਂ ਪਹਿਲਾਂ ਹੀ ਬਹੁਤ ਘਾਟੇ ਦੇ ਘਰ ਵਿੱਚ ਹੈ ਅਤੇ ਉੱਤੋਂ ਕੁਦਰਤ ਅਤੇ ਸਰਕਾਰਾਂ ਦੀਆਂ ਮਾਰਾਂ ਨਾਲ ਕਿਸਾਨੀ ਹੋਰ ਨਿਘਾਰ ਵੱਲ ਜਾ ਰਹੀ ਹੈ ਜੋ ਕਿ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਕਿ ਸਮਾਂ ਰਹਿੰਦਿਆਂ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਵਿਚਾਰ ਕਰਨ ਦੀ ਬੇਹੱਦ ਲੋੜ ਹੈ।



## ਪਟਿਆਲਾ ਜ਼ਿਲ੍ਹਾ ਅੰਡਰ-19 ਕ੍ਰਿਕਟ ਟੀਮ ਲੜਕਿਆਂ ਲਈ ਟਰਾਇਲ ਅੱਜ

ਪਟਿਆਲਾ, 4 ਅਪ੍ਰੈਲ (ਚ.ਨ.ਸ.) : ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਪਟਿਆਲਾ ਸਬ-ਕਮੇਟੀ ਵੱਲੋਂ ਪਟਿਆਲਾ ਜ਼ਿਲ੍ਹੇ ਦੀ ਅੰਡਰ-19 ਕ੍ਰਿਕਟ ਟੀਮ ਲੜਕਿਆਂ ਦੀ ਚੋਣ ਕਰਨ ਲਈ ਟਰਾਇਲ ਆਯੋਜਿਤ ਕੀਤੇ ਜਾ ਰਹੇ ਹਨ, ਜੋ ਕਿ 5 ਅਪ੍ਰੈਲ, 2026 ਨੂੰ ਸਵੇਰੇ 9 ਵਜੇ ਤੋਂ ਧਰੁਵ ਪਾਂਡਵ ਸਟੇਡੀਅਮ, ਪਟਿਆਲਾ ਵਿਖੇ ਹੋਣਗੇ ਅਤੇ ਚੁਣੀ ਜਾਣ ਵਾਲੀ ਟੀਮ ਆਗਾਮੀ ਪੰਜਾਬ ਸਟੇਟ ਇੰਟਰ-ਡਿਸਟ੍ਰਿਕਟ ਅੰਡਰ-19 ਵਨ ਡੇ ਟੂਰਨਾਮੈਂਟ ਸੀਜ਼ਨ 2026-2027 ਵਿੱਚ ਹਿੱਸਾ ਲਵੇਗੀ। ਸਾਰੇ ਖਿਡਾਰੀ, ਜਿਨ੍ਹਾਂ ਦਾ ਜਨਮ 1 ਸਤੰਬਰ 2007 ਨੂੰ ਜਾਂ ਉਸ ਤੋਂ ਬਾਅਦ ਹੋਇਆ ਹੈ ਅਤੇ ਜੋ 2026-27 ਟੂਰਨਾਮੈਂਟ ਤੋਂ ਪਹਿਲਾਂ ਘੱਟੋ-ਘੱਟ ਇੱਕ ਸਾਲ (1 ਸਤੰਬਰ 2025 ਜਾਂ ਉਸ ਤੋਂ ਪਹਿਲਾਂ) ਤੋਂ ਪਟਿਆਲਾ ਜ਼ਿਲ੍ਹੇ ਦੀ ਹੱਦ ਵਿੱਚ ਰਹਿ ਰਹੇ ਹਨ ਜਾਂ ਪੜ੍ਹ ਰਹੇ ਹਨ, ਇਨ੍ਹਾਂ ਟ੍ਰਾਇਲਾਂ ਵਿੱਚ ਭਾਗ ਲੈਣ ਦੇ ਯੋਗ ਹਨ। ਖਿਡਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਯੋਗਤਾ ਸਬੰਧੀ ਅਸਲ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਡਿਜੀਟਲ ਜਨਮ ਸਰਟੀਫਿਕੇਟ, ਪ੍ਰਮਾਣ ਪੱਤਰ, ਆਧਾਰ ਕਾਰਡ ਅਤੇ ਮੌਜੂਦਾ ਸੀਜ਼ਨ (2026-2027) ਲਈ ਸਕੂਲ ਦਾ ਬੋਨਾਫਾਈਡ ਸਰਟੀਫਿਕੇਟ, ਜਿਸ ਵਿੱਚ ਸਕੂਲ ਦਾਖਲਾ ਨੰਬਰ ਅਤੇ ਦਾਖਲਾ ਮਿਤੀ ਸਪੱਸ਼ਟ ਹੋਵੇ ਨਾਲ ਲੈ ਕੇ ਆਉਣ। ਇਸ ਤੋਂ ਇਲਾਵਾ ਖਿਡਾਰੀਆਂ ਨੂੰ ਅਕੈਡਮਿਕ ਸੈਸ਼ਨ 2025-26 ਦਾ ਐਡਮਿਟ ਕਾਰਡ/ਮਾਰਕਸ਼ੀਟ (ਓਪਨ ਸਕੂਲ ਉਮੀਦਵਾਦ ਯੋਗ ਨਹੀਂ ਹਨ), ਇੱਕ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਅਤੇ ਉਪਰੋਕਤ ਸਾਰੇ ਦਸਤਾਵੇਜ਼ਾਂ ਦੀ ਫੋਟੋਕਾਪੀਆਂ ਦਾ ਇੱਕ ਸੈੱਟ ਵੀ ਨਾਲ ਲਿਆਉਣਾ ਜ਼ਰੂਰੀ ਹੈ।

## ਧੋਬੀ ਘਾਟ ਇਲਾਕੇ ਦੇ ਨਿਵਾਸੀਆਂ ਨੂੰ ਮਿਲੇਗੀ ਪਾਣੀ ਦੀ ਕਿੱਲਤ ਤੋਂ ਰਾਹਤ

**➢ਮੇਅਰ ਕੁੰਦਨ ਗੋਗੀਆ ਵੱਲੋਂ ਨਵੇਂ ਟਿਊਬਵੈੱਲ ਦਾ ਉਦਘਾਟਨ**



ਪਟਿਆਲਾ, 4 ਅਪ੍ਰੈਲ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੇ ਧੋਬੀ ਘਾਟ ਇਲਾਕੇ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਦੀ ਸਮੱਸਿਆ ਨੂੰ ਹੱਲ ਕਰਦਿਆਂ ਅੱਜ ਮੇਅਰ ਕੁੰਦਨ ਗੋਗੀਆ ਵੱਲੋਂ ਇੱਕ ਨਵੇਂ ਟਿਊਬਵੈੱਲ ਦਾ ਉਦਘਾਟਨ ਕੀਤਾ ਗਿਆ। ਇਸ ਉਪਰਾਲੇ ਨਾਲ ਇਲਾਕਾ ਨਿਵਾਸੀਆਂ ਨੂੰ ਜਲਦ ਪਾਣੀ ਦੀ ਘਾਟ ਤੋਂ ਵੱਡੀ ਰਾਹਤ ਮਿਲੇਗੀ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਸੁਧਾਰ ਹੋਵੇਗਾ। ਉਦਘਾਟਨ ਮੌਕੇ ਸੰਬੋਧਨ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਧੋਬੀ ਘਾਟ ਇਲਾਕੇ ਦੇ ਲੋਕਾਂ ਨੂੰ ਪਿਛਲੇ ਕੁਝ ਸਮੇਂ ਤੋਂ ਪਾਣੀ ਦੇ ਘੱਟ ਪ੍ਰੈਸ਼ਰ ਅਤੇ ਕਿੱਲਤ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਇਸ ਜਾਇਜ਼ ਮੰਗ ਨੂੰ ਮੁੱਖ ਰੱਖਦਿਆਂ ਨਗਰ ਨਿਗਮ ਨੇ ਤੁਰੰਤ ਇਸ ਟਿਊਬਵੈੱਲ ਦੇ ਪ੍ਰੋਜੈਕਟ ਸ਼ੁਰੂ ਕਰਵਾਇਆ ਗਿਆ ਹੈ। ਇਹ ਕਦਮ ਸਾਫ਼ ਪਾਣੀ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਯੋਗਦਾਨ ਹੈ। ਮੇਅਰ ਨੇ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਨੂੰ ਦਰੁਸਤ ਕਰਨ ਲਈ ਲਗਾਤਾਰ ਕੰਮਕਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਇਨ੍ਹਾਂ ਪ੍ਰੋਜੈਕਟਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਗਰਮੀਆਂ ਦੇ ਸੀਜ਼ਨ ਵਿੱਚ ਲੋਕਾਂ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਭਰੋਸਾ ਦਿੱਤਾ ਕਿ ਪਟਿਆਲਾ ਦੇ ਕਿਸੇ ਵੀ ਕੋਨੇ ਵਿੱਚ ਪਾਣੀ ਦੀ ਸਮੱਸਿਆ ਨਹੀਂ ਰਹਿਣ ਦਿੱਤੀ ਜਾਵੇਗੀ। ਮੇਅਰ ਕੁੰਦਨ ਗੋਗੀਆ ਨੇ ਦੁਹਰਾਇਆ ਕਿ ਉਹ ਪਟਿਆਲਾ ਵਾਸੀਆਂ ਦੀ ਸੇਵਾ ਲਈ 24 ਘੰਟੇ ਹਾਜ਼ਰ ਹਨ। ਇਸ ਮੌਕੇ ਨਗਰ ਨਿਗਮ ਦੇ ਐਸਈ ਚੋਪੜਾ, ਜੇ.ਈ. ਰਾਜੇਸ਼ ਕੁਮਾਰ, ਜਗਦੀਸ਼ ਕੁਮਾਰ ਪ੍ਰਧਾਨ ਧੋਬੀ ਘਾਟ, ਵਾਰਡ ਦੇ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

## ਸਮਾਣਾ ਅਨਾਜ ਮੰਡੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਦੀਪ ਗਰਗ ਸੰਜੂ ਵੱਲੋਂ ਚੇਅਰਮੈਨ ਬਰਸਟ ਨਾਲ ਮੁਲਾਕਾਤ

ਸਮਾਣਾ, 4 ਅਪ੍ਰੈਲ (ਜਵੰਦਾ) : ਆੜ੍ਹਤੀ ਐਸੋਸੀਏਸ਼ਨ ਸਮਾਣਾ ਦੇ ਮੌਜੂਦਾ ਸਰਪ੍ਰਸਤ ਅਤੇ ਸਾਬਕਾ ਪ੍ਰਧਾਨ ਸੰਦੀਪ ਗਰਗ 'ਸੰਜੂ' ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨਾਲ ਸਮਾਣਾ ਦਫਤਰ ਵਿਖੇ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਸੰਦੀਪ ਗਰਗ 'ਸੰਜੂ' ਵੱਲੋਂ ਸਮਾਣਾ ਅਨਾਜ ਮੰਡੀ ਨਾਲ ਜੁੜੀਆਂ ਅਹਿਮ ਸਮੱਸਿਆਵਾਂ ਚੇਅਰਮੈਨ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ। ਉਨ੍ਹਾਂ ਨੇ ਮੰਡੀ ਵਿੱਚ ਚਾਰ ਦਿਵਾਰੀ ਦੀ ਕਮੀ, ਫੜ੍ਹਾਂ ਦੀ ਘਾਟ, ਸੜਕਾਂ ਦੀ ਖਰਾਬ ਹਾਲਤ ਅਤੇ ਕੰਟੀਨ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਕਮੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।



ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸ੍ਰੀ ਸੰਦੀਪ ਗਰਗ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਭਰੋਸਾ ਦਿਵਾਇਆ ਕਿ ਸਮਾਣਾ ਅਨਾਜ ਮੰਡੀ ਦੀਆਂ ਸਮੱਸਿਆਵਾਂ ਦਾ ਜਲਦ ਹੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਅਤੇ ਸਹੂਲਤਾਂ ਨੂੰ ਸੁਧਾਰਨ ਲਈ ਲੋੜੀਂਦੇ ਕਦਮ ਉਠਾਏ ਜਾਣਗੇ, ਤਾਂ ਜੋ ਆੜ੍ਹਤੀਆਂ ਅਤੇ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ। ਇਸ ਮੌਕੇ ਸ਼ਾਮਲ ਲਾਲ ਦੱਤ, ਬਲਵਿੰਦਰ ਸਿੰਘ ਵੜੈਚ, ਸ਼ੰਕਰ ਜਿੰਦਲ, ਸੁਮੀਤ ਗਰਗ, ਵਿਨੋਦ ਗਰਗ ਅਤੇ ਹਰਿੰਦਰ ਸਿੰਘ ਧਬਲਾਨ ਵੀ ਮੌਜੂਦ ਰਹੇ।

## ਦੇਸੀ ਸ਼ਰਾਬ ਸਣੇ ਇੱਕ ਕਾਬੂ

ਸਮਾਣਾ, 4 ਅਪ੍ਰੈਲ (ਵਿਜੇ ਕੁਮਾਰ) : ਸਦਰ ਪੁਲਿਸ ਨੇ ਛਾਪੇਮਾਰੀ ਦੌਰਾਨ ਇੱਕ ਘਰ ਵਿੱਚੋਂ ਦੇਸੀ ਸ਼ਰਾਬ ਦੀਆਂ ਇੱਕ ਦਰਜਨ ਬੋਤਲਾਂ ਬਰਾਮਦ ਹੋਣ 'ਤੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਕੁਲਦੀਪ ਸਿੰਘ ਨਿਵਾਸੀ ਪਿੰਡ ਅਸਰਪੁਰ ਚੁਪਕੀ ਵਜੋਂ ਹੋਈ ਹੈ। ਮਾਮਲੇ ਦੇ ਜਾਂਚ ਅਧਿਕਾਰੀ ਏ.ਐੱਸ.ਆਈ. ਰਾਜਕੁਮਾਰ ਸ਼ਰਮਾ ਨੇ ਦੱਸਿਆ ਕਿ ਸਮਾਣਾ-ਪਟਿਆਲਾ ਰੋਡ 'ਤੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਅਸਰਪੁਰ ਚੁਪਕੀ ਨੇੜੇ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਮੁਲਜ਼ਮ ਦੇ ਘਰ ਛਾਪਾ ਮਾਰਿਆ ਗਿਆ ਅਤੇ ਪਸ਼ੂਆਂ ਦੇ ਵਾੜੇ ਵਿੱਚ ਛੁਪਾ ਕੇ ਰੱਖੀਆਂ ਦੇਸੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਕੀਤੀਆਂ ਗਈਆਂ।

## ਗਿਆਨੀ ਗੁਰਜੰਟ ਸਿੰਘ ਵੱਲੋਂ ਰਚਿਤ ਪੁਸਤਕ ਅਧਿਆਤਮ ਪ੍ਰਕਾਸ਼ ਪ੍ਰੋ. ਬਡੂੰਗਰ ਨੂੰ ਭੇਟ

**ਗੁਰਮਤਿ ਸਾਹਿਤ ਗਿਆਨ ਦਾ ਵਡਮੁੱਲਾ ਸੋਮਾ ਪੁਸਤਕ ਮਾਰਗ ਦਰਸ਼ਨ ਬਣੇਗੀ : ਪ੍ਰੋ. ਬਡੂੰਗਰ**



ਪਟਿਆਲਾ 4 ਅਪ੍ਰੈਲ (ਰੁਪਾਣਾ/ਅਮਰਜੀਤ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨਾਲ ਅੱਜ ਗਿਆਨੀ ਗੁਰਜੰਟ ਸਿੰਘ ਵੱਲੋਂ ਮੁਲਾਕਾਤ ਕੀਤੀ ਗਈ। ਇਸ ਮੌਕੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਇਸ ਮੁਲਾਕਾਤ ਦੌਰਾਨ ਕਈ ਪੁਸਤਕਾਂ ਦੇ ਰਚੇਤਾ ਗਿਆਨੀ ਗੁਰਜੰਟ ਸਿੰਘ ਨੇ ਆਪਣੀ ਨਵੀਂ ਰਚਿਤ ਪੁਸਤਕ 'ਅਧਿਆਤਮ ਪ੍ਰਕਾਸ਼' ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਭੇਟ ਕੀਤੀ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰਮਤਿ ਸਾਹਿਤ ਵਿਚ ਵਡਮੁੱਲੇ ਕਾਰਜ ਹੋ ਰਹੇ ਹਨ ਅਤੇ ਪੁਸਤਕਾਂ ਗਿਆਨ ਦਾ ਅਜਿਹਾ ਸੋਮਾ ਹਨ, ਜਿਸ ਵਿਚ ਗੁਰਮਤਿ ਸਾਹਿਤ ਨੂੰ ਸਾਂਭਣ ਦਾ ਉਪਰਾਲਾ ਗਿਆਨੀ ਗੁਰਜੰਟ ਸਿੰਘ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਜੰਟ ਸਿੰਘ ਹੁਣ ਤੱਕ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਗੁਰਮਤਿ ਸਾਹਿਤ ਅੰਦਰ ਦੇ ਕੇ ਚੁੱਕੇ ਹਨ ਅਤੇ ਉਨ੍ਹਾਂ ਦੀ ਨਵੀਂ ਪੁਸਤਕ ਅਧਿਆਤਮ ਪ੍ਰਕਾਸ਼ ਅੰਦਰ ਜਿੱਥੇ ਵਡਮੁੱਲਾ ਖ਼ਜ਼ਾਨਾ ਛੁਪਿਆ ਹੈ, ਉੱਥੇ ਹੀ ਪੁਸਤਕ ਸਾਰਿਆਂ ਦਾ ਮਾਰਗ ਦਰਸ਼ਨ ਵੀ ਕਰੇਗੀ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਗੁਰਦੁਆਰਾ ਪ੍ਰਬੰਧਕ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਮੈਨੇਜਰ ਭਾਗ ਸਿੰਘ ਆਦਿ ਨੇ ਗਿਆਨੀ ਗੁਰਜੰਟ ਸਿੰਘ ਹੋਰਾਂ ਨੂੰ ਸਿਰੋਪਾਉ ਵੀ ਭੇਟ ਕੀਤਾ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਭਾਈ ਅੰਮ੍ਰਿਤਪਾਲ ਸਿੰਘ, ਭਾਈ ਇਕਬਾਲ ਸਿੰਘ ਅਤੇ ਹੋਰ ਸਮੂਹ ਸਟਾਫ਼ ਮੈਂਬਰ ਆਦਿ ਵੀ ਸ਼ਾਮਲ ਸਨ।

**ਅਗਰਵਾਲ ਧਰਮਸ਼ਾਲਾ ਚੋਣਾਂ**

## ਲਵ ਕੁਮਾਰ ਗੋਇਲ ਜ਼ੋਨ 8 ਤੋਂ ਚੋਣ ਮੈਦਾਨ 'ਚ ਨਿੱਤਰੇ

ਸਮਾਣਾ, 4 ਅਪ੍ਰੈਲ (ਜਵੰਦਾ) : ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਲਈ ਰਾਮ ਕ੍ਰਿਸ਼ਨ ਪਰਮਹੰਸ ਜ਼ੋਨ 8 ਤੋਂ ਸ੍ਰੀ ਲਵ ਕੁਮਾਰ ਗੋਇਲ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਰੇ ਹਨ। ਲਵ ਕੁਮਾਰ ਗੋਇਲ ਨੂੰ ਇਕ ਨਰਮ ਦਿਲ, ਮਿਲਣਸਾਰ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਵਾਲੇ ਇਨਸਾਨ ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ, ਉਹ ਅਗਰਵਾਲ ਧਰਮਸ਼ਾਲਾ, ਮੰਦਰ ਅਤੇ ਸਕੂਲ ਵਿੱਚ ਚੱਲ ਰਹੇ ਕਾਰਜਾਂ ਲਈ ਵੀ ਸਮੇਂ-ਸਮੇਂ 'ਤੇ ਆਪਣਾ ਦਸਵੰਧ ਸੇਵਾ ਵਜੋਂ ਪਾਉਂਦੇ ਆ ਰਹੇ ਹਨ।ਉਨ੍ਹਾਂ ਨੇ ਜ਼ੋਨ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਬਹੁਮਤ ਨਾਲ ਜਿਤਾਉਣ ਅਤੇ ਭਰੋਸਾ ਦਿੱਤਾ ਕਿ ਉਹ ਸਭ ਦੇ ਵਿਸ਼ਵਾਸ 'ਤੇ ਖਰੇ ਉਤਰਨਗੇ।



## ਹੈਰੋਇਨ ਪੀ ਰਿਹਾ ਵਿਅਕਤੀ ਕਾਬੂ

ਸਮਾਣਾ 4 ਅਪ੍ਰੈਲ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਚਿੱਟਾ/ਹੈਰੋਇਨ ਪੀ ਰਹੇ ਇੱਕ ਵਿਅਕਤੀ ਨੂੰ ਲਾਈਟਰ, ਪੇਪਰ ਅਤੇ ਪੰਨੀ ਸਮੇਤ ਕਾਬੂ ਕਰਕੇ ਉਸ ਖਿਲਾਫ਼ ਐਨ.ਡੀ.ਪੀ.ਐਸ. ਐਕਟ ਦੀ ਧਾਰਾ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਜਸਵੀਰ ਸਿੰਘ ਨਿਵਾਸੀ ਪਿੰਡ ਮੁਰਾਦਪੁਰ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਰਾਜਵਿੰਦਰ ਕੌਰ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੜੈਚਾਂ ਰੋਡ ਸਮਾਣਾ ਵਿਖੇ ਮੌਜੂਦ ਸਨ। ਉਸ ਵੇਲੇ ਉਹਨਾਂ ਨੂੰ ਸੂਚਨਾ ਮਿਲੀ ਕਿ ਚਿੱਟਾ ਪੀਣ ਦਾ ਆਦੀ ਇੱਕ ਵਿਅਕਤੀ ਗਊਸ਼ਾਲਾ, ਨਵਾਂ ਨੂਰਪੁਰਾ ਸਮਾਣਾ ਕੋਲ ਬੈਠਾ ਨਸ਼ੇ ਦਾ ਸੇਵਨ ਕਰ ਰਿਹਾ ਹੈ। ਪੁਲਿਸ ਪਾਰਟੀ ਨੇ ਰੇਡ ਕਰਕੇ ਉੱਥੋਂ ਇੱਕ ਲਾਈਟਰ, ਇੱਕ ਫ਼ਾਇਲ ਪੇਪਰ ਅਤੇ ਇੱਕ ਪੰਨੀ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

## ਪਾਰਕ ਬਣਾਉਣ ਦੀ ਆੜ ਹੇਠ ਪਿੰਡ ਦੀ ਪੰਚਾਇਤੀ ਜ਼ਮੀਨ 'ਚੋਂ ਸੈਂਕੜੇ ਦਰੱਖਤਾਂ ਨੂੰ ਕੀਤਾ ਤਹਿਸ-ਨਹਿਸ

**➢ਮੀਡੀਆ ਕਰਮਚਾਰੀਆਂ ਨਾਲ ਬਦਸਲੂਕੀ ਕਰਨ ਤੋਂ ਬਾਅਦ ਹੱਥੋਂਪਾਈ ਕੀਤੀ, ਤੋੜ ਦਿੱਤੇ ਮਾਇਕ**

ਅਮਰਗੜ੍ਹ/ਮਾਲੇਰਕੋਟਲਾ, 4 ਅਪ੍ਰੈਲ (ਗੁਰਮੀਤ ਸਿੰਘ ਮੰਨਵੀਂ/ਲਵਦੀਪ ਸਿੰਘ ਮੰਨਵੀਂ) : ਜਿੱਥੇ ਕੁਦਰਤ ਨੂੰ ਬਚਾਉਣ ਅਤੇ ਵਾਤਾਵਰਨ ਨੂੰ ਪਲੀਤ ਹੋਣ 'ਤੇ ਚਿੰਤਾ ਜਤਾਉਂਦੇ ਮਾਨਯੋਗ ਹਾਈ ਕੋਰਟ ਨੇ ਸਖ਼ਤ ਹਦਾਇਤਾਂ ਦੀ ਤਾੜਨਾ ਦਿੰਦੇ ਹੋਏ, ਪਿਛਲੇ ਸਮੇਂ ਦੌਰਾਨ ਇੱਕ ਫ਼ੈਸਲਾ ਜਨਤਕ ਕੀਤਾ, ਕਿ ਅਗਰ ਕੋਈ ਵੀ ਇਨਸਾਨ ਸਰਕਾਰੀ, ਅਰਧ ਸਰਕਾਰੀ ਤੌਰ 'ਤੇ ਦਰੱਖਤਾਂ ਦੀ ਕਟਾਈ ਕਰਦਾ ਹੈ ਤਾਂ ਉਸ 'ਤੇ ਬਣਦੀ ਸਖ਼ਤ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਜੇਕਰ ਫਿਰ ਵੀ ਉਸ ਮੌਕੇ ਦੇ ਹਾਲਾਤਾਂ ਨੂੰ ਭਾਪਦੇ ਹੋਏ ਰੁੱਖ (ਦਰੱਖਤ) ਕੱਟਣਾ ਪੈਂਦਾ ਹੈ, ਤਾਂ ਉਸ ਦੀ ਸਬੰਧਤ ਮਹਿਕਮੇ ਤੋਂ ਮਨਜ਼ੂਰੀ ਲੈਣੀ ਅਤਿ ਜਰੂਰੀ ਹੈ ਪਰ ਪਿਛਲੇ ਦਿਨੀ ਮਾਨਯੋਗ ਹਾਈ ਕੋਰਟ ਦੀਆਂ ਹਦਾਇਤਾਂ ਨੂੰ ਟਿੱਚ ਜਾਣਦੇ ਹੋਏ, ਬਿਨਾਂ ਕਿਸੇ ਵਿਭਾਗੀ ਮਨਜ਼ੂਰੀ ਤੋਂ ਗ੍ਰਾਮ ਪੰਚਾਇਤ ਪਿੰਡ ਨਿਆਮਤਪੁਰ ਦੇ ਸਰਪੰਚ ਸਮੇਤ ਇੱਕ ਪੰਚ ਅਤੇ 'ਆਪ' ਆਗੂ ਨੇ ਪਾਰਕ ਬਣਾਉਣ ਦੀ ਆੜ ਹੇਠ ਪਿੰਡ ਦੀ ਪੰਚਾਇਤੀ ਜ਼ਮੀਨ ਵਿੱਚੋਂ ਕਥਿਤ ਤੌਰ 'ਤੇ ਸੈਂਕੜੇ ਕੁਦਰਤੀ ਦਰੱਖਤਾਂ ਨੂੰ ਆਪਣੀ ਜੇ.ਸੀ.ਬੀ ਮਸ਼ੀਨ ਨਾਲ ਤਹਿਸ ਨਹਿਸ ਕਰ ਦਿੱਤਾ। ਸੂਤਰਾਂ ਤੋਂ ਇਸ ਦੀ ਖ਼ਬਰ ਮਿਲਦੇ ਹੀ ਜਦੋਂ ਮੌਕੇ ਪਰ ਮੀਡੀਆ ਕਰਮਚਾਰੀਆਂ ਨੇ ਪਹੁੰਚ ਦਰੱਖਤਾਂ ਦੀ ਕਟਾਈ ਰੋਕਣ ਲਈ ਕਿਹਾ ਗਿਆ ਤਾਂ ਉਕਤ ਆਪ ਆਗੂ ਨੇ ਤਹਿਸ਼ ਵਿੱਚ ਆਕੇ ਮੀਡੀਆ ਕਰਮਚਾਰੀਆਂ ਨਾਲ ਕਥਿਤ ਤੌਰ 'ਤੇ ਬਦਸਲੂਕੀ ਕੀਤੀ, ਗਾਲੀ-ਗਲੋਚ ਕਰਨ ਤੋਂ ਬਾਅਦ ਹੱਥੋਂਪਾਈ ਕਰਦੇ ਹੋਏ ਮਾਇਕ ਤੱਕ ਤੋੜ ਦਿੱਤੇ, ਜਿਸ ਸਬੰਧੀ ਪੱਤਰਕਾਰ ਵੱਲੋਂ ਥਾਣਾ ਅਮਰਗੜ੍ਹ ਵਿਖੇ ਆਪਣੀ ਇੱਕ ਲਿਖਤੀ ਸ਼ਿਕਾਇਤ ਵੀ ਦਰਜ ਕਰਵਾਈ ਗਈ। ਇਸ ਪੂਰੀ ਘਟਨਾ ਨੂੰ ਜਦੋਂ ਬੀ.ਡੀ.ਪੀ.ਓ. ਬੱਬਲਜੀਤ ਕੌਰ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾਂ ਨੇ ਦਰੱਖਤਾਂ ਨੂੰ ਕੱਟਣ ਲਈ ਕੋਈ ਵੀ ਮਨਜ਼ੂਰੀ ਨਾ ਦੇਣ ਅਤੇ ਕਰਵਾਈ ਕਰਨ ਦਾ ਭਰੋਸਾ ਦਿੱਤਾ। ਅੱਜ 15 ਦਿਨ ਬੀਤ ਜਾਣ ਤੋਂ ਬਾਅਦ ਜਦੋਂ ਫਿਰ ਤੋਂ ਵਿਭਾਗ ਵੱਲੋਂ ਕੀਤੀ ਕਰਵਾਈ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੀ.ਡੀ.ਪੀ.ਓ ਬੱਬਲਜੀਤ ਕੌਰ ਅਮਰਗੜ੍ਹ ਨਾਲ ਮੀਡੀਆ ਕਰਮਚਾਰੀਆਂ ਨੇ ਫੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਫੋਨ ਕੱਟਣ ਨੂੰ ਤਰਜੀਹ ਦਿੱਤੀ, ਜਿਸ ਤੋਂ ਅਕਸ ਸਾਫ ਨਜ਼ਰ ਆਉਂਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆਏ। ਉੱਧਰ ਜਦੋਂ ਦਿੱਤੀ ਦਰਖ਼ਾਸਤ 'ਤੇ ਕਾਨੂੰਨੀ ਕਰਵਾਈ ਲਈ ਡੀ.ਐਸ.ਪੀ ਸੰਜੀਵ ਕਪੂਰ ਅਮਰਗੜ੍ਹ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਨੇ ਕਰਵਾਈ ਕਰਨ ਦਾ ਭਰੋਸਾ ਦਿੱਤਾ। ਜ਼ਿਲ੍ਹਾ ਪ੍ਰਬੰਧਕ ਅਤੇ ਪ੍ਰਸ਼ਾਸਨ ਨੂੰ ਤੇ ਇੱਕ ਸਵਾਲੀਆਂ ਚਿੰਨ੍ਹ ਇਹ ਹੈ, ਕਿ ਅਗਰ ਇਹ ਕੰਮ ਕਿਸੇ ਮੱਧਮ ਵਰਗ ਜਾਂ ਆਮ ਵਿਅਕਤੀ ਨੇ ਕੀਤਾ ਹੁੰਦਾ, ਕੀ ਸਬੰਧਤ ਕਰਮਚਾਰੀ ਜਾ ਅਧਿਕਾਰੀ ਆਪਣੇ ਡਿਊਟੀ ਤੋਂ ਭੱਜਦੇ ਜਾਂ ਇਹ ਕਹਿ ਲਈਏ ਕਿ ਇੱਕ ਆਮ ਇਨਸਾਨ ਅਤੇ ਖਾਸ ਰਸੂਖ ਵਾਲੇ ਰਾਜਨੀਤਿਕ ਵਿਅਕਤੀ ਲਈ ਕਾਨੂੰਨ ਵੱਖੋ-ਵੱਖਰਾ ਹੈ।



## ਜ਼ਿਲ੍ਹੇ ਦੀ ਹਦੂਦ ਅੰਦਰ ਸਪੈਸ਼ਲ ਨਾਕਾਬੰਦੀ ਕਰਕੇ ਵਾਹਨਾਂ ਦੀ ਕੀਤੀ ਚੈਕਿੰਗ



ਅਮਰਗੜ੍ਹ/ਮਾਲੇਰਕੋਟਲਾ, 4 ਅਪ੍ਰੈਲ (ਗੁਰਮੀਤ ਸਿੰਘ ਮੰਨਵੀਂ, ਲਵਦੀਪ ਸਿੰਘ ਮੰਨਵੀਂ) : ਜ਼ਿਲ੍ਹਾ ਪੁਲਿਸ ਮਾਲੇਰਕੋਟਲਾ ਵੱਲੋਂ ਜ਼ਿਲ੍ਹਾ ਪੁਲਿਸ ਮੁਖੀ ਐਸ.ਐਸ.ਪੀ. ਗਗਨ ਅਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ ਐਸ. ਪੀ ਸੰਜੀਵ ਕਪੂਰ ਦੀ ਦੇਖ-ਰੇਖ ਹੇਠ ਰੁਟੀਨ ਚੈਕਿੰਗ ਜ਼ਿਲ੍ਹਾ ਸੀਲਿੰਗ ਅਧੀਨ ਸ਼ੱਕੀ ਵਹੀਕਲਾ ਦੀ ਵੀਡੀਓ ਗ੍ਰਾਫੀ ਰਾਹੀਂ ਚੈਕਿੰਗ ਕੀਤੀ ਗਈ ਅਤੇ ਕੁਝ ਵਹੀਕਲਾਂ ਦੇ ਦਸਤਾਵੇਜ਼ਾਂ ਦੀ ਘਾਟ ਹੋਣ ਕਾਰਨ ਚਲਾਨ ਵੀ ਕੱਟੇ ਗਏ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਦੌਰਾਨ ਗਗਨ ਅਜੀਤ ਸਿੰਘ ਨੇ ਕਿਹਾ ਕਿ ਪੁਲਿਸ ਲੋਕਾਂ ਨੂੰ ਚੰਗਾ ਅਤੇ ਸੁਰੱਖਿਅਤ ਮਹੌਲ ਦੇਣ ਲਈ ਬਚਨਵੱਧ ਹੈ। ਅਕਸਰ ਸ਼ਾਮ ਨੂੰ ਦੇਖਿਆ ਜਾਂਦਾ ਹੈ, ਕੀ ਕੁਝ ਸ਼ਰਾਰਤੀ ਅੰਸਰ ਸਮਾਜਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕਾਨੂੰਨ ਦੀ ਉਲੰਘਣਾ ਕਰਦੇ ਹਨ, ਜਿਨ੍ਹਾਂ ਨੂੰ ਕਿਸੇ ਵੀ ਹਾਲਾਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਅਪੀਲ ਵੀ ਕੀਤੀ ਕੀ ਅਗਰ ਤੁਹਾਨੂੰ ਤੁਹਾਡੇ ਆਲੇ ਦੁਆਲੇ ਇਸ ਤਰ੍ਹਾਂ ਦੇ ਸ਼ੱਕੀ ਜਾਂ ਗਲਤ ਮਾਨਸਿਕਤਾ ਵਾਲੇ ਵਿਅਕਤੀਆਂ ਦੀ ਭਣਕ ਲੱਗਦੀ ਹੈ, ਜੋ ਸਾਡੇ ਸਮਾਜ ਲਈ ਬੁਰੇ ਹਨ, ਤਾਂ ਤੁਰੰਤ ਆਪਣੇ ਨਜ਼ਦੀਕੀ ਪੁਲਿਸ ਨੂੰ ਇਤਲਾਹ ਦਿੱਤੀ ਜਾਵੇ। ਇਸ ਸਮੇਂ ਉਨ੍ਹਾਂ ਨਾਲ ਥਾਣਾ ਮੁਖੀ ਅਮਰਗੜ੍ਹ ਬਲਜੀਤ ਸਿੰਘ ਤੋਂ ਇਲਾਵਾਂ ਭਾਰੀ ਗਿਣਤੀ ਵਿੱਚ ਮੁਲਾਜ਼ਮ ਮੌਜੂਦ ਸਨ।

## ਫਰੀਡਮ ਫਾਈਟਰ ਸੰਸਥਾ ਵੱਲੋਂ ਪੀ.ਆਰ.ਟੀ.ਸੀ. ਚੈਅਰਮੈਨ ਹਰਪਾਲ ਜੁਨੇਜਾ ਨਾਲ ਮੁਲਾਕਾਤ

ਪਟਿਆਲਾ, 4 ਅਪ੍ਰੈਲ (ਰੁਪਾਣਾ/ਦੀਪਕ ਜੈਦਕਾ) : ਅੱਜ ਫਰੀਡਮ ਫਾਈਟਰ ਉਤਰਾਅਧਿਕਾਰੀ ਸੰਸਥਾ ਰਜਿ. 196 ਪਟਿਆਲਾ (ਪੰਜਾਬ) ਵੱਲੋਂ ਪੰਜਾਬ ਸਰਕਾਰ ਵੱਲੋਂ ਲਾਏ ਗਏ ਪੀ ਆਰ ਟੀ ਸੀ ਪਟਿਆਲਾ ਦੇ ਨਵੇਂ ਚੇਅਰਮੈਨ ਸ੍ਰੀ ਹਰਪਾਲ ਜੁਨੇਜਾ ਨਾਲ ਮੁਲਾਕਾਤ ਕੀਤੀ ਗਈ, ਜਿਸ ਵਿੱਚ ਸੂਬਾ ਸ੍ਰਪਰਸਤ ਸ.ਹਰਿੰਦਰਪਾਲ ਸਿੰਘ ਖਾਲਸਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਜ਼ਿਲ੍ਹਾ ਪਟਿਆਲਾ ਪ੍ਰਧਾਨ ਜਗਦੀਪ ਸਿੰਘ ਧਨੇਠਾ ਅਤੇ ਸਮੂਹ ਜ਼ਿਲ੍ਹਾ ਜਥੇਬੰਦੀ ਵੱਲੋਂ ਨਵੇਂ ਚੇਅਰਮੈਨ ਸ੍ਰੀ ਜੁਨੇਜਾ ਨੂੰ ਜੀ ਆਇਆਂ ਆਖਿਆ ਅਤੇ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਨੂੰ ਪੰਜਾਬ ਰੋਡਵੇਜ਼, ਪੀ ਆਰ ਟੀ ਸੀ ਬੱਸਾਂ ਵਿਚ ਮੁਫਤ ਸਫ਼ਰ ਦੀ ਸਹੂਲਤ ਦਿੱਤੀ ਗਈ ਹੈ ਉਸੇ ਤਰ੍ਹਾਂ ਚੈਅਰਮੈਨ ਸਾਹਿਬ ਜੀ ਤੋਂ ਮੰਗ ਕੀਤੀ ਕਿ ਵੋਲਵੋ ਬੱਸਾਂ 'ਚ ਵੀ ਮੁਫ਼ਤ ਸਫ਼ਰ ਦੀ ਸਹੂਲਤ ਮਿਲਣੀ ਚਾਹੀਦੀ ਹੈ। ਸਰਕਾਰ ਵੱਲੋਂ ਬੱਸਾਂ ਵਿਚ 17 ਅਤੇ 18 ਨੰਬਰ ਸੀਟਾਂ ਫਰੀਡਮ ਫਾਈਟਰਜ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਸੰਸਥਾ ਵੱਲੋਂ ਮੰਗ ਕੀਤੀ ਗਈ ਕਿ 17-18 ਅਤੇ 19 ਨੰਬਰ ਸੀਟਾਂ ਰਾਖਵੀਆਂ ਰੱਖੀਆਂ ਜਾਣ ਤਾਂ ਜੋ ਪਰਿਵਾਰਾਂ ਨੂੰ ਮੁਸ਼ਕਿਲ ਨਾ ਹੋਵੇ ਅਤੇ ਸੀਟਾਂ ਉਪਰ ਫਰੀਡਮ ਫਾਈਟਰ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ। ਇਹ ਉਨ੍ਹਾਂ ਮਹਾਨ ਸੰਘਰਸੀ ਯੋਧਿਆਂ ਦਾ ਮਾਣ ਸਨਮਾਨ ਹੈ, ਜਿਨ੍ਹਾਂ ਨੇ ਅਜ਼ਾਦੀ ਸੰਗਰਾਮ ਵਿੱਚ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਫਰੀਡਮ ਫਾਈਟਰ ਸੰਸਥਾ ਵੱਲੋਂ ਸਮਾਣਾ ਸ਼ਹਿਰ ਵਿਖੇ ਸੱਭ ਤੋਂ ਵੱਡਾ ਮੁੱਦਾ ਬਣਿਆ ਸਵੇਰੇ ਟਾਈਮ ਬੱਸਾਂ ਦੀ ਘਾਟ ਬਹੁਤ ਮਹਿਸੂਸ ਹੁੰਦੀ ਹੈ।ਖਾਸ ਕਰਕੇ ਸਟੂਡੈਂਟਸ ਅਤੇ ਸਵਾਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਚੇਅਰਮੈਨ ਸਾਹਿਬ ਤੋਂ ਹੋਰ ਬੱਸਾਂ ਚਲਾਉਣ ਲਈ ਬੇਨਤੀ ਕੀਤੀ ਗਈ। ਹਰਪਾਲ ਸਿੰਘ ਜੁਨੇਜਾ ਨੇ ਵਿਸ਼ਵਾਸ ਦਿਵਾਇਆ ਤੇ ਕਿਹਾ ਕਿ ਜਲਦ ਹੀ ਪੰਜਾਬ ਸਰਕਾਰ ਵੱਲੋਂ ਨਵੀਆਂ ਬੱਸਾਂ ਲਾਂਚ ਹੋ ਰਹੀਆਂ ਹਨ। ਜਲਦ ਹੀ ਸਮਾਣਾ, ਪਾਤੜਾਂ ਨੂੰ ਨਵੀਆਂ ਬੱਸਾਂ ਦੇ ਕੇ ਲੋਕਾ ਨੂੰ ਪ੍ਰੇਸ਼ਾਨੀ ਤੋਂ ਮੁਕਤ ਕੀਤਾ ਜਾਵੇਗਾ। ਪਿੰਡਾਂ ਦੇ ਲੋਕਾਂ ਦੀ ਵੱਡੀ ਸਮੱਸਿਆ ਹੈ ਕਿ ਅੱਡਾ ਢੈਂਠਲ ਵਿਖੇ ਬੱਸ ਸਟਾਪ ਹੋਣ ਦੇ ਬਾਵਜੂਦ ਇਥੇ ਬੱਸਾਂ ਨਹੀਂ ਰੋਕੀਆਂ ਜਾਂਦੀਆਂ। ਚੈਅਰਮੈਨ ਸਾਹਿਬ ਪੀ ਆਰ ਟੀ ਸੀ ਪਟਿਆਲਾ ਦੇ ਧਿਆਨ ਵਿੱਚ ਇਹ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਬੇਨਤੀ ਕੀਤੀ ਗਈ।ਅੱਡਾ ਢੈਂਠਲ ਵਿਖੇ ਬੱਸ ਸਟਾਪ ਤੇ ਬੱਸਾਂ ਜ਼ਰੂਰ ਰੁਕ ਕੇ ਜਾਣ। ਜੁਨੇਜਾ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇਹ ਮੰਗ ਪਹਿਲ ਦੇ ਆਧਾਰ 'ਤੇ ਕਰਾਂਗੇ ਪੂਰੀ। ਚੇਅਰਮੈਨ ਵੱਲੋਂ ਫਰੀਡਮ ਫਾਈਟਰ ਸੰਸਥਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਚਾਹ ਦਾ ਕੱਪ ਸਾਂਝਾ ਕੀਤਾ। ਸੰਸਥਾ ਵੱਲੋਂ ਚੇਅਰਮੈਨ ਸਾਹਿਬ ਜੀ ਦਾ ਧੰਨਵਾਦ ਕੀਤਾ ਗਿਆ।ਮੀਟਿੰਗ ਵਿੱਚ ਸ਼ਾਮਲ ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ ਜ਼ਿਲ੍ਹਾ ਖਜ਼ਾਨਚੀ ਜਸਵੀਰ ਸਿੰਘ ਧੀਮਾਨ ਬਲਾਕ ਸੈਕਟਰੀ ਰਾਜਵੀਰ ਸਿੰਘ ਬਲਾਕ ਖਜਾਨਚੀ ਜਰਨੈਲ ਸਿੰਘ, ਮਹਿੰਦਰ ਸਿੰਘ ਬਾਠ ਆਦਿ ਹਾਜ਼ਰ ਸਨ।



## ਸੈਦੀਪੁਰ ਤੋਂ ਵੱਡਾ ਜਥਾ ਅਕਾਲੀ ਦਲ ਦੇ ਹੱਕ 'ਚ ਡਟਿਆ

**ਜਗਮੀਤ ਸਿੰਘ ਹਰਿਆਊ ਨੂੰ ਉਮੀਦਵਾਰ ਐਲਾਨਣ 'ਤੇ ਦਿੱਤੀਆਂ ਵਧਾਈਆਂ**



ਸਮਾਣਾ, 4 ਮਾਰਚ (ਜਵੰਦਾ): ਹਲਕਾ ਸਮਾਣਾ ਦੇ ਪਿੰਡ ਸੈਦੀਪੁਰ ਤੋਂ ਸ. ਨਾਜਰ ਸਿੰਘ ਚੱਠਾ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫਤਰ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਹਲਕਾ ਸਮਾਣਾ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਨੂੰ ਹਲਕੇ ਤੋਂ ਪਾਰਟੀ ਦਾ ਉਮੀਦਵਾਰ ਐਲਾਨੇ ਜਾਣ 'ਤੇ ਮੁਲਾਕਾਤ ਕਰਕੇ ਵਧਾਈ ਦਿੱਤੀ। ਇਸ ਦੌਰਾਨ ਸ. ਨਾਜਰ ਸਿੰਘ ਚੱਠਾ ਨੇ ਕਿਹਾ ਕਿ ਜਗਮੀਤ ਸਿੰਘ ਹਰਿਆਊ ਦੀ ਇਮਾਨਦਾਰ ਛਵੀ ਅਤੇ ਲੋਕਾਂ ਨਾਲ ਨਜ਼ਦੀਕੀ ਸੰਬੰਧਾਂ ਕਰਕੇ ਹਲਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਜਿੱਤ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡ ਸੈਦੀਪੁਰ ਅਤੇ ਇਲਾਕੇ ਦੇ ਲੋਕ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ ਅਤੇ ਪੰਜਾਬ ਵਿੱਚ ਦੁਬਾਰਾ ਅਕਾਲੀ ਸਰਕਾਰ ਬਣਾਉਣ ਲਈ ਪੂਰਾ ਯੋਗਦਾਨ ਪਾਇਆ ਜਾਵੇਗਾ। ਇਸ ਮੌਕੇ ਜਗਮੀਤ ਸਿੰਘ ਹਰਿਆਊ ਨੇ ਸੈਦੀਪੁਰ ਤੋਂ ਆਏ ਸਾਰੇ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਹਲਕੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਵਚਨਬੱਧ ਹਨ ਅਤੇ ਸਭ ਨੂੰ ਨਾਲ ਲੈ ਕੇ ਚਲਣਗੇ।ਇਸ ਮੌਕੇ ਮਲਕੀਤ ਸਿੰਘ ਚੀਮਾ, ਬਲਜਿੰਦਰ ਸਿੰਘ ਬੱਲੀ ਅਤੇ ਅਮਰਜੀਤ ਸਿੰਘ ਟੋਡਰਪੁਰ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਹਾਜ਼ਰ ਰਹੇ।

## ਪੰਜਾਬ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ 31 ਜੁਲਾਈ ਨੂੰ ਸੁਨਾਮ ਵਿਖੇ ਬੁਲਾਇਆ ਜਾਵੇ : ਹਰਦੀਪ ਸਿੰਘ ਕੰਬੋਜ



ਭੁਨਰਹੇੜੀ, 4 ਅਪ੍ਰੈਲ (ਗੁਰਜੀਤ ਸਿੰਘ ਢੋਟ) : ਕੰਬੋਜ ਭਾਈਚਾਰੇ ਦੀ ਸਿਰਮੌਰ ਸੰਸਥਾ ਕੰਬੋਜ ਫਾਊਂਡੇਸ਼ਨ ਪੰਜਾਬ ਦੀ ਗਵਰਨਿੰਗ ਬਾਡੀ ਦੀ ਇੱਕ ਵਿਸ਼ੇਸ਼ ਮੀਟਿੰਗ ਚੰਡੀਗੜ੍ਹ ਵਿਖੇ ਹੋਈ ਜਿਸ ਵਿੱਚ ਸਰਬ ਸਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਭਾਰਤ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਲਾਸਾਨੀ ਸ਼ਹਾਦਤ ਦੇਣ ਵਾਲੇ ਕੌਮ ਦੇ ਅਤਿ ਸਤਿਕਾਰਯੋਗ ਸ਼ਹੀਦ ਸਰਦਾਰ ਊਧਮ ਸਿੰਘ ਕੰਬੋਜ ਜੀ ਨੂੰ ਸਮਰਪਿਤ ਸਕਿੱਲ ਅਤੇ enterpreneurship ਯੂਨੀਵਰਸਿਟੀ ਬਣਾਉਣ ਦਾ ਐਕਟ ਪਾਸ ਕਰਨ ਲਈ ਪੰਜਾਬ ਸਰਕਾਰ ਦੇ ਸੀਨੀਅਰ ਕੈਬਨਟ ਮੰਤਰੀ ਸ਼੍ਰੀ ਅਮਨ ਅਰੋੜਾ ਜੀ ਨੂੰ ਕੰਬੋਜ ਫਾਊਂਡੇਸ਼ਨ ਪੰਜਾਬ ਵੱਲੋਂ ਮੈਮੋਰੰਡਮ ਦੇ ਇਕ ਰਸਮੀ ਬੇਨਤੀ ਕੀਤੀ ਗਈ ਕੇ 31 ਜੁਲਾਈ 2026 ਨੂੰ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਸਰਧਾਂਜਲੀ ਵਜੋਂ ਇਹ ਸੈਸ਼ਨ ਬੁਲਾਉਣ ਦੀ ਪੰਜਾਬ ਸਰਕਾਰ ਪਹਿਲ ਕਦਮੀ ਕਰਕੇ ਵਿਸ਼ਵ ਭਰ ਦੇ ਸਮੁੱਚੇ ਕੰਬੋਜ ਭਾਈਚਾਰੇ ਦੀ ਭਾਵਨਾ ਨੂੰ ਦੇਸ਼ ਭਗਤੀ ਨਾਲ ਜੋੜਨ ਲਈ ਇਹ ਵਿਸ਼ੇਸ਼ ਸੈਸ਼ਨ ਸੁਨਾਮ ਸ਼ਹੀਦ ਸਰਦਾਰ ਊਧਮ ਸਿੰਘ ਵਾਲਾ ਵਿਖੇ ਬੁਲਾਇਆ ਜਾਵੇ। ਮੈਮੋਰੰਡਮ ਦੇਣ ਵਾਲਿਆਂ ਵਿੱਚ ਡਾਕਟਰ ਸੂਬਾ ਸਿੰਘ ਡਾਕਟਰ ਮੰਗਲ ਸਿੰਘ, ਜਗਦੀਪ ਗੋਲਡੀ ਐਮ ਐਲ ਏ ਜਲਾਲਾਬਾਦ, ਸੰਦੀਪ ਕੌੜਾ ਮੁੱਖ ਸਰਪ੍ਰਸਤ, ਜਗਦੀਪ ਸਿੰਘ ਰਿਟਾਇਰਡ ਸੈਸ਼ਨ ਜੱਜ,ਜਸਦੇਵ ਥਿੰਦ ਜਰਮਨੀ,ਹਰਦਿਆਲ ਸਿੰਘ ਕੰਬੋਜ ਸੁਨਾਮ, ਬਲਜਿੰਦਰ ਸਿੰਘ ਮੁਹਾਲੀ, ਹਰਜਿੰਦਰ ਸਿੰਘ ਅਬਓਹਰ, ਹਰਦੀਪ ਸਿੰਘ ਕੰਬੋਜ ਸਨੌਰ ਖਜ਼ਾਨਚੀ, ਮਨਿੰਦਰ ਸਿੰਘ ਕੰਬੋਜ ਪਟਿਆਲਾ, ਚੌਧਰੀ ਸ਼ਬੀਰ ਅਹਿਮਦ ਬਿੱਲੂ ਮਲੇਰਕੋਟਲਾ, ਮਾਨ ਸਿੰਘ ਧਮ, ਕਪੂਰਥਲਾ, ਜਸਬੀਰ ਕੌੜਾ ਅੰਮ੍ਰਿਤਸਰ ਜਗਦੀਸ਼ ਥਿੰਦ ਫਿਰੋਜ਼ਪੁਰ ਅਤੇ ਸਮੂਹ ਗਵਰਨਇੰਗ ਕੌਂਸਲ ਮੈਂਬਰ ਸ਼ਾਮਲ ਸਨ।

## ਵਿਧਾਇਕ ਦੇਵ ਮਾਨ ਦੇ ਚਾਚਾ ਜੀ ਈਸ਼ਰ ਸਿੰਘ ਨਮਿੱਤ ਅੰਤਿਮ ਅਰਦਾਸ

ਦੇਵੀਗੜ੍ਹ, 4 ਅਪ੍ਰੈਲ (ਗੁਰਜੀਤ ਸਿੰਘ ਢੋਟ) : ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਦੇ ਸਤਿਕਾਰਯੋਗ ਚਾਚਾ ਜੀ ਈਸ਼ਰ ਸਿੰਘ ਨਮਿਤ ਅੰਤਿਮ ਅਰਦਾਸ ਅੱਜ ਪਿੰਡ ਬੂੜੇ ਮਾਜਰਾ ਵਿਖੇ ਹੋਈ। ਇਸ ਮੌਕੇ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਸਨੌਰ ਹਲਕੇ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਦੇ ਵੱਡੇ ਭਰਾ ਰਾਜਵਿੰਦਰ ਸਿੰਘ, ਮਲਕੀਤ ਕੰਬਾਇਨ ਇੰਡਸਟਰੀ ਦੇ ਐਮ ਡੀ ਚਰਨ ਸਿੰਘ ਅਤੇ ਮਾਰਕੀਟ ਕਮੇਟੀ ਦੂਧਨ ਸਾਧਾਂ ਦੇ ਚੇਅਰਮੈਨ ਬਲਦੇਵ ਸਿੰਘ ਨੇ ਈਸ਼ਰ ਸਿੰਘ ਦੀ ਮੌਤ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਦੱਸਿਆ। ਇਸ ਅਵਸਰ 'ਤੇ ਵਿਧਾਇਕ ਦੇਵਮਾਨ ਨਾਭਾ ਨੇ ਸਵ. ਈਸ਼ਰ ਸਿੰਘ ਦੇ ਸਪੁੱਤਰਾਂ ਹਰਵਿੰਦਰ ਸਿੰਘ ਅਤੇ ਜਰਨੈਲ ਸਿੰਘ ਸੋਨੀ ਨੂੰ ਦਸਤਾਰ ਭੇਟ ਕੀਤੀ। ਇਸ ਮੌਕੇ 'ਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਨੇ ਪਰਿਵਾਰ ਵੱਲੋਂ ਆਈਆਂ ਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਐਮਐਲਏ ਗੁਰਦੇਵ ਸਿੰਘ ਦੇਵ ਮਾਨ ਜੀ ਦੇ ਨਾਲ ਉਨ੍ਹਾਂ ਦੇ ਚਾਚਾ ਈਸ਼ਰ ਸਿੰਘ ਦੀ ਮੌਤ 'ਤੇ ਫੋਨ 'ਤੇ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਡਾ. ਗੁਰਪ੍ਰੀਤ ਕੌਰ ਧਰਮ ਪਤਨੀ ਮੁੱਖ ਮੰਤਰੀ ਪੰਜਾਬ, ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਹਰਪਾਲ ਸਿੰਘ ਚੀਮਾ ਖਜ਼ਾਨਾ ਮੰਤਰੀ, ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ, ਅਮਰਦੀਪ ਸਿੰਘ ਰਾਏ ਡੀਜੀਪੀ ਟ੍ਰੈਫਿਕ ਪੰਜਾਬ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਨੀਨਾ ਮਿੱਤਲ ਐਮ ਐਲ ਏ ਰਾਜਪੁਰਾ, ਗੁਰਲਾਲ ਘਨੌਰ ਐਮ ਐਲ ਏ ਘਨੌਰ, ਕੁਲਵੰਤ ਸਿੰਘ ਬਾਜੀਗਰ ਐਮ ਐਲ ਏ ਸ਼ਤਰਾਣਾ ਸ਼ਾਮਿਲ ਹਨ। ਸਮਾਗਮ ਵਿੱਚ ਸ਼ਾਮਿਲ ਹੋ ਕੇ ਚੇਤਨ ਸਿੰਘ ਜੌੜਾਮਾਜਰਾ ਐਮਐਲਏ ਸਮਾਣਾ, ਅਮਰ ਸਿੰਘ ਚਮਕੀਲਾ ਦੇ ਧਰਮਪਤਨੀ ਬੀਬੀ ਗੁਰਮੇਲ ਕੌਰ, ਡੀ ਐਸ ਪੀ ਨਾਭਾ ਗੁਰਿੰਦਰ ਸਿੰਘ ਬੱਲ, ਪ੍ਰਸਿੱਧ ਦੋਗਾਣਾ ਜੋੜੀ ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ, ਪ੍ਰਸਿੱਧ ਗਾਇਕਾ ਅਮਨ ਰੋਜ਼ੀ, ਸੁਖਵੰਤ ਲਵਲੀ, ਗੁਰਨਾਮ ਘੁੰਮਣ ਪੁਲਿਸ ਐਸ.ਐਚ.ਓ. ਭਾਦਸੋਂ, ਸੌਰਭ ਭਾਰਦਵਾਜ ਪੁਲਿਸ ਐਸ.ਐਚ.ਓ. ਨਾਭਾ ਸਿਟੀ, ਜਸਵਿੰਦਰ ਖੋਖਰ ਐਸ.ਐਚ.ਓ ਸਦਰ ਨਾਭਾ ਹੋ ਦੁੱਖ ਸਾਂਝਾ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਤੇਜਿੰਦਰ ਸਿੰਘ ਖਹਿਰਾ ਮੀਤ ਪ੍ਰਧਾਨ ਯੂਥ ਵਿੰਗ ਪੰਜਾਬ ਆਮ ਆਦਮੀ ਪਾਰਟੀ, ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਹਰਮੀਕ ਸਿੰਘ ਬਾਜਵਾ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਈਸ ਚੇਅਰਮੈਨ ਬਲਾਕ ਸੰਮਤੀ ਨਾਭਾ, ਸਰਪੰਚ ਰਾਜੀਵ ਕੁਮਾਰ ਸੌਜਾ, ਅਵਤਾਰ ਸਿੰਘ ਧਾਲੀਵਾਲ, ਸੁਖਜਿੰਦਰ ਸਿੰਘ ਸਰਪੰਚ ਟੌਹੜਾ, ਹਰਮੀਤ ਸਿੰਘ ਮਾਨ ਪ੍ਰਧਾਨ ਪ੍ਰੈਸ ਕਲੱਬ ਨਾਭਾ, ਅਮਰਿੰਦਰ ਸਿੰਘ ਪੁਰੀ ਜਨਰਲ ਸਕੱਤਰ, ਰਾਜਕੁਮਾਰ ਜੱਸੋਮਾਜਰਾ, ਦਵਿੰਦਰ ਸਿੰਘ ਕੁਲਾਰਾਂ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਨਾਭਾ, ਤਜਿੰਦਰ ਸਿੰਘ ਖਹਿਰਾ ਮੀਤ ਪ੍ਰਧਾਨ ਯੂਥ ਯੂਥ ਵਿੰਗ ਪੰਜਾਬ, ਸ਼ੈਕੀ ਸਿੰਗਲਾ ਭਾਦਸੋ, ਸੋਨੂ ਸੂਦ, ਧਰਮਿੰਦਰ ਸਿੰਘ ਸੁੱਖੇਵਾਲ, ਸੁਖਦੇਵ ਸਿੰਘ ਮਾਨ, ਕਪਿਲ ਮਾਨ, ਮੱਖਣ ਨਰਮਾਣਾ, ਗੁਰਦੀਪ ਸਿੰਘ ਟਿਵਾਣਾ ਚੇਅਰਮੈਨ ਮਾਰਕੀਟ ਕਮੇਟੀ ਨਾਭਾ, ਪ੍ਰਗਟ ਸਿੰਘ ਅਗੇਤੀ ਪ੍ਰਸਿੱਧ ਸਮਾਜ ਸੇਵੀ, ਭੁਪੇਸ਼ ਬਾਂਸਲ ਭਾਸ਼ੀ, ਵਿਜੇ ਧੀਰ ਰਿਟਾਇਰਡ ਜ਼ਿਲ੍ਹਾ ਅਫਸਰ ਪੰਚਾਇਤ ਵਿਭਾਗ, ਰਾਜਾ ਧੰਜੂ ਸਰਪੰਚ ਸਰੁਸਤੀਗੜ੍ਹ, ਗੁਲਾਬ ਮਾਨ, ਕੁਲਬੀਰ ਸਿੰਘ ਸਰਪੰਚ ਬੂੜੇ ਮਾਜਰਾ, ਬਲਦੇਵ ਸਿੰਘ, ਜਗਤ ਸਿੰਘ ਬਰਸਟ, ਮਾਸਟਰ ਹਰਦੇਵ ਸਿੰਘ, ਮਾਸਟਰ ਅਮਰ ਸਿੰਘ, ਅਰਮਾਨ ਨਾਭਾ, ਭੁਪਿੰਦਰ ਕੌਸ਼ਲ ਭੂਪਾ, ਸਿਮਰਨ ਅੜਕ ਚੌਹਾਨ, ਭਗਵੰਤ ਸਿੰਘ ਰਾਮਗੜੀਆ, ਸਿਕੰਦਰ ਸਿੰਘ, ਮਣੀ ਗੁਰਮ ਨਾਭਾ, ਮਨਜੋਤ ਸਿੰਘ ਲੱਧਾਹੇੜੀ, ਕੁਲਵੰਤ ਸਿੰਘ ਅਟਵਾਲ ਮੈਂਬਰ ਬਲਾਕ ਸੰਮਤੀ ਵੀ ਮੌਜੂਦ ਸਨ। ਸੀਨੀਅਰ ਪੱਤਰਕਾਰ ਅਮਰਿੰਦਰ ਸਿੰਘ ਪੁਰੀ ਨੇ ਮੰਚ ਸੰਚਾਲਨ ਕੀਤਾ।





# ਪਟਿਆਲਾ-ਆਸ/ਪਾਸ



## ਫੂਡ ਸੁਰੱਖਿਆ ਟੀਮ ਵੱਲੋਂ ਤ੍ਰਿਪੜੀ 'ਚ ਡੇਅਰੀ ਦੀ ਅਚਨਚੇਤ ਚੈਕਿੰਗ, ਪੰਜ ਸੈਂਪਲ ਭਰੇ

**➢ਟੀਮ ਨੇ ਨਿਰੀਖਣ ਦੌਰਾਨ ਪਨੀਰ, ਘਿਓ ਤੇ ਮਿਠਾਈਆਂ ਵੀ ਜ਼ਬਤ ਕੀਤੀਆਂ**

ਪਟਿਆਲਾ, 4 ਅਪ੍ਰੈਲ (ਰੁਪਾਣਾ) : ਖੁਰਾਕ ਸੁਰੱਖਿਆ ਵਿਭਾਗ ਨੇ ਪਟਿਆਲਾ ਦੇ ਤ੍ਰਿਪੜੀ ਖੇਤਰ ਵਿੱਚ ਇੱਕ ਡੇਅਰੀ ਯੂਨਿਟ 'ਤੇ ਛਾਪਾ ਮਾਰਿਆ ਤੇ ਜਾਂਚ ਲਈ ਪੰਜ ਨਮੂਨੇ ਸੈਂਪਲ ਭਰੇ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਫੂਡ ਸੇਫਟੀ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਇਕੱਠੇ ਕੀਤੇ ਗਏ ਨਮੂਨਿਆਂ ਵਿੱਚ ਘਿਓ, ਪਨੀਰ, ਦਹੀਂ, ਖੋਆ ਬਰਫ਼ੀ ਅਤੇ ਮਿਲਕ ਕੇਕ ਸ਼ਾਮਲ ਹੈ। ਇਨ੍ਹਾਂ ਨਮੂਨਿਆਂ ਨੂੰ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਦਾ ਮੁਲਾਂਕਣ ਕਰਨ ਲਈ ਵਿਸਤ੍ਰਿਤ ਵਿਸ਼ਲੇਸ਼ਣ ਲਈ ਲੈਬਾਰਟਰੀ ਵਿੱਚ ਭੇਜਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਹ ਜਾਂਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫ.ਡੀ.ਏ.) ਕਮਿਸ਼ਨਰ ਕਵਲਪ੍ਰੀਤ ਬਰਾੜ ਦੀ ਅਗਵਾਈ ਹੇਠ ਵੱਖ-ਵੱਖ ਖੇਤਰਾਂ ਵਿੱਚ



ਚੱਲ ਰਹੀਆਂ ਲਗਾਤਾਰ ਜਾਂਚ ਮੁਹਿੰਮਾਂ ਦੇ ਹਿੱਸੇ ਵਜੋਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਖਾਸ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਫੂਡ ਸੇਫਟੀ ਟੀਮ ਨੇ ਡੇਅਰੀ ਯੂਨਿਟ 'ਤੇ ਨਿਰੀਖਣ ਕੀਤਾ ਅਤੇ ਬਾਕੀ ਸਟਾਕ ਵੀ ਜ਼ਬਤ ਕਰ ਲਿਆ ਗਿਆ ਹੈ। ਜ਼ਬਤ ਕੀਤੀਆਂ ਗਈਆਂ ਵਸਤਾਂ ਵਿੱਚ ਲਗਭਗ 50 ਕਿਲੋ ਪਨੀਰ, 25 ਕਿੱਲੋ ਘਿਓ, ਅਤੇ 23 ਕਿਲੋ ਦੁੱਧ ਦਾ ਕੇਕ ਅਤੇ ਖੋਆ ਬਰਫ਼ੀ ਵੀ ਸ਼ਾਮਲ ਹੈ। ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਲੈਬ ਦੀਆਂ ਰਿਪੋਰਟ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਡਾ. ਗੁਰਪ੍ਰੀਤ ਕੌਰ ਨੇ ਅੱਗੇ ਕਿਹਾ ਕਿ ਫੂਡ ਸੇਫਟੀ ਵਿਭਾਗ ਵੱਲੋਂ 9 ਅਪ੍ਰੈਲ, 2026 ਨੂੰ 'ਈਟ ਰਾਈਟ ਮੇਲਾ' ਕਰਵਾਇਆ ਜਾਵੇਗਾ। ਇਸ ਸਮਾਗਮ ਦਾ ਉਦੇਸ਼ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨਾ ਅਤੇ ਖਪਤਕਾਰਾਂ ਅਤੇ ਭੋਜਨ ਵਿਕਰੇਤਾਵਾਂ ਵਿੱਚ ਭੋਜਨ ਸੁਰੱਖਿਆ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਲੋਕਾਂ ਨੂੰ ਇਸ ਵੱਡੀ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਇੱਕ ਸਿਹਤਮੰਦ ਸਮਾਜ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਸੱਦਾ ਦਿੱਤਾ।

## ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਵਿਖੇ 7 ਕਰੋੜ ਦੇ ਵਿਕਾਸ ਕਾਰਜਾਂ ਦਾ ਉਦਘਾਟਨ

**ਸਮਾਣਾ- ਭਵਾਨੀਗੜ੍ਹ ਰੋਡ ਤੋਂ ਹਾਈ ਸਕੂਲ ਆਫ ਐਮੀਨੈਂਸ ਮਾਰਕਿਟ ਕਮੇਟੀ ਸਮਾਣਾ ਤੱਕ ਬਣੇਗੀ ਸੜਕ**

ਸਮਾਣਾ, 4 ਅਪ੍ਰੈਲ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ): ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚੱਲ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦੇ ਕੰਮ ਤੇਜੀ ਨਾਲ ਕੀਤੇ ਜਾ ਰਹੇ ਹਨ, ਤਾਂ ਜੋ ਪਿੰਡ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ ਚੇਅਰਮੈਨ, ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ, ਆਮ ਆਦਮੀ ਪਾਰਟੀ, ਪੰਜਾਬ ਵੱਲੋਂ ਅੱਜ ਹਲਕਾ ਸਮਾਣਾ ਵਿਖੇ ਲਗਭਗ 7 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ ਗਿਆ। ਇਸ ਮਗਰੋਂ ਸ. ਬਰਸਟ ਵੱਲੋਂ ਸਮਾਣਾ ਦਫ਼ਤਰ ਵਿਖੇ ਲੋਕ ਮਿਲਣੀ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀਆਂ ਸਮੱਸਿਆਵਾਂ ਸੁਣਿਆ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਸਮਾਣਾ ਭਵਾਨੀਗੜ੍ਹ ਰੋਡ ਤੋਂ ਬੱਲਮਗੜ੍ਹ



ਵਾਇਆ ਕੁਲਾਰਾਂ ਨਾਲ ਲਿੰਕ ਭੇਡਪੁਰੀ, ਦੋਦੜਾ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਹ 10.80 ਕਿਲੋਮੀਟਰ ਲੰਬਾਈ ਵਾਲੀ ਸੜਕ ਕਰੀਬ 4.30 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ। ਇਸੇ ਤਰ੍ਹਾਂ ਸਮਾਣਾ-ਭਵਾਨੀਗੜ੍ਹ ਰੋਡ ਤੋਂ ਹਾਈ ਸਕੂਲ ਆਫ਼ ਐਮੀਨੈਂਸ ਮਾਰਕਿਟ ਕਮੇਟੀ ਸਮਾਣਾ ਵਾਇਆ ਸੇਂਟ ਥਰੇਸਾ ਸਕੂਲ ਜਾਣ ਵਾਲੀ 4.13 ਕਿਲੋਮੀਟਰ ਲੰਬਾਈ ਵਾਲੀ ਸੜਕ ਬਣਾਉਣ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ, ਜਿਸਨੂੰ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਵੇਗਾ। ਇਹ ਸੜਕ ਲਗਭਗ 2.86 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ। ਇਸ ਦੌਰਾਨ ਸ. ਬਰਸਟ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਵੱਲੋਂ ਇਨ੍ਹਾਂ ਸੜਕਾਂ ਨੂੰ ਬਣਵਾਉਣ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਪੂਰਾ ਕਰਦਿਆਂ ਹੋਇਆਂ ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਆਵਾਜਾਈ ਲਈ ਚੰਗੀਆਂ ਸੜਕਾਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਸਮੂਹ ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਦੇ ਵਿਕਾਸਕਾਰੀ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਜਸਬੀਰ ਸਿੰਘ ਜਿਲਾ ਪਰਿਸ਼ਦ ਮੈਂਬਰ, ਦਰਬਾਰਾ ਸਿੰਘ ਬਲਾਕ ਸੰਮਤੀ ਮੈਂਬਰ, ਬਲਵਿੰਦਰ ਸਿੰਘ ਬਲੋ ਚੇਅਰਮੈਨ ਮਾਰਕਿਟ ਕਮੇਟੀ, ਜਗਸੀਰ ਸਿੰਘ ਸਰਪੰਚ ਗੁਰੂ ਤੇਗ ਬਹਾਦਰ ਨਗਰ, ਜਤਿੰਦਰ ਸਿੰਘ ਸਰਪੰਚ ਗੁਰੂ ਨਾਨਕ ਨਗਰ, ਰਾਜਵੀਰ ਸਿੰਘ ਸਰਪੰਚ ਬਲਮਗੜ੍ਹ, ਨਰਿੰਦਰ ਸਿੰਘ ਸਰਪੰਚ ਬਰਸਟ, ਇੰਦਰਜੀਤ ਸਿੰਘ ਸਰਪੰਚ ਰਣਬੀਰਪੁਰ (ਕੌਰਜੀਵਾਲ), ਯਾਦਵਿੰਦਰ ਸਿੰਘ ਸਰਪੰਚ ਅਜੀਤ ਨਗਰ, ਜਗਦੀਪ ਸਿੰਘ ਸਰਪੰਚ ਪਹਾੜਪੁਰ, ਪਰਗਟ ਸਿੰਘ ਸਰਪੰਚ ਢਕੜਬਾ, ਲਖਵਿੰਦਰ ਸਿੰਘ ਸਰਪੰਚ ਅਸਮਾਨਪੁਰ, ਲਾਡੀ ਸਰਪੰਚ ਮਿਆਲ ਖੁਰਦ, ਭੁਪਿੰਦਰ ਸਿੰਘ ਸਰਪੰਚ ਕਾਲੇਹ ਮਾਜਰਾ, ਕੁਲਜੀਤ ਸਿੰਘ ਸਰਪੰਚ ਤੁਲੇਵਾਲ, ਗੁਰਪ੍ਰੀਤ ਸਿੰਘ ਸਰਪੰਚ ਸਹਿਜਪੁਰਾ ਖੁਰਦ, ਮਲਕੀਤ ਸਿੰਘ ਸਰਪੰਚ ਸ਼ੇਰਮਾਜਰਾ, ਗੁਰਦੀਪ ਸਿੰਘ ਸਰਪੰਚ ਦੋਦੜਾ, ਸ਼ੰਕਰ ਸਿੰਘ ਸਰਪੰਚ ਖੇੜਕੀ, ਐਡਵੋਕੇਟ ਹਰਤੇਜ ਸਿੰਘ ਸੰਧੂ, ਐਡਵੋਕੇਟ ਸੁਭਾਸ਼ ਠਾਕੁਰ, ਰਵਿੰਦਰ ਸਿੰਘ ਸੋਹਲ, ਬਲਬੀਰ ਸਿੰਘ ਮੈਂਬਰ, ਬਲਜਿੰਦਰ ਸਿੰਘ ਮੈਂਬਰ, ਸੁਰਜੀਤ ਸਿੰਘ ਮੈਂਬਰ, ਜਰਨੈਲ ਸਿੰਘ ਮੈਂਬਰ, ਅਮਰੀਕ ਸਿੰਘ ਮੈਂਬਰ, ਸੁਖੀ ਖਤੱਰੀਵਾਲ, ਹਰਦੇਵ ਸਿੰਘ ਗੋਗੀ, ਦਰਸ਼ਨ ਸਿੰਘ ਪ੍ਰਧਾਨ, ਅੰਗਰੇਜ ਸਿੰਘ ਭੁੱਲਰ, ਬਲਵਿੰਦਰ ਸਿੰਘ ਵੜੈਚ, ਮੋਹਰ ਸਿੰਘ ਸਾਬਕਾ ਸਰਪੰਚ, ਬੇਅੰਤ ਸਿੰਘ ਚੀਮਾ ਨੰਬਰਦਾਰ, ਨਵਨੀਤ ਸਿੰਘ ਮਿਟਾ, ਰਣਜੀਤ ਸਿੰਘ ਸੈਕਟਰੀ, ਲਾਭ ਸਿੰਘ, ਸਰਦਾਰਾ ਸਿੰਘ, ਤਰਸੇਮ ਸਿੰਘ ਸਾਬਕਾ ਸਰਪੰਚ, ਰਾਝਾ ਰਾਮ, ਭਗਵਾਨ ਦਾਸ, ਸੰਦੀਪ ਕੁਮਾਰ, ਮਹਿੰਦਰ ਕੁਮਾਰ ਥਰੇਜਾ, ਅਨਿਲ ਕੁਮਾਰ ਬਾਂਸਲ, ਕਸ਼ਮੀਰ ਸਿੰਘ ਬੰਮਣਾ, ਯਾਦਵਿੰਦਰ ਸਿੰਘ ਬੰਮਣਾ ਸਾਬਕਾ ਸਰਪੰਚ, ਮਨਪ੍ਰੀਤ ਸਿੰਘ ਪੰਚ, ਕੁਲਦੀਪ ਸਿੰਘ, ਜੋਗਿੰਦਰ ਸਿੰਘ, ਸ਼ਾਮ ਲਾਲ ਦੱਤ ਮੈਂਬਰ ਮੰਡੀ ਬੋਰਡ, ਬਲਕਾਰ ਡਕਾਲਾ ਮੈਂਬਰ ਮੰਡੀ ਬੋਰਡ, ਹਜਾਰੀ ਲਾਲ ਜੌਹਰੀ, ਸ਼ੰਕਰ ਜਿੰਦਲ, ਹੇਮਇੰਦਰ ਸਿੰਘ, ਦਵਿੰਦਰ ਸ਼ੇਰਮਾਜਰਾ, ਜਗਤਾਰ ਸਿੰਘ, ਅਵਤਾਰ ਸਿੰਘ, ਕਾਲਾ ਸਿੰਘ, ਹਰਪਾਲ ਸਿੰਘ, ਤਰਸੇਮ ਸਿੰਘ, ਗੁਰਨੈਬ ਸਿੰਘ ਕੁਲਬੁਰਸ਼ਾਂ, ਰਾਜਵੀਰ ਸਿੰਘ ਪੰਚ ਸਹਿਜਪੁਰਾ ਖੁਰਦ, ਲਖਵਿੰਦਰ ਸਿੰਘ ਲੱਖੀ ਸਾਬਕਾ ਸਰਪੰਚ ਲਲੌਛੀ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ ਸਾਬਕਾ ਸਰਪੰਚ ਸਰਾਜਪੁਰ, ਜਸਵੰਤ ਸਿੰਘ ਸਾਬਕਾ ਸਰਪੰਚ ਮਹਿਮਦਪੁਰ, ਰਣਜੀਤ ਸਿੰਘ ਕੌਰਜੀਵਾਲ, ਕਮਲਦੀਪ ਸਿੰਘ ਨੰਬਰਦਾਰ ਕਮਾਸਪੁਰ, ਬਲਵਿੰਦਰ ਸਿੰਘ ਸਾਬਕਾ ਸਰਪੰਚ ਹਰਿਪੁਰ, ਭਰਪੂਰ ਸਿੰਘ ਮਹਿਮਦਪੁਰ, ਹੰਸਰਾਜ ਨੰਬਰਦਾਰ ਗਾਜੀਸਲਾਰ, ਗੁਰਦੀਪ ਸਿੰਘ ਮੈਂਬਰ, ਹਰਜਿੰਦਰ ਸਿੰਘ ਮੈਂਬਰ ਸਮੇਤ ਸੈਂਕੜਾ ਦੀ ਗਿਣਤੀ ਵਿੱਚ ਲੋਕ ਮੌਜੂਦ ਰਹੇ।

## ਨਿਊ ਮਹਿੰਦਰਾ ਕਲੋਨੀ ਵਾਸੀਆਂ ਨੂੰ ਸੀਵਰੇਜ਼ ਦੇ ਗੰਦੇ ਪਾਣੀ ਤੋਂ ਮਿਲੀ ਨਿਜ਼ਾਤ

**ਮੇਅਰ ਕੁੰਦਨ ਗੋਗੀਆ ਛੁੱਟੀ ਵਾਲੇ ਦਿਨ ਪਹੁੰਚੇ 'ਆਨ ਡਿਊਟੀ'**

ਪਟਿਆਲਾ, 4 ਅਪ੍ਰੈਲ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੀ ਨਿਊ ਮਹਿੰਦਰਾ ਕਲੋਨੀ ਵਿਖੇ ਸੀਵਰੇਜ਼ ਦੇ ਗੰਦੇ ਪਾਣੀ ਦੀ ਮਾਰ ਝੱਲ ਰਹੇ ਲੋਕਾਂ ਲਈ ਮੇਅਰ ਕੁੰਦਨ ਗੋਗੀਆ ਇੱਕ ਵਾਰ ਫਿਰ 'ਮਸੀਹਾ' ਬਣ ਕੇ ਬਹੁੜੇ ਹਨ। ਆਪਣੀ ਰਵਾਇਤ ਨੂੰ ਬਰਕਰਾਰ ਰੱਖਦਿਆਂ, ਮੇਅਰ ਛੁੱਟੀ ਵਾਲੇ ਦਿਨ ਵੀ ਖੁਦ ਮੌਕੇ 'ਤੇ ਪਹੁੰਚ ਕੇ 'ਆਨ ਡਿਊਟੀ' ਰਹੇ ਅਤੇ ਨਿੱਜੀ ਦਿਲਚਸਪੀ ਲੈ ਕੇ ਇਲਾਕੇ ਦੀ ਇਸ ਗੰਭੀਰ ਸਮੱਸਿਆ ਦਾ ਨਿਪਟਾਰਾ ਕਰਵਾਇਆ। ਜ਼ਿਕਰਯੋਗ ਹੈ ਕਿ ਨਿਊ ਮਹਿੰਦਰਾ ਕਲੋਨੀ ਦਾ ਇਲਾਕਾ ਭੂਗੋਲਿਕ ਤੌਰ 'ਤੇ ਡੂੰਘਾ ਹੋਣ ਕਾਰਨ ਇੱਥੇ ਅਕਸਰ ਸੀਵਰੇਜ਼ ਦਾ ਗੰਦਾ ਪਾਣੀ ਜਮ੍ਹਾਂ ਹੋ ਜਾਂਦਾ ਸੀ, ਜਿਸ ਨਾਲ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਸੀ। ਮੇਅਰ ਕੁੰਦਨ ਗੋਗੀਆ ਨੇ ਮੌਕੇ 'ਤੇ ਹੀ ਨਗਰ ਨਿਗਮ ਦੀਆਂ ਟੀਮਾਂ ਨੂੰ ਸੱਦ ਕੇ ਮੋਟਰ ਪੰਪ ਲਗਵਾਇਆ ਅਤੇ ਖੜ੍ਹੇ ਗੰਦੇ ਪਾਣੀ ਨੂੰ ਬਾਹਰ ਕਢਵਾਇਆ। ਇਸ ਦੇ ਨਾਲ



ਹੀ ਪਾਣੀ ਦੀ ਨਿਕਾਸੀ ਨੂੰ ਸੁਚਾਰੂ ਬਣਾਉਣ ਲਈ ਲੋੜ ਮੁਤਾਬਿਕ ਨਵੇਂ ਪਾਈਪ ਵੀ ਪਾਏ ਗਏ। ਇਸ ਤੁਰੰਤ ਕਾਰਵਾਈ ਨਾਲ ਕਲੋਨੀ ਦੇ 2000 ਤੋਂ ਵੱਧ ਵਸਨੀਕਾਂ ਨੇ ਸੁਖ ਦਾ ਸਾਹ ਲਿਆ ਹੈ। ਇਲਾਕਾ ਨਿਵਾਸੀਆਂ ਨੇ ਮੇਅਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਹਿਲੀ ਵਾਰ ਅਜਿਹਾ ਮੇਅਰ ਦੇਖ ਰਹੇ ਹਨ, ਜੋ ਦਫ਼ਤਰਾਂ ਵਿੱਚ ਬੈਠਣ ਦੀ ਬਜਾਏ ਖ਼ੁਦ ਗੰਦਗੀ ਵਾਲੀਆਂ ਥਾਵਾਂ 'ਤੇ ਖੜ੍ਹੇ ਹੋ ਕੇ ਕੰਮ ਕਰਵਾਉਂਦੇ ਹਨ। ਲੋਕਾਂ ਅਨੁਸਾਰ ਮੇਅਰ ਦੇ ਇਸ ਕਦਮ ਨਾਲ ਹੁਣ ਉਨ੍ਹਾਂ ਨੂੰ ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਮਿਲਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੇਰਾ ਮਕਸਦ ਸਿਰਫ਼ ਮੇਅਰ ਦੀ ਕੁਰਸੀ 'ਤੇ ਬੈਠਣਾ ਨਹੀਂ, ਸਗੋਂ ਪਟਿਆਲਾ ਦੇ ਹਰ ਨਾਗਰਿਕ ਦੀ ਸਮੱਸਿਆ ਨੂੰ ਹੱਲ ਕਰਨਾ ਹੈ। ਨਿਊ ਮਹਿੰਦਰਾ ਕਲੋਨੀ ਦੇ ਲੋਕਾਂ ਦੀ ਤਕਲੀਫ਼ ਮੇਰੀ ਆਪਣੀ ਤਕਲੀਫ਼ ਸੀ। ਉਨ੍ਹਾਂ ਭਰੋਸਾ ਦਿੱਤਾ ਕਿ ਸ਼ਹਿਰ ਦੇ ਹੋਰਨਾਂ ਡੂੰਘੇ ਇਲਾਕਿਆਂ ਵਿੱਚ ਵੀ ਸੀਵਰੇਜ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਜਾ ਰਹੀ ਹੈ, ਤਾਂ ਜੋ ਆਉਣ ਵਾਲੇ ਮਾਨਸੂਨ ਦੌਰਾਨ ਲੋਕਾਂ ਨੂੰ ਕੋਈ ਦਿੱਕਤ ਨਾ ਆਵੇ। ਇਸ ਮੌਕੇ ਨਗਰ ਨਿਗਮ ਤੋਂ ਰਾਜੇਸ਼ ਜੇ ਈ, ਕਾਰਤਿਕ ਜੇ ਈ, ਮਨੀਸ਼ ਐਸ ਡੀ ਓ ਅਤੇ ਹੋਰ ਅਧਿਕਾਰੀ ਅਤੇ ਕਲੋਨੀ ਦੇ ਪਤਵੰਤੇ ਸੱਜਣ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਕੌਮੀ ਪੁਰਸਕਾਰ ਨਾਲ ਰਾਮ ਸਿੰਘ ਅਲਬੇਲਾ ਦਾ ਸਨਮਾਨ

ਭਾਦਸੋਂ, 4 ਅਪ੍ਰੈਲ (ਭਰਪੂਰ ਸਿੰਘ ਮੱਟਰਾਂ) : ਵਾਤਾਵਰਨ ਪ੍ਰੇਮੀ




ਗਾਇਕ ਰਾਮ ਸਿੰਘ ਅਲਬੇਲਾ ਨੂੰ ਵੱਡਾ ਸਨਮਾਨ ਮਿਲਿਆ ਹੈ। ਉਹਨਾਂ ਨੂੰ ਵਾਤਾਵਰਨ ਬਚਾਉਣ ਸਮਾਜਿਕ ਬੁਰਾਈਆਂ ਖਤਮ ਕਰਨ ਅਤੇ ਕਿਸਾਨਾਂ ਲਈ ਜਾਗਰੂਕਤਾ ਫੈਲਾਉਣ ਵਾਲੇ ਗੀਤ ਗਾਉਣ ਲਈ ਕੌਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਭਾਰਤ ਸਰਕਾਰ ਦੇ ਅਦਾਰੇ ਆਈ ਸੀ ਏ ਆਰ ਆਈ ਏ ਆਰ ਆਈ ਨਵੀਂ ਦਿੱਲੀ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਦਿੱਤਾ ਗਿਆ। ਇਸ ਮੌਕੇ 'ਤੇ ਕਈ ਮੁੱਖ ਸ਼ਖਸੀਅਤਾਂ ਵੀ ਮੌਜੂਦ ਸਨ ਰਾਮ ਸਿੰਘ ਅਲਬੇਲਾ ਦੀ ਇਸ ਕਾਮਯਾਬੀ ਨਾਲ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ। ਲੋਕਾਂ ਵੱਲੋਂ ਉਹਨਾਂ ਤੇ ਉਹਨਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਇਹ ਪ੍ਰਾਪਤੀ ਇਲਾਕੇ ਲਈ ਮਾਣ ਵਾਲੀ ਗੱਲ ਹੈ।

## ਭਗਵਾਨ ਸ੍ਰੀ ਰਾਮ ਜੀ ਦੇ ਅਵਤਾਰ ਨੂੰ ਸਮਰਪਿਤ ਸ੍ਰੀ ਰਾਮ ਚਰਿਤ ਮਾਨਸ ਕਥਾ ਸਪਤਾਹ

ਸਮਾਣਾ, 4 ਅਪ੍ਰੈਲ (ਵਿਜੇ ਕੁਮਾਰ/ਜਵੰਦਾ) : ਸਥਾਨਕ ਅਗਰਵਾਲ ਧਰਮਸ਼ਾਲਾ ਵਿਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੇ ਸ੍ਰੀ ਰਾਮ ਚਰਿਤ ਮਾਨਸ ਕਥਾ ਸਪਤਾਹ ਦੇ ਦੂਜੇ ਦਿਨ ਸ੍ਰੀ ਰਾਮ ਜੀ ਨੂੰ ਅਵਤਾਰ ਲੈਣ ਦੀ ਕਿਉਂ ਲੋੜ ਪਈ ਸੰਬਧੀ ਅਚਾਰੀਆ ਜੀ ਨੇ ਵਿਸਥਾਰ ਪੂਰਵਕ ਦੱਸਿਆ। ਸਵਾਮੀ ਬ੍ਰਹਮ ਦੇਵ ਜੀ ਅਤੇ ਸ਼੍ਰੀ ਨਿਜਾ ਨੰਦ (ਗੰਗਾ ਨਗਰ ਵਾਲਿਆਂ) ਦੀ ਅਗਵਾਈ 'ਚ ਸ਼੍ਰੀ ਜਗਦੰਬਾ ਆਸ਼ਰਮ ਕਮੇਟੀ ਵੱਲੋਂ ਕਰਵਾਏ ਜਾ ਰਹੇ ਇਸ ਸਮਾਰੋਹ 'ਚ ਪਰਮਪੂਜਨੀਕ ਅਚਾਰੀਆ ਸ਼੍ਰੀ ਮਨਦੀਪ ਸਾਸ਼ਤਰੀ ਜੀ ਨੇ ਭਗਵਾਨ ਸੰਕਰ ਜੀ ਦੇ ਵਿਆਹ ਅਤੇ ਭਗਵਾਨ ਸ਼੍ਰੀ ਰਾਮ ਜੀ ਦੇ ਅਵਤਾਰ ਲੈਣ 'ਤੇ ਚਾਨਣਾ ਪਾਇਆ। ਸਮਾਗਮ



ਦੌਰਾਨ ਸੇਵਕਾਂ ਵੱਲੋਂ ਸਵਾਮੀ ਬ੍ਰਹਮਦੇਵ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਮਨਾਇਆ। ਇਸ ਮੌਕੇ ਸੰਸਥਾ ਦੇ ਸ੍ਰਪਰਸਤ ਰਮੇਸ਼ ਗਰਗ, ਸਾਬਕਾ ਪ੍ਰਧਾਨ ਨਗਰ ਕੌਂਸਲ ਕਪੂਰ ਚੰਦ ਬਾਂਸਲ,ਪ੍ਰਧਾਨ ਰਜਿੰਦਰ ਜਜੀ, ਸਾਬਕਾ ਪ੍ਰਧਾਨ ਨਗਰ ਕੌਂਸਲ ਯਸ਼ਪਾਲ ਸਿੰਗਲਾ, ਅਗਰਵਾਲ ਧਰਮਸ਼ਾਲਾ ਦੇ ਸਾਬਕਾ ਪ੍ਰਧਾਨ ਜੀਵਨ ਗਰਗ, ਕੌਂਸਲਰ ਦਰਸ਼ਨ ਮਿੱਤਲ, ਸੀਤਾ ਰਾਮ ਗੁਪਤਾ, ਸੁਰਿੰਦਰ ਕੁਮਾਰ,ਸ਼ਸ਼ੀ ਭੂਸ਼ਣ ਸਿੰਗਲਾ, ਮੋਹਨ ਲਾਲ, ਬਿੱਟੂ ਧੀਮਾਨ, ਵਿਨੋਦ ਮਿੱਤਲ, ਨਰੇਸ਼ ਕੁਮਾਰ, ਵਿਪਨ ਕੁਮਾਰ, ਨਰੇਸ਼ ਸ਼ਰਮਾ, ਹੇਮਰਾਜ, ਸਰੋਜ ਰਾਣੀ, ਅਣੂ,ਉਮਾ ਰਾਣੀ, ਸੀਮਾ ਰਾਣੀ, ਨੀਲਮ ਰਾਣੀ, ਪੂਨਮ ਰਾਣੀ, ਸੁਮਨ ਰਾਣੀ, ਜੋਤੀ ਮਿੱਤਲ, ਊਸ਼ਾ ਰਾਣੀ, ਰੋਮੀਆ ਗੁਪਤਾ ਆਦਿ ਤੋਂ ਇਲਾਵਾ ਹਜ਼ਾਰਾਂ ਭਗਤਾਂ ਨੇ ਵੀ ਸਮਾਗਮ ਵਿਚ ਸਮੂਲੀਅਤ ਕਰਕੇ ਸਵਾਮੀ ਜੀ ਤੋਂ ਅਸ਼ੀਰਵਾਦ ਲਿਆ।

## ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਸਫ਼ਲਤਾਪੂਰਵਕ ਸੰਪੰਨ

ਸਮਾਣਾ, 4 ਅਪ੍ਰੈਲ (ਵਿਜੇ ਕੁਮਾਰ) : ਪਬਲਿਕ ਕਾਲਜ ਸਮਾਣਾ ਅਧੀਨ ਚਲਾਏ ਜਾ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਸਮਾਣਾ ਦੇ ਐਨ. ਐਸ. ਐਸ.ਵਿਭਾਗ ਵੱਲੋਂ ਸਹਾਇਕ ਡਾਇਰੈਕਟਰ ਜਿਲ੍ਹਾ ਯੁਵਕ ਸੇਵਾਵਾਂ, ਪਟਿਆਲਾ ਦੇ ਨਿਰਦੇਸ਼ਾ ਤਹਿਤ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਇੱਕ ਸੱਤ ਰੋਜ਼ਾ ਵਿਸ਼ੇਸ਼ ਐਨ.ਐਸ.ਐਸ. ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਵਲੰਟੀਅਰਜ਼ ਲਈ ਵੱਖ-ਵੱਖ ਗਤੀਵਿਧੀਆਂ ਜਿਵੇ ਵੱਖ-ਵੱਖ ਖੇਡਾਂ, ਸਵੱਛਤਾ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਵਿਸ਼ਿਆਂ ਤੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਣ ਮੁਕਾਬਲਿਆਂ ਤੋ ਇਲਾਵਾ ਲੈਕਚਰ ਸੈਸ਼ਨ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਸਫ਼ਲਤਾਪੂਰਕ ਕੀਤਾ ਗਿਆ। ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਕੈਂਪ ਦੌਰਾਨ ਬਹੁਤ ਹੀ ਜਿੰਮੇਵਾਰੀ



ਅਤੇ ਤਨਦੇਹੀ ਨਾਲ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਵਲੰਟੀਅਰਜ਼ ਦੀ ਸ਼ਲਾਘਾ ਕੀਤੀ। ਕੈਂਪ ਦੌਰਾਨ ਸਰਕਾਰੀ ਹਾਈ ਸਕੂਲ ਕੁਤਬਨਪੁਰ ਤੋ ਮੈਡਮ ਹਰਪ੍ਰੀਤ ਕੌਰ ਅਤੇ ਸਰਕਾਰੀ ਹਾਈ ਸਕੂਲ, ਸਹਿਜਪੁਰ ਕਲਾ ਤੋ ਸਾਇੰਸ ਟੀਚਿਰ ਅਤੇ ਰਾਸਟਰੀ ਬੈਡਮਿੰਟਨ ਖਿਡਾਰੀ ਜੀਵਨਜੋਤ ਸਿੰਘ ਨੇ ਵਲੰਟੀਅਰਜ ਨੂੰ ਸਫਲ ਅਤੇ ਸਵਸਥ ਜੀਵਨ ਜੀਉਣ ਸਬੰਧੀ ਲੈਕਚਰ ਦਿੱਤੇ। ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਵਾਈਸ ਪ੍ਰਿੰਸੀਪਲ ਅਤੇ ਮੁੱਖੀ ਕਾਮਰਸ ਵਿਭਾਗ ਡਾ. ਹਰਕੀਰਤਨ ਕੌਰ ਨੇ ਵਲੰਟੀਟਰਜ਼ ਨੂੰ ਕੈਂਪ ਦੌਰਾਨ ਪ੍ਰਾਪਤ ਕੀਤੀਆਂ ਉਪਲਬਧੀਆਂ ਨੂੰ ਸਮਾਜ ਵਿੱਚ ਲਾਗੂ ਕਰਕੇ ਚੰਗੇ ਸਮਾਜ ਦਾ ਨਿਰਮਾਣ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਇਸ ਮੌਕੇ ਹਾਜਰ ਅਧਿਆਪਕ ਸਾਹਿਬਾਨ ਪ੍ਰੋ. ਹਰਪ੍ਰੀਤ ਕੌਰ, ਮੁੱਖੀ ਰਾਜਨੀਤੀ ਸ਼ਾਸਤਰ ਵਿਭਾਗ, ਪ੍ਰੋ. ਅਸ਼ਵਨੀ ਕੁਮਾਰ, ਕੈਂਪ ਇੰਚਾਰਜ ਤੋ ਇਲਾਵਾ ਪ੍ਰੋ. ਮੋਨੀਕਾ ਗੋਇਲ ਅਤੇ ਪ੍ਰੋ. ਪਰਮਜੀਤ ਕੌਰ ਨਾਲ ਮਿਲ ਕੇ ਸਾਰੇ ਵਲੰਟੀਅਰਜ਼ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਕੈਂਪ ਇੰਚਾਰਜ ਪ੍ਰੋ. ਅਸ਼ਵਨੀ ਕੁਮਾਰ ਵਲੋ ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਲੰਟੀਅਰਜ਼ ਦਾ ਧੰਨਵਾਦ ਕੀਤਾ ਗਿਆ।

## *ਮਾੜੂ, ਹਡਾਣਾ, ਭਾਂਖਰ ਸਮੇਤ ਕਈ ਪਿੰਡਾਂ 'ਚ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਮੁਹਿੰਮ ਤਹਿਤ ਭਰਵਾਂ ਇਕੱਠ*

ਦੇਵੀਗੜ੍ਹ, 4 ਅਪ੍ਰੈਲ (ਗੁਰਜੀਤ ਸਿੰਘ ਢੋਟ ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਸਫ਼ਲ ਕਾਰਜਕਾਲ ਦਾ ਜਸ਼ਨ ਹਲਕਾ ਸਨੌਰ ਦੇ ਪਿੰਡਾਂ ਵਿੱਚ ਲੋਕਾਂ ਦੇ ਉਤਸ਼ਾਹ ਰਾਹੀਂ ਦੇਖਣ ਨੂੰ ਮਿਲ ਰਿਹਾ ਹੈ। ਅੱਜ ਹਲਕਾ ਇੰਚਾਰਜ ਅਤੇ ਚੇਅਰਮੈਨ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਮਾੜੂ, ਹਡਾਣਾ, ਭਾਂਖਰ, ਅਲੀਪੁਰ ਜੱਟਾਂ, ਬਲਬੇੜਾ, ਪੰਜੋਲਾ ਅਤੇ ਮਹਾਦੀਪੁਰ ਦਾ ਵਿਸ਼ੇਸ਼ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਸਰਕਾਰ ਦੀਆਂ ਪ੍ਰਾਪਤੀਆਂ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਸੰਬੋਧਨ ਦੌਰਾਨ ਸ. ਹਡਾਣਾ ਨੇ ਹਲਕਾ ਨਿਵਾਸੀਆਂ ਨੂੰ ਵੱਡੀ ਖ਼ੁਸ਼ਖ਼ਬਰੀ ਦਿੰਦਿਆਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਮਹਿਲਾਵਾਂ ਨੂੰ



ਮਾਂਵਾਂ, ਧੀਆਂ ਸਤਿਕਾਰ ਯੋਜਨਾਂ ਤਹਿਤ 1000-1500 ਰੁਪਏ ਮਾਸਿਕ ਵਿੱਤੀ ਸਹਾਇਤਾ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਲਈ ਉਨ੍ਹਾਂ ਸਮੂਹ ਹਲਕਾ ਨਿਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਮਾਤਾ-ਭੈਣ ਨੂੰ ਦਫ਼ਤਰਾਂ ਵਿੱਚ ਖੱਜਲ-ਖੁਆਰ ਹੋਣ ਦੀ ਲੋੜ ਨਹੀਂ ਪਵੇਗੀ, ਸਗੋਂ ਪ੍ਰਸ਼ਾਸਨਿਕ ਟੀਮਾਂ ਅਤੇ ਵਲੰਟੀਅਰ ਖ਼ੁਦ ਘਰ-ਘਰ ਪਹੁੰਚ ਕੇ ਫ਼ਾਰਮ ਭਰਨਗੇ। ਇਸ ਮੌਕੇ ਉਨ੍ਹਾਂ ਨਾਲ ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਚੇਅਰਮੈਨ ਸਰਬਜੀਤ ਸਿੰਘ ਨੈਣਾ, ਵਾਈਸ ਚੇਅਰਮੈਨ ਸਿਮਰਜੀਤ ਸਿੰਘ ਸੋਹਲ, ਤੇਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ ਹਰਪ੍ਰੀਤ ਸਿੰਘ ਘੁਮਾਣ ਬਲਾਕ ਪ੍ਰਧਾਨ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਾਮ ਇੰਦਰ ਜਮਨਾ, ਰਾਜਾ ਧੰਜੂ ਸਰਪੰਚ, ਭੁਪਿੰਦਰ ਸਿੰਘ ਸੀਨੀਅਰ ਆਪ ਆਗੂ ਅਤੇ ਭਾਰੀ ਗਿਣਤੀ ਵਿੱਚ ਵਰਕਰ ਤੇ ਪਿੰਡਾਂ ਦੇ ਪਤਵੰਤੇ ਸੱਜਣ ਮੌਜੂਦ ਸਨ।

## ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ ਅਤੇ ਰਾਸ਼ਨ ਕਿੱਟ ਵੰਡੀ




ਪਟਿਆਲਾ, 4 ਅਪ੍ਰੈਲ (ਚ.ਨ.ਸ.) : ਸਥਾਨਕ ਗੁਰਬਖਸ਼ ਕਲੋਨੀ ਟੈਂਕੀ ਵਾਲਾ ਪਾਰਕ ਵਿਖੇ ਏਰੀਆ ਡਿਵੈਲਪਮੈਂਟ ਐਸੋਸੀਏਸ਼ਨ ਵੱਲੋਂ ਆਰਿਆ ਸੀਨੀਅਰ ਸੈਕੰਡਰੀ ਸਕੂਲ, ਵੀਰ ਹਕੀਕਤ ਮਾਡਲ ਸਕੂਲ ਅਤੇ ਪ੍ਰਾਇਮਰੀ ਸਰਕਾਰੀ ਸਕੂਲ ਤਫੱਜਲਪੁਰਾ ਦੇ ਪ੍ਰਿੰਸੀਪਲ ਨੂੰ ਸਕੂਲਾਂ ਦੇ ਨਵੇਂ ਅਕਾਦਮਿਕ ਸੈਸ਼ਨ ਸ਼ੁਰੂ ਹੋਣ 'ਤੇ ਸਕੂਲਾਂ ਦੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਮਦਦ ਵਾਸਤੇ 1300 ਕਾਪੀਆਂ ਸੌਂਪੀਆਂ। ਇਸ ਤੋਂ ਇਲਾਵਾ ਇਲਾਕੇ ਦੇ 10 ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਕਿੱਟ ਵੰਡੀ ਗਈ। ਇਸ ਮੌਕੇ 'ਤੇ ਵਾਰਡ ਨੰ: 18 ਦੇ ਐਮ ਸੀ ਗਿਆਨ ਚੰਦ ਮੌਜੂਦ ਸਨ, ਜਿਨ੍ਹਾਂ ਨੇ ਇਸ ਸਮਾਜਿਕ ਨੇਕ ਕੰਮ ਤੋਂ ਖੁਸ਼ ਹੁੰਦੇ ਹੋਏ ਵੈਲਫੇਅਰ ਐਸੋਸੀਏਸ਼ਨ ਦੇ ਨੇਕ ਕੰਮ ਦੀ ਸ਼ਲਾਘਾ ਕੀਤੀ ਅਤੇ ਕਮੇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਐਸੋਸੀਏਸ਼ਨ ਦੇ ਕਰੀਬ 45 ਮੈਂਬਰ ਮੌਜੂਦ ਸਨ, ਜਿਨ੍ਹਾਂ ਨੇ ਜ਼ਰੂਰਤਮੰਦ ਦੀ ਮਦਦ ਨੂੰ ਲੈ ਕੇ ਐਸੋਸੀਏਸ਼ਨ ਦੇ ਮਕਸਦ ਦੀ ਸ਼ਲਾਘਾ ਕੀਤੀ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਸ਼ਾਮ ਲਾਲ ਮਿੱਤਲ ਨੇ ਮੌਜੂਦ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ । ਇਸ ਪ੍ਰੋਗਰਾਮ ਦੀ ਕਵਰੇਜ਼ ਪ੍ਰੈਸ ਸਕੱਤਰ ਨਰੇਸ਼ ਕੁਮਾਰ ਪੱਪੀ ਵੱਲੋਂ ਕੀਤੀ।

## ਪੰਜਾਬੀ ਯੂਨੀਵਰਸਿਟੀ ਵਿਖੇ ਪੰਜ-ਰੋਜ਼ਾ ਸਾਹਿਤ ਉਤਸਵ ਯਾਦਗਾਰੀ ਪੈੜਾਂ ਛੱਡਦਾ ਸੰਪੰਨ

ਪਟਿਆਲਾ, 4 ਅਪ੍ਰੈਲ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਸਾਹਿਤ ਸਭਾ ਵੱਲੋਂ ਆਯੋਜਿਤ 12ਵਾਂ ਪੁਸਤਕ ਮੇਲਾ ਅਤੇ ਸਾਹਿਤ ਉਤਸਵ-2026 ਆਪਣੀ ਅਮੀਰ ਸਾਹਿਤਕ ਰੰਗਤ ਬਿਖੇਰਦਾ ਹੋਇਆ ਸਫਲਤਾਪੂਰਵਕ ਸੰਪੰਨ ਹੋ ਗਿਆ। ਮਿਤੀ 30 ਮਾਰਚ ਤੋਂ 3 ਅਪ੍ਰੈਲ, 2026 ਤੱਕ ਚੱਲੇ ਇਸ ਮੇਲੇ ਨੇ ਨਾ ਸਿਰਫ਼ ਪੁਸਤਕ ਪ੍ਰੇਮੀਆਂ ਦੀ ਭੀੜ ਜੁਟਾਈ, ਸਗੋਂ ਪੰਜਾਬੀ ਮਾਂ-ਬੋਲੀ ਅਤੇ ਪੜ੍ਹਨ-ਲਿਖਣ ਦੀ ਪ੍ਰਵਿਰਤੀ ਨੂੰ ਪ੍ਰਫੁੱਲਤ ਕਰਨ ਵਿੱਚ ਇੱਕ ਨਵਾਂ ਅਧਿਆਏ ਵੀ ਜੋੜਿਆ। ਵਿਦਾਇਗੀ ਸਮਾਰੋਹ ਵਿਚ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਪਹੁੰਚੀਆਂ ਹੋਈਆਂ ਸ਼ਖ਼ਸੀਅਤਾਂ ਦਾ ਹਾਰਦਿਕ ਸਵਾਗਤ ਕੀਤਾ.ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਪੰਜਾਬੀ ਵਿਭਾਗ ਵੱਲੋਂ




ਆਯੋਜਿਤ ਇਸ ਸਾਹਿਤ ਉਤਸਵ ਨੇ ਵੱਡੀ ਪੱਧਰ 'ਤੇ ਪਾਠਕਾਂ, ਲਿਖਾਰੀਆਂ, ਵਿਦਵਾਨਾਂ ਅਤੇ ਅਕਾਦਮਿਕ ਸ਼ਖ਼ਸੀਅਤਾਂ ਨੂੰ ਆਪਣੇ ਨਾਲ ਜੋੜ ਕੇ ਯਾਦਗਾਰੀ ਕਾਰਜ ਕੀਤਾ ਹੈ. ਅਜਿਹੇ ਉਤਸਵ ਨਵੀਂ ਪੀੜ੍ਹੀ ਨੂੰ ਅਮੀਰ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ.ਪਦਮ ਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਾਤਾਵਰਨ ਅਤੇ ਸਾਹਿਤ ਦੇ ਸੁਮੇਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਵੇਂ ਸਾਫ਼-ਸੁਥਰਾ ਵਾਤਾਵਰਣ ਸਰੀਰ ਲਈ ਜ਼ਰੂਰੀ ਹੈ, ਉਸੇ ਤਰ੍ਹਾਂ ਉੱਚ-ਕੋਟੀ ਦਾ ਸਾਹਿਤ ਮਨੁੱਖੀ ਮਨ ਦੀ ਅਰੋਗਤਾ ਲਈ ਲਾਜ਼ਮੀ ਹੈ।ਵਿਦਾਇਗੀ ਭਾਸ਼ਣ ਦਿੰਦਿਆਂ ਸ਼੍ਰੋਮਣੀ ਲੇਖਕ ਪ੍ਰਿੰ. ਸਰਵਣ ਸਿੰਘ ਨੇ ਕਿਹਾ ਕਿ ਪਿਛਲੇ ਪੰਜ ਦਿਨਾਂ ਵਿੱਚ ਹੋਈਆਂ ਗੋਸ਼ਟੀਆਂ, ਕਵੀ ਦਰਬਾਰ ਅਤੇ ਪੁਸਤਕ ਚਰਚਾਵਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਪਾਠਕ ਅੱਜ ਵੀ ਆਪਣੀ ਮਾਂ-ਬੋਲੀ ਅਤੇ ਉੱਚ-ਪਾਏ ਦੇ ਸਾਹਿਤ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਵਿਸ਼ੇਸ਼ ਮਹਿਮਾਨ ਪ੍ਰੋਫੈਸਰ ਬਲਤੇਜ ਸਿੰਘ ਮਾਨ ਨੇ ਇਸ ਸਮਾਗਮ ਨੂੰ ਅਦਬ ਅਤੇ ਪੁਸਤਕ-ਸੰਸਾਰ ਦੇ ਖ਼ੂਬਸੂਰਤ ਸੰਗਮ ਨਾਲ ਤੁਲਨਾ ਦਿੱਤੀ.ਇਸ ਮੌਕੇ ਸਾਹਿਤਕ ਖੇਤਰ ਵਿੱਚ ਦਹਾਕਿਆਂ ਬੱਧੀ ਪਾਏ ਯੋਗਦਾਨ ਲਈ ਤੇਲੂ ਰਾਮ ਕੁਹਾੜਾ, ਬੀ.ਐਸ.ਰਤਨ, ਪ੍ਰੋ. ਅੱਛਰੂ ਸਿੰਘ ਅਤੇ ਡਾ. ਪ੍ਰਭਸ਼ਰਨ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ. ਡੀਨ ਰਿਸਰਚ ਡਾ. ਰਿਤੂ ਲਹਿਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ. ਮੰਚ ਸੰਚਾਲਨ ਦੀ ਭੂਮਿਕਾ ਡਾ. ਮੋਨਿਕਾ ਸੱਭਰਵਾਲ ਨੇ ਬਾਖ਼ੂਬੀ ਨਿਭਾਈ। ਅੱਜ ਦੇ ਦਿਨ ਦੀਆਂ ਵੱਖ ਵੱਖ ਬੈਠਕਾਂ ਵਿਚ 'ਪੰਜਾਬੀ ਗਲਪ ਵਿਚ ਪੰਜਾਬੀ ਬੰਦੇ ਦੀ ਘਾੜਤ ਦਾ ਸਵਾਲ* ਵਿਸ਼ੇ ਤੇ ਮਰਹੂਮ ਗਲਪਕਾਰ ਡਾ. ਬਲਜੀਤ ਕੌਰ ਬੱਲੀ ਦੀ ਨਿੱਘੀ ਯਾਦ ਨੂੰ ਸਮਰਪਿਤ ਬੈਠਕ ਵਿਚ ਬਲਦੇਵ ਸਿੰਘ ਸੜਕਨਾਮਾ ਨੇ ਪਾਤਰਾਂ ਦੀ ਚੋਣ ਅਤੇ ਘਾੜਤ ਬਾਰੇ ਗੱਲ ਕਰਦਿਆਂ ਕਿਹਾ ਕਿ ਇੱਕ ਲੇਖਕ ਪਾਤਰਾਂ ਦੀ ਪਛਾਣ ਲੋਕ-ਬੋਲੀ, ਮੁਹਾਵਰਿਆਂ ਅਤੇ ਅਖਾਣਾਂ ਰਾਹੀਂ ਕਰਦਾ ਹੈ। ਪ੍ਰਸਿੱਧ ਪਰਵਾਸੀ ਪੰਜਾਬੀ ਗਲਪਕਾਰ ਜਰਨੈਲ ਸਿੰਘ ਨੇ ਕਿਹਾ ਕਿ ਪਰਵਾਸ ਵਿਚ ਔਰਤ ਦੀ ਸਥਿਤੀ ਪੰਜਾਬ ਨਾਲੋਂ ਵੱਖਰੀ ਹੈ। ਇਸ ਲਈ ਪਾਤਰਾਂ ਦੀ ਘਾੜਤ ਵੱਖਰੀ ਹੋਣੀ ਸੁਭਾਵਿਕ ਹੈ.ਸਾਹਿਤ ਅਕਾਦਮੀ ਪੁਰਸਕਾਰ ਵਿਜੈਤਾ ਗਲਪਕਾਰ ਜਿੰਦਰ ਦਾ ਮੰਨਣਾ ਸੀ ਕਿ ਲੇਖਕ ਨੂੰ ਕਦੇ ਵੀ ਕਿਸੇ ਵਿਚਾਰਧਾਰਾ ਪ੍ਰਤੀ ਕੱਟੜਤਾ ਨਹੀਂ ਦਿਖਾਉਣੀ ਚਾਹੀਦੀ. ਗਲਪਕਾਰ ਭਗਵੰਤ ਰਸੂਲਪੁਰੀ ਨੇ ਵਿਚਾਰਧਾਰਾ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਾਤਰਾਂ ਦੀ ਪੇਸ਼ਕਾਰੀ ਪਿੱਛੇ ਲੇਖਕ ਦਾ ਦ੍ਰਿਸ਼ਟੀਕੋਣ ਪ੍ਰਮੁੱਖ ਹੁੰਦਾ ਹੈ. ਲੇਖਕ ਨੂੰ ਪਾਤਰ, ਜੀਵਨ ਅਤੇ ਜਗਤ ਨੂੰ ਸਮਝਣ ਦੀ ਡੂੰਘੀ ਲੋੜ ਹੁੰਦੀ ਹੈ. ਗਲਪਕਾਰ ਗ.ਸ. ਨਕਸ਼ਦੀਪ ਪੰਜਕੋਹਾ ਨੇ ਦੱਸਿਆ ਕਿ ਪੱਛਮੀ ਦੇਸ਼ਾਂ ਵਿੱਚ ਵਸਦੇ ਪੰਜਾਬੀ ਪਰਿਵਾਰਾਂ ਦੀਆਂ ਅਗਲੀਆਂ ਪੀੜ੍ਹੀਆਂ ਅਵੇਸਲੇਪਣ ਕਾਰਨ ਆਪਣੀਆਂ ਜੜ੍ਹਾਂ ਤੋਂ ਟੁੱਟ ਰਹੀਆਂ ਹਨ। ਇਸ ਬੈਠਕ ਦਾ ਸੰਚਾਲਨ ਡਾ. ਗੁਰਮੁਖ ਸਿੰਘ ਨੇ ਕੀਤਾ.'ਬਾਲ ਸਾਹਿਤ ਦਾ ਸੰਕਟ: ਗੁਣਵੱਤਾ ਜਾਂ ਘਾਟਾ' ਵਿਸ਼ੇ 'ਤੇ ਅਧਾਰਿਤ ਦੂਜੀ ਬੈਠਕ ਵਿਚ 'ਬਾਲ ਸੰਦੇਸ਼ ਰਸਾਲੇ ਦੇ ਸੰਪਾਦਕ ਹਿਰਦੇਪਾਲ ਸਿੰਘ, ਡਾ. ਕੁਲਬੀਰ ਸਿੰਘ ਸੂਰੀ, ਡਾ. ਦਰਸ਼ਨ ਸਿੰਘ ਆਸ਼ਟ ਅਤੇ ਮਨਮੋਹਨ ਸਿੰਘ ਦਾਊਂ ਨੇ ਬਾਲ ਸਾਹਿਤ ਦੀਆਂ ਮੌਜੂਦਾ ਚੁਣੌਤੀਆਂ *ਤੇ ਚਰਚਾ ਕੀਤੀ. ਇਸ ਬੈਠਕ ਦੇ ਸੰਚਾਲਕ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਸਨ. ਇਨ੍ਹਾਂ ਅਹਿਮ ਬੈਠਕਾਂ ਵਿਚ ਪੰਜਾਬੀ ਸਾਹਿਤ ਦੀਆਂ ਅਹਿਮ ਸ਼ਖ਼ਸੀਅਤਾਂ ਅਤੇ ਮਾਹਿਰਾਂ ਤੋਂ ਇਲਾਵਾ ਖੋਜਾਰਥੀਆਂ, ਵਿਦਿਆਰਥੀਆਂ, ਸਾਹਿਤ ਪ੍ਰੇਮੀਆਂ ਅਤੇ ਪਾਠਕ ਵਰਗ ਨੇ ਸ਼ਮੂਲੀਅਤ ਕੀਤੀ।

*ਅਗਰਵਾਲ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ*

## ਪ੍ਰਵੇਸ਼ ਗਰਗ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ 'ਚ ਨਿੱਤਰੇ

ਸਮਾਣਾ, 4 ਅਪ੍ਰੈਲ (ਜਵੰਦਾ) : ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਲਈ ਬਾਲ ਗੰਗਾਧਰ ਤਿਲਕ ਜ਼ੋਨ ਏ ਤੋਂ ਪ੍ਰਵੇਸ਼ ਗਰਗ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ ਵਿੱਚ ਆਏ ਹਨ। ਪ੍ਰਵੇਸ਼ ਗਰਗ ਆਪਣੀ ਮਿਲਣਸਾਰ ਸ਼ਖ਼ਸੀਅਤ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਵਾਲੇ ਇਨਸਾਨ ਹਨ।



ਇਸ ਮੌਕੇ ਪ੍ਰਵੇਸ਼ ਗਰਗ ਨੇ ਕਿਹਾ ਕਿ ਜੇਕਰ ਜ਼ੋਨ ਦੇ ਲੋਕ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਬਹੁਮਤ ਨਾਲ ਜਿੱਤ ਦਰਜ ਕਰਨਗੇ।

## ਧਾਰਮਿਕ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਸ਼ਰਧਾਲੂਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਗੁਰਲਾਲ ਘਨੌਰ ਵੱਲੋਂ ਸਨਮਾਨ

ਘਨੌਰ, 4 ਅਪ੍ਰੈਲ (ਮਦਨ ਲਾਲ) : ਅੱਜ ਦਿਨ ਸ਼ਨੀਵਾਰ ਰਾਜਪੁਰਾ ਵਾਰਡ ਨੰਬਰ 16 ਅਜੀਤ ਨਗਰ ਵਿਖੇ ਅਜੀਤ ਨਗਰ ਵੈਲਫ਼ੇਅਰ ਸੋਸਾਇਟੀ ਦੇ ਪ੍ਰਧਾਨ ਸ਼੍ਰੀ ਵਿਜੈ ਕੁਮਾਰ ਦੀ ਅਗਵਾਈ ਹੇਠ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਵਲੋਂ ਧਾਰਮਿਕ ਤੀਰਥ ਸਥਾਨਾਂ ਦੇ ਦਰਸ਼ਨਾਂ ਦੇ ਸ਼ਰਧਾਲੂਆਂ ਲਈ ਵਿਸ਼ੇਸ਼ ਤੌਰ ਤੇ ਐਮ ਐਲ ਏ ਘਨੌਰ ਸ. ਗੁਰਲਾਲ ਸਿੰਘ ਵਲੋਂ ਸ਼ਿਰਕਤ ਕੀਤੀ।ਇਸ ਮੌਕੇ ਤੇ ਅਜੀਤ ਨਗਰ, ਗੁਲਮੋਹਰ ਕਲੋਨੀ ਅਤੇ ਪਿੰਡ ਖੜੋਲੀ ਦੇ ਨੇੜੇ ਵਸਨੀਕਾਂ ਵਲੋਂ ਐਮ ਐਲ ਏ ਗੁਰਲਾਲ ਸਿੰਘ ਅਤੇ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਸ਼ਰਧਾਲੂਆਂ ਨੂੰ ਫੁੱਲਾਂ ਦੇ ਹਾਰ ਅਤੇ ਸਰੋਪੇ ਪਾ ਕੇ ਸਨਮਾਨਿਤ ਕੀਤਾ



ਗਿਆ ਅਤੇ ਹਰੀ ਝੰਡੀ ਦੇ ਕੇ ਬੱਸ ਦੀ ਰਵਾਨਗੀ ਕੀਤੀ ਗਈ। ਇਸ ਤੋਂ ਇਲਾਵਾ ਅਜੀਤ ਨਗਰ ਵੈਲਫ਼ੇਅਰ ਸੋਸਾਇਟੀ ਰਜਿ ਦੇ ਪ੍ਰਧਾਨ ਸ਼੍ਰੀ ਵਿਜੈ ਕੁਮਾਰ ਜੀ ਦੇ ਦਫਤਰ ਵਿਖੇ ਇਕੱਠ ਕਰਕੇ ਕਲੋਨੀ ਵਾਸੀਆਂ ਨੂੰ ਆ ਰਹੀਆਂ ਬੁਨਿਆਦੀ ਸਹੂਲਤਾਂ ਦੇ ਲਈ ਚਰਚਾ ਕੀਤੀ ਅਤੇ ਐਮ ਐਲ ਏ ਗੁਰਲਾਲ ਸਿੰਘ ਘਨੌਰ ਨੂੰ ਬੁਨਿਆਦੀ ਸਹੂਲਤਾਂ ਦੀ ਮੰਗਾ ਨੂੰ ਪੂਰਾ ਕਰਾਉਣ ਦੇ ਲਈ ਮੰਗ ਪੱਤਰ ਸੌਂਪੀਆਂ ਗਿਆ ਅਤੇ ਓਹਨਾ ਵਲੋਂ ਇਹ ਸਾਰੀਆਂ ਜਾਇਜ਼ ਮੰਗਾ ਨੂੰ ਪੂਰਾ ਕਰਾਉਣ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਗੁਰਵਿੰਦਰ ਸਿੰਘ ਵੜੈਚ, ਨੈਬ ਸਿੰਘ, ਨੇਤਰ ਸਿੰਘ, ਹਰਸਾ ਸਿੰਘ, ਬੰਤ ਸਿੰਘ, ਮੈਡਮ ਜਸਵਿੰਦਰ ਕੌਰ ਸੋਸ਼ਲ ਵਰਕਰ, ਰਣਜੀਤ ਕੌਰ, ਪੂਨਮ,, ਨਰੇਸ਼ ਕੁਮਾਰਸੁਰਜੀਤ ਸਿੰਘ, ਮਲਕੀਤ ਸਿੰਘ ਆਦਿ ਸੈਂਕੜਿਆ ਦੀ ਗਿਣਤੀ ਵਿਚ ਕਲੋਨੀ ਨਿਵਾਸੀ ਮੌਜੂਦ ਸਨ।

## ਰਾਮ ਚੰਦਰ ਜੈਨ ਦੇ ਦੇਹਾਂਤ 'ਤੇ ਮਹਾਰਾਣੀ ਪ੍ਰਨੀਤ ਕੌਰ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਸਮਾਣਾ, 4 ਅਪ੍ਰੈਲ(ਜਵੰਦਾ) : ਸਮਾਣਾ ਤੋਂ ਸਵ ਰਾਮ ਚੰਦਰ ਜੈਨ ਜੀ ਦੇ ਦੇਹਾਂਤ ਨਾਲ ਪੂਰੇ ਇਲਾਕੇ ਵਿੱਚ ਸ਼ੋਕ ਦੀ ਲਹਿਰ ਹੈ। ਉਨ੍ਹਾਂ ਦੇ ਅਚਾਨਕ ਵਿਛੋੜੇ ਦਾ ਪਰਿਵਾਰ ਹੀ ਨਹੀਂ, ਬਲਕਿ ਸਮਾਜ ਦੇ ਹਰ ਵਰਗ ਨੂੰ ਦੁੱਖ ਹੈ। ਇਸ ਦੁੱਖ ਦੀ ਘੜੀ ਵਿੱਚ ਸਾਬਕਾ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਵੱਲੋਂ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਸ੍ਰੀ ਰਾਮ ਚੰਦਰ ਜੈਨ ਇੱਕ ਨਿਮਰ ਸੁਭਾਅ ਅਤੇ ਸੇਵਾ ਭਾਵਨਾ ਵਾਲੇ ਵਿਅਕਤੀ ਸਨ, ਜਿਨ੍ਹਾਂ ਨੇ ਹਮੇਸ਼ਾਂ



ਸਮਾਜਿਕ ਕਾਰਜਾਂ ਵਿੱਚ ਅੱਗੇ ਰਹਿ ਕੇ ਆਪਣਾ ਯੋਗਦਾਨ ਦਿੱਤਾ। ਉਨ੍ਹਾਂ ਦੀ ਕਮੀ ਕਦੇ ਪੂਰੀ ਨਹੀਂ ਹੋ ਸਕਦੀ। ਮਹਾਰਾਣੀ ਪ੍ਰਨੀਤ ਕੌਰ ਵਿਅਕਤੀਗਤ ਤੌਰ 'ਤੇ ਮ੍ਰਿਤਕ ਦੇ ਘਰ ਪਹੁੰਚੇ ਅਤੇ ਉਨ੍ਹਾਂ ਦੇ ਸਪੁੱਤਰਾਂ ਸਚਿਨ ਜੈਨ, ਸੰਦੀਪ ਜੈਨ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਦੁੱਖ ਸਾਂਝਾ ਕੀਤਾ। ਇਸ ਮੌਕੇ ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਵਿਨੋਦ ਸਿੰਗਲਾ, ਜਤਿੰਦਰ ਸ਼ਰਮਾ, ਬਿੱਟੂ ਧੀਮਾਨ ਅਤੇ ਲਲਿਤ ਭੱਲਾ ਸਮੇਤ ਕਈ ਸੱਜਣ ਮੌਜੂਦ ਰਹੇ।

## ਮਾਤਾ ਗੁਜਰੀ ਸਕੂਲ ਵਿਖੇ ਯੂ.ਕੇ.ਜੀ. ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਨਤੀਜੇ ਸਬੰਧੀ ਕਨਵੋਕੇਸ਼ਨ ਸਮਾਰੋਹ

ਦੇਵੀਗੜ੍ਹ, 4 ਅਪ੍ਰੈਲ (ਗੁਰਜੀਤ ਸਿੰਘ ਢੋਟ) : ਅੱਜ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀਗੜ੍ਹ ਵਿੱਚ ਯੂ.ਕੇ.ਜੀ. ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਲਾਨਾ ਨਤੀਜੇ ਸਬੰਧੀ ਕਨਵੋਕੇਸ਼ਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਨੰਨੇ-ਮੁੰਨੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸਮਾਰੋਹ ਦੀ ਸ਼ੁਰੂਆਤ ਗਣੇਸ਼ ਵੰਦਨਾ ਨਾਲ ਕੀਤੀ ਗਈ। ਇਸ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਪੂਨਮ ਧੀਮਾਨ ਨੇ ਹਾਜ਼ਰ ਮਾਤਾ-ਪਿਤਾ ਅਤੇ ਮਹਿਮਾਨਾਂ ਦਾ ਜੀ ਆਇਆਂ ਆਖ ਕੇ ਸਵਾਗਤ ਕੀਤਾ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਸਟੇਜ 'ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ




ਗਏ, ਜਿਨ੍ਹਾਂ ਵਿੱਚ ਲੋਕ ਗੀਤ ਅਤੇ ਡਾਂਸ ਸ਼ਾਮਲ ਸਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਸ੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਪੂਨਮ ਧੀਮਾਨ ਅਤੇ ਅਕਾਦਮਿਕ ਡਾਇਰੈਕਟਰ ਸ੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਮਾਤਾ-ਪਿਤਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਆਪਣੇ ਬੱਚਿਆਂ ਨਾਲ ਨਜ਼ਦੀਕੀ ਬਣਾਈ ਰੱਖਣ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਹੀ ਅਗਵਾਈ ਕਰਨ। ਵਿਦਿਆਰਥੀਆਂ ਦੇ ਮਾਤਾ-ਪਿਤਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਕੇ ਖੁਸ਼ੀ ਦਾ ਇਜ਼ਹਾਰ ਕੀਤਾ। ਅੰਤ ਵਿੱਚ ਮਾਤਾ-ਪਿਤਾ ਦਾ ਧੰਨਵਾਦ ਕਰਦੇ ਹੋਏ ਬੱਚਿਆਂ ਨੂੰ ਉਨ੍ਹਾਂ ਦੇ ਸਿੱਖਿਆ ਦੇ ਖੇਤਰ ਵਿੱਚ ਨਵੇਂ ਕਦਮ ਲਈ ਵਧਾਈ ਦਿੱਤੀ ਗਈ। ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗਾਣ ਨਾਲ ਕੀਤੀ ਗਈ।